# PUNJAB VIDHAN SABHA

## DEBATES

*Monday, the 29th September, 2025*

## SIXTEENTH VIDHAN SABHA

**NINTH SESSION**

**(Sitting No.7)**

## OFFICIAL REPORT




**PUNJAB VIDHAN SABHA SECRETARIAT**
**CHANDIGARH -160001**

Price : Rs…………

## ਪੰਜਾਬ ਵਿਧਾਨ ਸਭਾ

ਸਰਦਾਰ ਕੁਲਤਾਰ ਸਿੰਘ ਸੰਧਵਾਂ, ਮਾਣਯੋਗ ਸਪੀਕਰ

ਸਰਦਾਰ ਜੈ ਕ੍ਰਿਸ਼ਨ ਸਿੰਘ, ਮਾਣਯੋਗ ਡਿਪਟੀ ਸਪੀਕਰ

ਸ੍ਰੀ ਰਾਮ ਲੋਕ ਖਟਾਣਾ, ਸਕੱਤਰ

## PUNJAB VIDHAN SABHA

Sardar Kultar Singh Sandhwan, Hon'ble Speaker

Sardar Jai Krishan Singh, Hon'ble Deputy Speaker

Shri Ram Lok Khatana, Secretary

## ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ: | ਨਾਮ | Department | ਵਿਭਾਗ |
|---|---|---|---|
| 1. | ਸ਼੍ਰੀ ਭਗਵੰਤ ਮਾਨ, ਮੁੱਖ ਮੰਤਰੀ<br>Shri Bhagwant Mann, Chief Minister | General Administration,<br>Home Affairs & Justice,<br>Personnel,<br>Vigilance,<br>Co-operation,<br>Legal & Legislative Affairs,<br>Civil Aviation,<br>Science, Technology & Environment, Sports & Youth Services | ਆਮ ਪ੍ਰਸ਼ਾਸਨ,<br>ਗ੍ਰਹਿ ਮਾਮਲੇ ਅਤੇ ਨਿਆਂ,<br>ਪ੍ਰਸੋਨਲ,<br>ਚੌਕਸੀ,<br>ਸਹਿਕਾਰਤਾ,<br>ਕਾਨੂੰਨੀ ਤੇ ਵਿਧਾਨਕ ਮਾਮਲੇ,<br>ਸ਼ਹਿਰੀ ਹਵਾਬਾਜ਼ੀ,<br>ਸਾਇੰਸ, ਤਕਨਾਲੋਜੀ ਤੇ ਵਾਤਾਵਰਨ<br>ਖੇਡਾਂ ਤੇ ਯੁਵਕ ਸੇਵਾਵਾਂ |
| 2. | ਸਰਦਾਰ ਹਰਪਾਲ ਸਿੰਘ ਚੀਮਾ<br>Sardar Harpal Singh Cheema | Finance, Planning<br>Programme Implementation<br>Excise & Taxation Minister | ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ,<br>ਆਬਕਾਰੀ ਤੇ ਕਰ ਮੰਤਰੀ |
| 3. | ਸ਼੍ਰੀ ਅਮਨ ਅਰੋੜਾ<br>Shri Aman Arora | New & Renewable Energy Resources, Printing & Stationery, Good Governance and Information Technology, Removal of Grievances & Employment Generation and Training Minister | ਨਵ ਤੇ ਨਵਿਆਉਣਯੋਗ ਊਰਜਾ ਸਰੋਤ, ਛਪਾਈ ਤੇ ਲਿਖਣ ਸਮੱਗਰੀ, ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ, ਸ਼ਿਕਾਇਤ ਨਿਵਾਰਣ ਅਤੇ ਰੋਜ਼ਗਾਰ ਉਤਪਤੀ ਤੇ ਟਰੇਨਿੰਗ ਮੰਤਰੀ |
| 4. | ਡਾਕਟਰ ਬਲਜੀਤ ਕੌਰ<br>Doctor Baljit Kaur | Social Justice, Empowerment & Minorities, Social Security, Women & Child Development Minister | ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ |
| 5. | ਸ਼੍ਰੀ ਸੰਜੀਵ ਅਰੋੜਾ<br>Shri Sanjeev Arora | Industry and Commerce, Investment Promotion, NRI Affairs, Power Minister | ਉਦਯੋਗ ਤੇ ਵਣਜ, ਨਿਵੇਸ਼ ਪ੍ਰੋਤਸਾਹਨ, ਪ੍ਰਵਾਸੀ ਭਾਰਤੀ ਮਾਮਲੇ, ਊਰਜਾ ਮੰਤਰੀ |
| 6. | ਡਾਕਟਰ ਬਲਬੀਰ ਸਿੰਘ<br>Doctor Balbir Singh | Health & Family Welfare, Medical Education & Research and Elections Minister | ਸਿਹਤ ਅਤੇ ਪਰਿਵਾਰ ਭਲਾਈ, ਡਾਕਟਰੀ ਸਿੱਖਿਆ ਤੇ ਖੋਜ ਅਤੇ ਚੋਣਾਂ ਮੰਤਰੀ |
| 7. | ਸ਼੍ਰੀ ਲਾਲ ਚੰਦ<br>Shri Lal Chand | Food, Civil Supplies and Consumer Affairs, Forests, Wildlife preservation Minister | ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਜੰਗਲਾਤ, ਜੰਗਲੀ ਜੀਵ ਸੁਰੱਖਿਆ ਮੰਤਰੀ |
| 8. | ਸਰਦਾਰ ਲਾਲਜੀਤ ਸਿੰਘ ਭੁੱਲਰ<br>Sardar Laljit Singh Bhullar | Transport, Jails Minister | ਟਰਾਂਸਪੋਰਟ, ਜੇਲ੍ਹਾਂ ਮੰਤਰੀ |

| | | | |
|---|---|---|---|
| 9. | ਸਰਦਾਰ ਹਰਜੋਤ ਸਿੰਘ ਬੈਂਸ<br>Sardar Harjot Singh Bains | Technical Education & Industrial Training,<br>Higher Education, School Education, Information & Public Relations Minister | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ, ਸਕੂਲ ਸਿੱਖਿਆ, ਸੂਚਨਾ ਅਤੇ ਲੋਕ ਸੰਪਰਕ ਮੰਤਰੀ |
| 10. | ਸਰਦਾਰ ਹਰਭਜਨ ਸਿੰਘ<br>Sardar Harbhajan Singh | Public Works (B&R) Minister | ਲੋਕ ਨਿਰਮਾਣ (ਭ ਤੇ ਮ) ਮੰਤਰੀ |
| 11. | ਸਰਦਾਰ ਗੁਰਮੀਤ ਸਿੰਘ ਖੁੱਡੀਆਂ<br>Sardar Gurmeet Singh Khudian | Agriculture & Farmers Welfare, Animal Husbandry, Fisheries and Dairy Development, Food Processing Minister | ਖੇਤੀਬਾੜੀ ਅਤੇ ਕਿਸਾਨ ਭਲਾਈ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ, ਫੂਡ ਪ੍ਰਾਸੈਸਿੰਗ ਮੰਤਰੀ |
| 12. | ਡਾਕਟਰ ਰਵਜੋਤ ਸਿੰਘ<br>Doctor Ravjot Singh | Local Government, Parliamentary Affairs Minister | ਸਥਾਨਕ ਸਰਕਾਰ, ਸੰਸਦੀ ਮਾਮਲੇ ਮੰਤਰੀ |
| 13. | ਸ਼੍ਰੀ ਬਰਿੰਦਰ ਕੁਮਾਰ ਗੋਇਲ<br>Shri Barinder Kumar Goyal | Mines & Geology, Water Resources, Conservation of Land & Water Minister | ਖਣਨ ਤੇ ਭੂ ਵਿਗਿਆਨ, ਜਲ ਸਰੋਤ, ਭੂਮੀ ਤੇ ਜਲ ਸੰਭਾਲ ਮੰਤਰੀ |
| 14. | ਸਰਦਾਰ ਹਰਦੀਪ ਸਿੰਘ ਮੁੰਡੀਆਂ<br>Sardar Hardeep Singh Mundian | Revenue, Rehabilitation and Disaster Management, Water Supply & Sanitation, Housing and Urban Development Minister | ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸ਼ਨ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ |
| 15. | ਸਰਦਾਰ ਤਰੁਨਪ੍ਰੀਤ ਸਿੰਘ ਸੌਂਦ<br>Sardar Tarunpreet Singh Sond | Tourism & Cultural Affairs, Labour & Hospitality, Rural Development & Panchayats Minister | ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਾਚਾਰੀ, ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ |
| 16. | ਸ਼੍ਰੀ ਮੋਹਿੰਦਰ ਭਗਤ<br>Shri Mohinder Bhagat | Defence Services Welfare, Freedom Fighters' Welfare, Horticulture Minister | ਰੱਖਿਆ ਸੇਵਾਵਾਂ ਭਲਾਈ, ਸੁਤੰਤਰਤਾ ਸੈਨਾਨੀਆਂ ਦੀ ਭਲਾਈ, ਬਾਗਬਾਨੀ ਮੰਤਰੀ |

## CONTENTS


| Sr. No. | SUBJECT | Page No. |
|---|---|---|
| 1 | Paper Laid on the Table of the House | 1 |
| 2 | Motion under rule 16 | 1 |
| 3 | Resumption of Discussion on Resolution on Rehabilitation of Punjab, Condemning Union Government's Failure to Provide Commensurate Flood Relief Package and Demanding Immediate Rs. 1,600 Crore Release Plus Enhanced Package of Rs. 20,000 Crore | 2 |
| 4 | Welcome Announcement by the Hon'ble Speaker | 13 |
| 5 | Resumption of Discussion on Resolution on Rehabilitation of Punjab, Condemning Union Government's Failure to Provide Commensurate Flood Relief Package and Demanding Immediate Rs. 1,600 Crore Release Plus Enhanced Package of Rs. 20,000 Crore (*Resumption*) | 13 |
| 6 | Short adjournment of the House | 21 |
| 7 | Observation by the Hon'ble Speaker | 22 |
| 8 | Resumption of Discussion on Resolution on Rehabilitation of Punjab, Condemning Union Government's Failure to Provide Commensurate Flood Relief Package and Demanding Immediate Rs. 1,600 Crore Release Plus Enhanced Package of Rs. 20,000 Crore (*Resumption*) | 22 |
| 9 | Observation by the Hon'ble Speaker | 39 |
| 10 | Resumption of Discussion on Resolution on Rehabilitation of Punjab, Condemning Union Government's Failure to Provide Commensurate Flood Relief Package and Demanding Immediate Rs. 1,600 Crore Release Plus Enhanced Package of Rs. 20,000 Crore (*Resumption*) | 40 |
| 11 | Welcome announcement by the Hon'ble Speaker | 42 |
| 12 | Resumption of Discussion on Resolution on Rehabilitation of Punjab, Condemning Union Government's Failure to Provide Commensurate Flood Relief Package and Demanding Immediate Rs. 1,600 Crore Release Plus Enhanced Package of Rs. 20,000 Crore (*Resumption*) | 42 |
| 13 | Welcome announcement by the Hon'ble Speaker | 59 |
| 14 | Resumption of Discussion on Resolution on Rehabilitation of Punjab, Condemning Union Government's Failure to Provide | 59 |

| | | |
|---|---|---|
| | Commensurate Flood Relief Package and Demanding Immediate Rs. 1,600 Crore Release Plus Enhanced Package of Rs. 20,000 Crore (*Resumption*) | |
| 15 | Voting on Resolution on Rehabilitation of Punjab, Condemning Union Government's Failure to Provide Commensurate Flood Relief Package and Demanding Immediate Rs. 1,600 Crore Release Plus Enhanced Package of Rs. 20,000 Crore | 66 |
| 16 | Legislative Business<br>1. The Seeds (Punjab Amendment) Bill, 2025 | 68 |
| 17 | Observation by the Hon'ble Speaker | 71 |
| 18 | The Seeds (Punjab Amendment) Bill, 2025 (*Resumption*) | 71 |
| 18A | **Announcement by Local Govt. Minister reg. accepting demand of Unions for filling up posts of Sweeper and Sewermen at Local Committee level.** | 78 |
| 18B | Legislative Business<br>2. The Punjab Right to Business (Amendment) Bill, 2025 | 78 |
| 19 | Observation by the Hon'ble Speaker | 83 |
| 20 | 3. The Punjab Goods and Services Tax (Amendment) Bill, 2025 | 84 |
| 21 | Observation by the Hon'ble Speaker | 84 |
| 22 | The Punjab Goods and Services Tax (Amendment) Bill, 2025 (*Resumption*) | 85 |
| 23 | Extension of time of the Sitting of the House | 89 |
| 24 | 4. The Punjab Apartment and Property Regulation (Amendment) Bill, 2025<br>5. The Punjab Cooperative Societies (Amendment) Bill, 2025<br>6. The Punjab Town Improvement (Amendment) Bill, 2025 | 90<br>95<br>97 |
| 25 | Annexure-I (Bulletin No. 7) | 104 |

## PUNJAB VIDHAN SABHA

*Monday, the 29th September, 2025*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 11.00 A.M. Mr. Speaker (Sardar Kultar Singh Sandhwan) in the Chair.*

---

## PAPER LAID ON THE TABLE OF THE HOUSE

**ਮਾਣਯੋਗ ਸਪੀਕਰ:** ਸਦਨ ਦੀ ਮੇਜ਼ ਤੇ ਰੱਖਿਆ ਜਾਣ ਵਾਲਾ ਕਾਗਜ਼-ਪੱਤਰ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ) :** ਸ਼੍ਰੀਮਾਨ ਜੀ**,** ਮੈਂ ਅੱਜ ਦੀ ਕਾਰਜ**-**ਸੂਚੀ ਦੇ ਲੜੀ ਨੰ**:** 1 ਅਧੀਨ ਦਰਸਾਇਆ ਗਿਆ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ:-

ਵਿੱਤੀ ਸਾਲ 2022-23 (1.4.2022 ਤੋਂ 31.3.2023) ਦੀ ਤੁਲਨਾ ਵਿੱਚ ਵਿੱਤੀ ਸਾਲ 2023-24 (1.4.2023 ਤੋਂ 31.3.2024) ਲਈ ਰਾਜ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਖਰਚੇ ਵਿੱਚ ਰੁਝਾਨਾਂ ਦੀ ਵਿਆਖਿਆ, ਜਿਵੇਂ ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟ, 2003 ਦੀ ਧਾਰਾ 6 (1) ਅਧੀਨ ਲੋੜੀਂਦਾ ਹੈ।

---

## MOTION UNDER RULE 16

**ਮਾਣਯੋਗ ਸਪੀਕਰ :** ਨਿਯਮ 16 ਅਧੀਨ ਪ੍ਰਸਤਾਵ। ਹੁਣ ਸੰਸਦੀ ਮਾਮਲੇ ਮੰਤਰੀ ਪ੍ਰਸਤਾਵ ਪੇਸ਼ ਕਰਨਗੇ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ। (ਵਿਘਨ)

**ਮਾਣਯੋਗ ਸਪੀਕਰ :** ਹਾਂ ਜੀ, ਬਾਜਵਾ ਸਾਹਿਬ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ) :** ਆਨਰੇਬਲ ਸਪੀਕਰ ਸਾਹਿਬ, ਮੈਂ ਇੱਕ ਰਿਕੁਐਸਟ ਕਰਨੀ ਹੈ। ਮੈਂ ਵਿਧਾਨ ਸਭਾ ਦਾ ਰੂਲ 14(A) quote ਕਰਨਾ ਚਾਹੁੰਦਾ ਹਾਂ। ਇਸ ਵਿੱਚ ਲਿਖਿਆ ਹੈ:-

> 14 A. Subject to provisions contained in Article 174 of the Constitution of India, there shall be three Sessions in a financial year, namely; Budget Session, Summer/Monsoon and Winter Session of the Assembly and the total of Sittings in all the Sessions put together shall not be less than 40.

ਬੇਨਤੀ ਇਸ ਤਰ੍ਹਾਂ ਹੈ ਕਿ ਅਸੀਂ ਰੈਗੂਲਰਲੀ ਸਪੈਸ਼ਲ ਸੈਸ਼ਨ ਦਾ ਨਾਂ ਦਿੰਦੇ ਹਾਂ। ਇਹ ਪੰਜਵਾਂ-ਛੇਵਾਂ ਸੈਸ਼ਨ ਹੈ। ਸਪੀਕਰ ਸਾਹਿਬ, ਐਮ.ਐਲ.ਏਜ਼. ਦੇ ਕਈ inherent ਰਾਈਟਸ ਹਨ, ਜਿਸ ਰਾਹੀਂ ਉਹ ਆਪਣੇ ਏਰੀਏ ਦੀ ਗੱਲ ਕਰ ਸਕਦੇ ਹਨ। ਸਭ ਤੋਂ ਪਹਿਲੀ ਕੈਜ਼ੂਐਲਿਟੀ ਤਾਂ ਕੁਐਸਚਨ ਆਵਰ ਹੈ, you need at least 15 days for this. ਨੰਬਰ ਦੋ, ਜ਼ੀਰੋ ਆਵਰ, ਹਰ ਏਰੀਏ ਵਿੱਚ ਐਸੀ ਕੋਈ ਨਾ ਕੋਈ ਇੰਪਾਰਟੈਂਟ ਚੀਜ਼ ਹੋਈ ਹੈ ਅਤੇ ਹਰ ਐਮ.ਐਲ.ਏ. ਆਪਣੀ ਅਤੇ ਆਪਣੇ ਏਰੀਏ ਦੀ ਗੱਲ ਰੱਖਣਾ ਚਾਹੁੰਦਾ ਹੈ। ਨੰਬਰ ਤਿੰਨ, ਕਾਲ ਅਟੈਂਸ਼ਨਾਂ ਜੋ ਕਿ ਪਬਲਿਕ ਇਸ਼ੂਜ਼ ਨਾਲ ਰਿਲੇਟਿਡ ਹੁੰਦੀਆਂ ਹਨ। ਅਨਫਾਰਚੂਨੇਟਲੀ ਕੀ ਦੇਖਿਆ ਗਿਆ ਹੈ ਕਿ ਹਾਊਸ ਨੂੰ ਆਪਾਂ prorogue ਨਹੀਂ ਕਰਦੇ, sine die ਕਰਦੇ ਹਾਂ। ਇਹ ਸਾਰੀ ਦੀ ਸਾਰੀ ਪਾਵਰ ਆਪਾਂ ਐਗਜ਼ੈਕਟਿਵ ਨੂੰ, ਬਾਬੂਆਂ ਨੂੰ ਹੈਂਡ-ਓਵਰ ਕਰ ਰਹੇ ਹਾਂ। ਜਿਹੜੀ ਲੈਜਿਸਲੇਚਰ ਦੀ ਪਾਵਰ, ਐਮ.ਐਲ.ਏਜ਼. ਦੀ ਪਾਵਰ, ਇਸ ਵਿਧਾਨ ਸਭਾ ਦੀ ਪਾਵਰ ਹੈ, ਉਹ ਸਾਰੀਆਂ ਪਾਵਰਜ਼ ਅਸੀਂ ਇਨ੍ਹਾਂ ਨੂੰ ਦੇ ਦਿੰਦੇ ਹਾਂ। ਸਪੈਸ਼ਲ ਸੈਸ਼ਨ ਇੱਕ ਜਾਂ ਦੋ ਦਿਨਾਂ ਦਾ ਹੁੰਦਾ ਹੈ। ਕੋਈ ਵੀ ਮੈਂਬਰ ਆਪਣੇ ਏਰੀਏ ਦੀ ਗੱਲ ਸਵਾਲਾਂ ਦੇ ਜ਼ਰੀਏ, ਜ਼ੀਰੋ ਆਵਰ ਦੇ ਜ਼ਰੀਏ, ਕਾਲ ਅਟੈਂਸ਼ਨ ਦੇ ਜ਼ਰੀਏ ਕਰ ਸਕਦਾ ਹੈ ਪਰ they are all missing. ਸੋ, ਮੇਰੀ ਗੁਜ਼ਾਰਿਸ਼ ਹੈ ਕਿ ਇਸ ਬਾਰੇ ਆਪਾਂ ਨੂੰ ਕੋਈ ਧਿਆਨ ਰੱਖਣਾ ਚਾਹੀਦਾ ਹੈ। ਮੇਰੀ ਤੁਹਾਨੂੰ ਇਹ ਬੇਨਤੀ ਹੋਵੇਗੀ ਕਿ ਹਾਊਸ ਨੂੰ ਪੱਕੇ ਤੌਰ ਤੇ prorogue ਕਰਕੇ ਅਗਲੀ ਵਾਰ ਜਦੋਂ ਵੀ ਸੈਸ਼ਨ ਆਉਣਾ ਹੈ, give us enough of time. Special Session is done once in five years, it is not done every three months. ਮੈਂ ਇੰਨੀ ਹੀ ਗੱਲ ਕਹਿਣੀ ਸੀ। ਥੈਂਕ ਯੂ।

**ਮਾਣਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

---

**RESUMPTION OF DISCUSSION ON RESOLUTION ON REHABILITATION OF PUNJAB, CONDEMNING UNION GOVERNMENT'S FAILURE TO PROVIDE COMMENSURATE FLOOD RELIEF PACKAGE AND DEMANDING IMMEDIATE Rs. 1600 CRORE RELEASE PLUS ENHANCED PACKAGE OF Rs. 20,000 CRORE**

**ਮਾਣਯੋਗ ਸਪੀਕਰ :** "ਪੰਜਾਬ ਦਾ ਪੁਨਰਵਾਸ"- ਸਰਕਾਰੀ ਮਤੇ ਤੇ ਬਹਿਸ ਮੁੜ ਆਰੰਭ ਕਰਨਾ ਅਤੇ ਵੋਟਿੰਗ।

ਇਸ ਤੋਂ ਪਹਿਲਾਂ ਮੈਂ ਅੱਜ ਦੀ ਬਹਿਸ ਲਈ ਸਮਾਂ ਦੱਸ ਦੇਵਾਂ। So, it's two hour discussion. ਮੈਂਬਰਾਂ ਦੀ ਅਨੁਪਾਤ ਦੇ ਹਿਸਾਬ ਨਾਲ ਆਮ ਆਦਮੀ ਪਾਰਟੀ ਦੇ 93 ਮਾਣਯੋਗ ਮੈਂਬਰ ਹਨ ਅਤੇ ਇੱਕ ਘੰਟਾ 32 ਮਿੰਟ

ਟਾਈਮ allotted ਹੈ। ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ 16 ਮਾਣਯੋਗ ਮੈਂਬਰ ਹਨ ਅਤੇ 16 ਮਿੰਟ ਟਾਈਮ allotted ਹੈ। ਸ਼੍ਰੋਮਣੀ ਅਕਾਲੀ ਦਲ ਦੇ 3 ਮੈਂਬਰ ਹਨ ਅਤੇ 3 ਮਿੰਟ allotted ਹਨ। ਭਾਰਤੀ ਜਨਤਾ ਪਾਰਟੀ ਦੇ 2 ਮੈਂਬਰ ਹਨ ਅਤੇ 2 ਮਿੰਟ allotted ਹਨ। ਬਹੁਜਨ ਸਮਾਜ ਪਾਰਟੀ ਦੇ ਇੱਕ ਮੈਂਬਰ ਦੇ 2 ਮਿੰਟ allotted ਹਨ। Independent ਇੱਕ ਮੈਂਬਰ ਹੈ ਉਨ੍ਹਾਂ ਨੂੰ 2 ਮਿੰਟ allotted ਹਨ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਸੰਦੀਪ ਜਾਖੜ ਆਪਣੀ ਸੀਟ ਤੇ ਬੈਠੇ ਬੈਠੇ ਬਹਿਸ ਲਈ ਬੋਲਣ ਵਾਸਤੇ ਆਪਣੇ ਲਈ ਵੀ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਮੇਰੀ ਲਿਸਟ ਵਿੱਚ ਤਾਂ ਅਜੇ ਤੱਕ ਤੁਸੀਂ ਇੱਧਰ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵਿੱਚ) ਹੀ ਹੋ। ਹਾਂ ਜੀ, ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਮੇਰੀ ਇੱਕ ਗੁਜਾਰਿਸ਼ ਹੈ। ਜਿਸ ਤਰ੍ਹਾਂ ਮੈਂ ਪਹਿਲਾਂ ਸਪੈਸ਼ਲ ਸੈਸ਼ਨ ਦੀ ਗੱਲ ਕੀਤੀ ਹੈ, ਉਸੇ ਤਰ੍ਹਾਂ ਸਾਡੀਆਂ ਕਈ ਕਿਸਮ ਦੀਆਂ conventions ਆਲਰੇਡੀ ਹਨ and this is against the conventions, Sir ਜਦੋਂ ਵੀ ਕੋਈ ਮਨਿਸਟਰ ਰੈਜ਼ੋਲਿਊਸ਼ਨ ਮੂਵ ਕਰਦਾ ਹੈ, ਲੀਡਰ ਆਫ ਦਿ ਹਾਊਸ ਆਪਣੀ ਸਟੇਟਮੈਂਟ ਦੇ ਕੇ ਉਸ ਗੱਲ ਨੂੰ ਖਤਮ ਕਰਦਾ ਹੈ। ਹੁਣ ਇਸ ਮਤੇ ਉਤੇ ਇੱਥੇ ਲੀਡਰ ਆਫ ਦਿ ਹਾਊਸ ਬੋਲ ਚੁੱਕੇ ਹਨ। I have seen ਤੁਸੀਂ ਵੀ ਉੱਥੇ ਹਿੱਸਾ ਰਹੇ ਹੋ, ਅਸੀਂ ਵੀ ਰਹੇ ਹਾਂ, ਜਦੋਂ ਮਨਿਸਟਰ ਕੋਈ ਰੈਜ਼ੋਲਿਊਸ਼ਨ ਲੈ ਕੇ ਆਉਂਦਾ ਹੈ ਤਾਂ ਹਮੇਸ਼ਾ ਹਾਊਸ ਦਾ ਲੀਡਰ, ਪ੍ਰਾਈਮ ਮਨਿਸਟਰ ਆਪਣੀ ਅਖੀਰਲੀ ਸਪੀਚ ਕਰਦੇ ਹਨ, ਉਸ ਤੋਂ ਬਾਅਦ ਇਹ ਕੰਮ ਮੁਕੰਮਲ ਹੁੰਦਾ ਹੈ। This is something again completely against the conventions. ਕਿਰਪਾ ਕਰਕੇ ਇਨ੍ਹਾਂ conventions ਦਾ ਖਿਆਲ ਰੱਖੋ, ਵੈਸੇ ਤੁਸੀਂ ਬਹਿਸ ਕਰਵਾਓ ਬਹੁਤ ਅੱਛੀ ਗੱਲ ਹੈ, discussion ਕਰਨੀ ਚਾਹੀਦੀ ਹੈ।

**ਮਾਣਯੋਗ ਸਪੀਕਰ:** ਹਾਂ ਜੀ, discussion ਕਰ ਲਈਏ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਇਸ ਵਿੱਚ ਵੀ ਕੁਝ ਮੁੱਦੇ ਹਨ ਜਿਵੇਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ compensation ਦੀ ਗੱਲ ਹੈ, ਉਸ ਬਾਰੇ ਵੀ ਕਿਰਪਾ ਕਰਕੇ ਸਾਨੂੰ ਕੋਈ ਜਾਣਕਾਰੀ ਦੇਵੋ ਕਿ ਇਹ ਮੁਆਵਜ਼ਾ ਕਦੋਂ ਦੇਵੋਗੇ, ਕਦੋਂ ਮਿਲੇਗਾ? ਜਿਹੜਾ ਤੁਸੀਂ ਪ੍ਰਾਮਿਸ ਕੀਤਾ ਹੈ, ਕੀ ਉਸ ਦੇ ਮੁਤਾਬਕ ਹੀ ਚੱਲ ਰਿਹਾ ਹੈ ਜਾਂ ਕੁਝ ਹੋਰ ਹੋ ਰਿਹਾ ਹੈ? Thank you.

**Mr. Speaker:** Thank You. ਤੁਹਾਡੀ ਇੱਛਾ ਪੂਰੀ ਕਰ ਦੇਵਾਂਗੇ ਜੀ। ਕਨਕਲੂਡ ਲੀਡਰ ਆਫ ਦਿ ਹਾਊਸ ਹੀ ਕਰਨਗੇ, ਉਨ੍ਹਾਂ ਦਾ ਮੈਸੇਜ ਆ ਗਿਆ ਹੈ। ਹਾਂ ਜੀ, ਸ੍ਰੀਮਾਨ ਅਮਨ ਅਰੋੜਾ ਜੀ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ):** ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਤੁਸੀਂ ਮੈਨੂੰ ਅੱਜ ਇੱਕ ਬਹੁਤ ਹੀ ਇੰਪਾਰਟੈਂਟ ਇਸ਼ੂ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਇਹ ਸਪੈਸ਼ਲ ਸੈਸ਼ਨ ਹੜ੍ਹਾਂ ਅਤੇ ਹੜ੍ਹਾਂ ਨਾਲ ਹੋਈ ਤ੍ਰਾਸਦੀ ਉਤੇ ਡਿਸਕਸ਼ਨ ਕਰਨ ਲਈ ਸੱਦਿਆ ਗਿਆ ਹੈ। ਮੈਂ, ਸ਼ੁੱਕਰਵਾਰ, 26 ਤਾਰੀਖ ਨੂੰ ਵੀ ਸਦਨ ਵਿੱਚ ਬਹਿਸ ਨੂੰ ਸੁਣ ਰਿਹਾ ਸੀ। ਸਰ, ਇਸ ਸੈਸ਼ਨ ਲਈ ਨਾ ਤਾਂ ਕੋਈ

ਆਪੋਜ਼ੀਸ਼ਨ ਦੀ ਡਿਮਾਂਡ ਸੀ ਅਤੇ ਨਾ ਹੀ ਕੋਈ ਸਰਕਾਰ ਦੀ, ਟਰੇਜ਼ਰੀ ਬੈਂਚਿਜ਼ ਦੀ ਲੋੜ ਸੀ ਕਿਉਂਕਿ ਨਾ ਤਾਂ ਅਸੀਂ ਇਲਜ਼ਾਮ-ਤਰਾਸ਼ੀਆਂ ਵਿੱਚ ਪੈਣਾ ਹੈ ਅਤੇ ਨਾ ਹੀ ਸਾਨੂੰ ਕਿਸੇ ਜਸਟੀਫਿਕੇਸ਼ਨ ਦੀ ਲੋੜ ਹੈ ਜਾਂ ਕਿਸੇ ਤੋਂ ਸਰਟੀਫਿਕੇਟ ਲੈਣ ਦੀ ਲੋੜ ਹੈ। ਪਿਛਲੇ ਇੱਕ ਮਹੀਨੇ ਵਿੱਚ ਪੰਜਾਬ ਦੇ ਲੋਕਾਂ ਨੇ, ਸਰਕਾਰ ਨੇ, ਸਰਕਾਰ ਦੇ ਅਫਸਰਾਂ ਨੇ, ਪੁਲੀਟੀਕਲ ਲੋਕਾਂ ਨੇ, ਆਮ ਆਦਮੀ ਪਾਰਟੀ ਦੇ ਸਾਥੀਆਂ ਨੇ ਔਰ ਹਰ ਜਥੇਬੰਦੀ ਨੇ ਜਿਸ ਤਰੀਕੇ ਨਾਲ ਕੰਮ ਕੀਤਾ ਹੈ, ਉਸ ਦਾ ਸਰਟੀਫਿਕੇਟ ਤਾਂ ਪੰਜਾਬ ਸਾਨੂੰ ਦੇ ਚੁੱਕਾ ਹੈ ਪਰ ਫਿਰ ਵੀ ਇੱਕ ਪਾਜ਼ੀਟਿਵ ਨੋਟ ਤੇ ਪੰਜਾਬ ਦੀ rehabilitation ਲਈ ਅਤੇ ਅੱਗੇ ਤੋਂ ਪੰਜਾਬ ਵਿੱਚ ਇਹੋ ਜਿਹੀ ਤ੍ਰਾਸਦੀ ਨਾ ਹੋਵੇ, ਉਸ ਲਈ ਇਹ ਸੈਸ਼ਨ ਸੱਦਿਆ ਗਿਆ ਹੈ। ਸਰ, ਗੱਲ ਇਹ ਹੈ ਕਿ ਹੜ੍ਹ ਪਹਿਲੀ ਵਾਰ ਨਹੀਂ ਆਏ ਹਨ ਅਤੇ ਪਰਮਾਤਮਾ ਨਾ ਕਰੇ ਕਿ ਅੱਗੇ ਨੂੰ ਕਦੇ ਹੜ੍ਹ ਆਉਣ ਪਰ ਇਹ ਕੁਦਰਤ ਹੈ। ਮੈਂ ਸਮਝਦਾ ਹਾਂ ਕਿ ਅੱਗੇ ਵਾਸਤੇ ਇਹ ਡਿਸਕਸ਼ਨ ਜ਼ਰੂਰੀ ਸੀ ਕਿ ਇਹੋ ਜਿਹੇ ਹਾਲਾਤ ਵਾਸਤੇ preparedness ਕੀ ਹੋਵੇ, ਤਿਆਰੀ ਕੀ ਹੋਵੇ ਪਰ ਗੱਲਾਂ ਕੁਝ ਹੋਰ ਪਾਸੇ ਚਲੀਆਂ ਜਾਂਦੀਆਂ ਹਨ। ਆਪੋਜ਼ੀਸ਼ਨ ਵਾਲੇ ਐਲੀਗੇਸ਼ਨਾਂ ਵਿੱਚ ਪੈ ਜਾਂਦੇ ਹਨ।

ਮੇਰੀ ਬੇਨਤੀ ਇਹ ਹੈ ਕਿ ਜਦੋਂ ਅਜੇ IMD ਦਾ ਕੋਈ forecast ਨਹੀਂ ਸੀ ਫਿਰ ਵੀ ਸਰਕਾਰ ਵੱਲੋਂ, ਜਿਵੇਂ ਉਸ ਦਿਨ ਸੀ.ਐਮ. ਸਾਹਿਬ ਨੇ ਵੀ ਦੱਸਿਆ, ਤਿਆਰੀ ਕੀਤੀ ਜਾ ਚੁੱਕੀ ਸੀ। ਹੁਣ ਤੱਕ ਜੇ ਆਪਾਂ ਰਿਕਾਰਡ ਦੇਖੀਏ ਤਾਂ ਕਾਂਗਰਸ ਦੇ ਜਿਹੜੇ ਪੰਜ ਸਾਲ ਸੀ, ਉਸ ਵਿੱਚ ਹਰ ਸਾਲ ਮਹਿਜ਼ 103 ਕਰੋੜ ਰੁਪਏ ਡਰੇਨਾਂ ਦੀ ਸਫਾਈ ਲਈ ਖਰਚੇ ਗਏ ਸਨ। ਆਪ ਸਰਕਾਰ ਦੇ, ਇਨ੍ਹਾਂ ਸਾਢੇ ਤਿੰਨ ਸਾਲਾਂ ਵਿੱਚ 227 ਕਰੋੜ ਰੁਪਏ ਖਰਚੇ ਗਏ ਯਾਨੀ ਕਿ almost double ਤੋਂ ਵੀ ਵੱਧ ਪੈਸੇ ਡਰੇਨਾਂ ਦੀ ਸਫਾਈ ਲਈ ਖਰਚੇ ਗਏ। ਸਰ, 1044 ਛੋਟੇ ਅਤੇ ਵੱਡੇ ਚੈੱਕ ਡੈਮ ਬਣਾਏ ਗਏ ਤਾਂ ਕਿ ਪਾਣੀ ਦੀ ਕੰਜ਼ਰਵੇਸ਼ਨ ਹੋ ਸਕੇ ਅਤੇ ਹੜ੍ਹਾਂ ਨੂੰ ਰੋਕਿਆ ਜਾ ਸਕੇ। ਉਸ ਤੋਂ ਪਹਿਲਾਂ ਚਾਹੇ ਅਕਾਲੀ ਦਲ-ਭਾਜਪਾ ਦੀ ਸਰਕਾਰ ਰਹੀ ਹੋਵੇ, ਚਾਹੇ ਕਾਂਗਰਸ ਦੀ ਸਰਕਾਰ ਰਹੀ ਹੋਵੇ, ਇਸ ਸਬੰਧੀ ਕੋਈ ਵੀ ਰਿਕਾਰਡ ਨਹੀਂ ਹੈ, ਮਤਲਬ ਕਿ ਕੋਈ ਵੀ ਚੈੱਕ ਡੈਮ ਨਹੀਂ ਬਣੇ। ਸਰ, ਇਸ ਤੋਂ ਇਲਾਵਾ ਮਹਿਕਮੇ ਨੇ 18 poclain machines ਖਰੀਦੀਆਂ ਹਨ, ਉਨ੍ਹਾਂ poclain machines ਨਾਲ ਹੀ ਵੱਡੇ ਪੱਧਰ ਤੇ ਡਰੇਨਾਂ ਦੀ ਸਫਾਈ ਹੋਈ। ਪਿਛਲੀਆਂ ਸਰਕਾਰਾਂ ਵੇਲੇ ਸਟਾਫ, ਡਰਾਈਵਰ ਬਹੁਤ ਪੁਰਾਣੇ ਬੈਠੇ ਸੀ ਪਰ ਕੰਮ ਠੇਕੇਦਾਰਾਂ ਤੋਂ ਕਰਵਾ ਲਿਆ ਜਾਂਦਾ ਸੀ। ਮੇਰੇ ਖਿਆਲ ਵਿੱਚ ਠੇਕੇਦਾਰਾਂ ਦਾ 1000 ਕਰੋੜ ਰੁਪਏ ਵਾਲਾ ਇਰੀਗੇਸ਼ਨ ਸਕੈਮ ਅਜੇ ਤੱਕ ਲੋਕਾਂ ਦੇ ਯਾਦ ਚੇਤੇ ਹੈ ਕਿ ਕਿਸ ਤਰੀਕੇ ਨਾਲ ਪੰਜਾਬ ਨੂੰ ਚੂਨਾ ਲਾਇਆ ਗਿਆ, ਜਿਸ ਬਾਰੇ ਉਸ ਦਿਨ ਮੰਤਰੀ ਜੀ, ਗੋਇਲ ਸਾਹਿਬ ਨੇ ਬੜੇ ਵਿਸਥਾਰ ਵਿੱਚ ਦੱਸਿਆ ਹੈ। ਸਰ, 5 ਸਾਲਾਂ ਵਿੱਚ ਕਾਂਗਰਸ ਵੱਲੋਂ 2066 ਕਿਲੋਮੀਟਰ ਅਤੇ AAP ਦੇ ਸਾਢੇ ਤਿੰਨ ਸਾਲਾਂ ਵਿੱਚ 3825 ਕਿਲੋਮੀਟਰ ਡਰੇਨਾਂ ਦੀ ਸਫਾਈ ਹੋ ਚੁੱਕੀ ਹੈ। ਇਹ ਫੈਕਟਸ ਹਨ। ਇਹੀ ਇਕ ਕਾਰਨ ਸੀ ਕਿ ਘੱਗਰ ਦਰਿਆ ਡੇਂਜਰ ਮਾਰਕ ਤੋਂ 3 ਫੁੱਟ ਉੱਪਰ ਚੱਲਣ ਦੇ ਬਾਵਜੂਦ ਵੀ ਲਗਾਤਾਰ 7-8 ਦਿਨ ਉਸ ਵਿੱਚੋਂ ਇੱਕ ਤੁਪਕਾ ਵੀ ਪਾਣੀ ਬਾਹਰ ਨਹੀਂ ਗਿਆ। ਇਹ preparedness ਦੀ ਗੱਲ ਹੈ, ਜਿਸ ਲਈ ਸਰਕਾਰ ਨੇ ਪਹਿਲਾਂ ਹੀ ਤਿਆਰੀ ਕਰ ਰੱਖੀ ਸੀ। ਇਸ ਤੋਂ ਇਲਾਵਾ ਅਸੀਂ ਇਹ ਮੰਨ ਕੇ ਚਲਦੇ ਹਾਂ ਕਿ ਇਕੱਲੀ ਸਰਕਾਰ ਦੀ ਜ਼ਿੰਮੇਵਾਰੀ ਵੀ ਨਹੀਂ ਹੁੰਦੀ। ਇਹ ਪੰਜਾਬ ਦੇ ਤਿੰਨ ਕਰੋੜ ਪੰਜਾਬੀਆਂ ਦੀ ਜ਼ਿੰਮੇਵਾਰੀ ਹੈ ਔਰ ਅਸੀਂ being in Government, ਸਾਡੀ ਆਮ ਆਦਮੀ ਪਾਰਟੀ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਬਣਦੀ ਸੀ। ਸਰ, ਜਿਹੜੇ ਫਲੱਡ ਹਨ, ਉਹ ਤਾਂ ਮਿਤੀ 23, 24, 25, 26 ਅਗਸਤ ਨੂੰ ਆਏ ਹਨ, ਉਸ ਤੋਂ ਪਹਿਲਾਂ ਹੀ ਤਿੰਨ ਜ਼ਿਲ੍ਹੇ ਕਪੂਰਥਲਾ, ਤਰਨਤਾਰਨ ਅਤੇ ਫਾਜ਼ਿਲਕਾ, ਜਿਹੜੇ ਥੋੜ੍ਹੇ ਜਿਹੇ ਪ੍ਰਭਾਵਿਤ ਹੋਏ ਸਨ, ਉਸੇ ਦਿਨ ਤੋਂ ਅਸੀਂ, ਸਾਡੀ ਪਾਰਟੀ ਨੇ ਉਸ ਦੀ ਤਿਆਰੀ ਸ਼ੁਰੂ ਕੀਤੀ। ਮੈਂ ਤੁਹਾਨੂੰ ਦਿਖਾ ਦਿੰਦਾ ਹਾਂ ਕਿ ਕਿਸ ਤਰੀਕੇ

ਨਾਲ 20 ਅਗਸਤ ਨੂੰ, ਯਾਨੀ ਕਿ ਅਜੇ ਹੜ੍ਹ ਆਏ ਨਹੀਂ ਸਨ, ਸਾਡਾ ਗਰੁੱਪ ਬਣ ਗਿਆ, ਜਿਸ ਵਿੱਚ ਦੋ ਦੋ ਮਨਿਸਟਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਸਨ, ਜਿਸ ਵਿੱਚ ਕਪੂਰਥਲੇ ਲਈ ਸ੍ਰੀ ਮੋਹਿੰਦਰ ਭਗਤ, ਸਰਦਾਰ ਹਰਦੀਪ ਸਿੰਘ ਮੁੰਡੀਆਂ, ਤਰਨਤਾਰਨ ਲਈ ਸ੍ਰੀ ਲਾਲਜੀਤ ਸਿੰਘ ਭੁੱਲਰ ਅਤੇ ਈ.ਟੀ.ਓ. ਸਾਹਿਬ, ਫਾਜ਼ਿਲਕਾ ਲਈ ਸ੍ਰੀਮਤੀ ਬਲਜੀਤ ਕੌਰ, ਸੌਂਦ ਸਾਹਿਬ ਦੀਆਂ ਡਿਊਟੀਆਂ ਸ਼ਾਮਲ ਸਨ। ਇਸ ਤੋਂ ਇਲਾਵਾ ਸਾਡੀ ਪੂਰੀ ਦੀ ਪੂਰੀ ਸਿਵਲ ਅਤੇ ਪੁਲਿਸ ਐਡਮਨਿਸਟ੍ਰੇਸ਼ਨ, ਸਾਡੇ ਪੂਰੇ ਦੇ ਪੂਰੇ ਵਰਕਰਜ਼, ਵਲੰਟੀਅਰਜ਼ ਆਨ ਗਰਾਊਂਡ ਸਨ। ਇਹੀ ਇੱਕ ਕਾਰਨ ਹੈ ਕਿ ਲੋਕਾਂ ਨੇ ਸਾਡੇ ਲੀਡਰ ਸਾਹਿਬਾਨਾਂ ਨਾਲ ਚਾਹੇ ਉਹ ਲਾਲਜੀਤ ਜੀ ਹੋਣ, ਕੁਲਦੀਪ ਧਾਲੀਵਾਲ ਜੀ ਹੋਣ ਔਰ ਚਾਹੇ ਗੋਲਡੀ ਜੀ ਹੋਣ ਜਾਂ ਫਿਰ ਸਾਡੇ ਸਾਰੇ ਮਨਿਸਟਰਜ਼, ਕਟਾਰੂਚੱਕ ਜੀ ਹੋਣ, ਇਨ੍ਹਾਂ ਹੜ੍ਹਾਂ ਦੌਰਾਨ ਪਿਆਰ ਦਿਖਾਇਆ ਹੈ। ਨਾਰਮਲੀ ਜਦੋਂ ਕੋਈ ਆਪਦਾ ਆਉਂਦੀ ਹੈ ਤਾਂ ਲੋਕ ਲੀਡਰਾਂ ਦੇ ਮਗਰ ਪੈਂਦੇ ਹਨ। ਡੀ.ਸੀ. ਅੰਮ੍ਰਿਤਸਰ ਦੀ ਗੱਲ ਕਰ ਲਈਏ, ਐਸ.ਐਸ.ਪੀ. ਅੰਮ੍ਰਿਤਸਰ ਦੀ ਗੱਲ ਕਰ ਲਈਏ, ਡੀ.ਸੀ. ਲੁਧਿਆਣਾ ਦੀ ਗੱਲ ਕਰ ਲਈਏ, ਮੈਂ ਸਮਝਦਾ ਹਾਂ ਕਿ ਇਸ ਵਿੱਚ ਸਰਕਾਰ ਦੀ ਪੂਰੀ ਇਨਵਾਲਵਮੈਂਟ ਰਹੀ ਹੈ। ਅਸੀਂ ਇਹ ਨਹੀਂ ਕੀਤਾ ਕਿ ਅਖਰੀਲੇ ਦਿਨ ਬੰਬੂਕਾਟ ਤੇ ਚੜ੍ਹੇ, ਫੋਟੋ ਕਰਵਾਈ ਔਰ ਪੈਰ੍ਹਾਂ ਤੇ ਮਿੱਟੀ ਨਹੀਂ ਲੱਗਣ ਦਿੱਤੀ, ਅਸੀਂ ਉਨ੍ਹਾਂ ਵਿੱਚੋਂ ਨਹੀਂ ਹਾਂ, ਅਸੀਂ ਗਰਾਊਂਡ ਤੇ ਕੰਮ ਕੀਤਾ ਹੈ। ਜਿਵੇਂ ਮੈਂ ਤੁਹਾਨੂੰ ਦੱਸਿਆ ਹੈ ਕਿ ਪਾਰਟੀ ਦਾ President ਹੋਣ ਕਰਕੇ, ਇਹ ਸਾਰਾ ਕੰਮ ਮੇਰੇ ਹੱਥੋਂ ਹੀ ਨਿਕਲਿਆ ਹੈ। ਸੋ, ਮੇਰੇ ਕਹਿਣ ਦਾ ਮਤਲਬ ਹੈ ਕਿ ਅਸੀਂ ਗਰਾਊਂਡ ਲੈਵਲ ਉਤੇ ਕੰਮ ਕਰਨ ਵਾਲੇ ਬੰਦੇ ਹਾਂ।

ਸਰ, ਇਸ ਤੋਂ ਇਲਾਵਾ ਪਿਛਲੇ ਇੱਕ ਮਹੀਨੇ ਤੋਂ ਹੀ ਬਹੁਤ ਵੱਡੇ ਪੱਧਰ ਤੇ ਡੀ-ਸਿਲਟਿੰਗ ਦੀ ਗੱਲ ਚੱਲ ਰਹੀ ਹੈ। ਸਰ, ਚਾਰ ਥਾਵਾਂ ਹਨ, ਜਿੱਥੇ ਡੀ-ਸਿਲਟਿੰਗ ਦੀ ਲੋੜ ਹੈ। ਅਸੀਂ ਰਾਵੀ ਦੀ ਗੱਲ ਕਰ ਲਈਏ, ਉੱਥੇ ਇੰਟਰਨੈਸ਼ਨਲ ਬਾਰਡਰ ਹੋਣ ਕਰਕੇ 5 ਕਿਲੋਮੀਟਰ ਤੱਕ ਵੱਡੀਆਂ ਮਸ਼ੀਨਾਂ ਨਾਲ ਡੀ-ਸਿਲਟਿੰਗ ਦੀ ਮਨਜ਼ੂਰੀ ਹੀ ਨਹੀਂ ਹੈ। ਇਸ ਸਬੰਧੀ ਗੌਰਮਿੰਟ ਆਫ ਇੰਡੀਆ ਨੇ ਪਰਮਿਸ਼ਨ ਦੇਣੀ ਹੈ, ਬੀ.ਐਸ.ਐਫ., ਆਰਮੀ ਨੇ ਪਰਮਿਸ਼ਨ ਦੇਣੀ ਹੈ ਅਤੇ ਉਹ ਪਰਮਿਸ਼ਨ ਨਹੀਂ ਦਿੰਦੇ। ਸਰ, ਉੱਥੇ ਬੀ.ਐਸ.ਐਫ ਦੀਆਂ ਚੈੱਕ ਪੋਸਟਾਂ ਹਨ, ਜਿਨ੍ਹਾਂ ਤੇ ਪੰਜਾਬ ਸਰਕਾਰ ਹਰ ਸਾਲ 5-7 ਕਰੋੜ ਰੁਪਿਆ ਖਰਚਦੀ ਹੈ। ਉਸ ਵਿੱਚ ਕੇਂਦਰ ਸਰਕਾਰ ਡੱਕਾ ਰੋਲ ਅਦਾ ਨਹੀਂ ਕਰਦੀ। ਸਰ, ਇਸ ਬਾਰੇ ਚੀਫ ਸੈਕਟਰੀ, ਪੰਜਾਬ ਆਲਰੇਡੀ 175 ਕਰੋੜ ਰੁਪਏ, 176 crore is, to be precise, ਮਿਤੀ 19.06.2023 ਨੂੰ ਪਰਪੋਜ਼ਲ ਬਣਾ ਕੇ ਭੇਜ ਚੁੱਕੇ ਹਨ ਕਿ ਹਰ ਸਾਲ ਰਾਵੀ ਦੇ ਜ਼ਰੀਏ ਹੜ੍ਹਾਂ ਦੀ ਮਾਰ ਪੈਂਦੀ ਹੈ ਅਤੇ ਉਸ ਲਈ ਅਸੀਂ ਉੱਥੇ ਡੀ-ਸਿਲਟਿੰਗ ਦਾ ਪੱਕਾ ਇੰਤਜ਼ਾਮ ਕਰ ਦੇਈਏ। ਦੋ ਵਾਰੀ ਪੰਜਾਬ ਦੇ ਮੁੱਖ ਮੰਤਰੀ, ਸਰਦਾਰ ਭਗਵੰਤ ਮਾਨ ਜੀ ਕੇਂਦਰ ਸਰਕਾਰ ਨੂੰ ਲਿਖ ਚੁੱਕੇ ਹਨ। ਅੱਜ ਢਾਈ ਸਾਲ ਹੋ ਗਏ ਹਨ, ਪੈਸੇ ਤਾਂ ਕੀ ਆਉਣੇ ਸਨ, ਅਜੇ ਤੱਕ ਕੇਂਦਰ ਸਰਕਾਰ ਵੱਲੋਂ ਇੱਕ ਵੀ ਰਿਸਪਾਂਸ ਨਹੀਂ ਆਇਆ ਹੈ। ਮੈਂ ਸਿਰਫ ਤੇ ਸਿਰਫ ਇਹ ਗੱਲਾਂ ਇਸ ਲਈ ਧਿਆਨ ਵਿੱਚ ਲਿਆ ਰਿਹਾ ਹਾਂ ਕਿਉਂਕਿ ਅੱਜ ਆਪਸ ਵਿੱਚ ਲੜਨ ਦੀ ਜਾਂ ਇਲਜ਼ਾਮ-ਤਰਾਸ਼ੀਆਂ ਕਰਨ ਦੀ ਲੋੜ ਨਹੀਂ ਹੈ, ਅੱਜ ਲੋੜ ਕੇਂਦਰ ਸਰਕਾਰ ਨੂੰ ਸਵਾਲ ਕਰਨ ਦੀ ਹੈ ਕਿਉਂਕਿ ਉਨ੍ਹਾਂ ਤੋਂ ਬਿਨਾਂ ਇਹ ਕੰਮ ਸੰਭਵ ਨਹੀਂ ਹੈ। ਸਰ, ਇਸ ਤੋਂ ਇਲਾਵਾ, ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਹੈ ਕਿ ਸਾਡੇ ਬੰਦੇ ਆਨ ਗਰਾਊਂਡ ਕੰਮ ਕਰਦੇ ਰਹੇ ਹਨ, ਲੀਡਰ ਉਹ ਹੁੰਦਾ ਹੈ ਜਿਹੜਾ ਔਖ ਵਿੱਚ ਆਪ ਅੱਗੇ ਹੋ ਕੇ ਕੰਮ ਕਰੇ ਅਤੇ ਲੋਕਾਂ ਨੂੰ ਪਿਛੇ ਰੱਖੇ, ਸੌਖ ਵਿੱਚ ਭਾਵ ਚੰਗੇ ਸਮੇਂ ਵਿੱਚ ਲੋਕਾਂ ਨੂੰ ਕਹੇ ਕਿ ਹੁਣ ਭੰਗੜੇ ਪਾਓ, ਮੈਂ ਮਗਰ ਹਾਂ। ਜਿੱਥੇ ਸਾਡੇ ਲੀਡਰ ਗਰਾਊਂਡ ਤੇ ਕੰਮ ਕਰਦੇ ਰਹੇ ਹਨ, ਮੈਂ ਤੁਹਾਨੂੰ ਦਿਖਾਉਣਾ ਚਾਹੁੰਦਾ

ਹਾਂ ਕਿ ਜਦੋ ਕੋਵਿਡ ਆਇਆ ਸੀ, ਕਾਂਗਰਸ ਪਾਰਟੀ ਦੀ ਸਰਕਾਰ ਸੀ, ** **, ਉਦੋਂ ਹੈਲਥ ਮਨਿਸਟਰ ਸਨ, ਉਨ੍ਹਾਂ ਨੇ ਆਪਣੇ ਘਰ ਦੇ ਬਾਹਰ ਲਗਾਇਆ ਸੀ ਕਿ "No Public meetings till Covid is over." ਦੇਖ ਲਓ, ਆਹ ਇਨ੍ਹਾਂ ਦੇ ਲੀਡਰ ਸਨ। ਸਾਡੇ ਮੰਤਰੀ ਸਾਹਿਬ, ਡਾਕਟਰ ਬਲਬੀਰ ਹੋਰਾਂ ਨੂੰ ਪੁੱਛ ਲਓ ਕਿ ਇਹ ਕਿਵੇਂ ਹੜ੍ਹਾਂ ਦੌਰਾਨ ਫਿਰਦੇ ਰਹੇ ਹਨ। ਸੋ, ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਅਸੀਂ ਕੋਸ਼ਿਸ਼ ਕੀਤੀ ਹੈ ਕਿ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈਏ। ਮੈਂ ਚਿੱਠੀਆਂ ਬਾਰੇ ਤੁਹਾਨੂੰ ਆਲਰੇਡੀ ਦੱਸ ਚੁੱਕਿਆ ਹਾਂ।

**ਰਾਣਾ ਗੁਰਜੀਤ ਸਿੰਘ (ਬੈਠੇ ਬੈਠੇ)** : ਜਿਨ੍ਹਾਂ ਨੇ ਕੰਮ ਕੀਤਾ ਹੈ, ਉਨ੍ਹਾਂ ਦਾ ਨਾਂ ਵੀ ਲੈ ਲਓ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ** : ਜੀ, ਮੈਂ ਸਾਰਿਆਂ ਦਾ ਨਾਂ ਲੈ ਰਿਹਾ ਹਾਂ।

**ਮਾਣਯੋਗ ਸਪੀਕਰ**: ਜਿਹੜੇ ਮਾਣਯੋਗ ਮੈਂਬਰ ਹੁਣ ਇੱਥੇ ਨਹੀਂ ਹੈ, ਉਨ੍ਹਾਂ ਦਾ ਨਾਂ ਐਕਸਪੰਜ ਕੀਤਾ ਜਾਂਦਾ ਹੈ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ:** ਠੀਕ ਹੈ ਜੀ। ਸਰ, ਰਾਣਾ ਜੀ ਨੇ ਬਹੁਤ ਕੰਮ ਕੀਤਾ ਹੈ, ਮੇਰੇ ਵੀਰ ਰਾਣਾ ਇੰਦਰ ਪ੍ਰਤਾਪ ਨੇ ਵੀ ਬਹੁਤ ਕੰਮ ਕੀਤਾ ਹੈ। ਸਾਰਿਆਂ ਨੇ ਕੰਮ ਕੀਤਾ ਹੈ।

**ਰਾਣਾ ਗੁਰਜੀਤ ਸਿੰਘ (ਬੈਠੇ ਬੈਠੇ)**: ਕੋਵਿਡ ਵਿੱਚ ਕੰਮ ਨਹੀਂ ਕੀਤਾ?

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ**: ਮੈਂ ਕੋਵਿਡ ਦੀ ਨਹੀਂ, ਹੁਣ ਦੀ ਗੱਲ ਕਰ ਰਿਹਾ ਹਾਂ। ਸਰ, ਬਿਆਸ ਦਰਿਆ ਦੀ ਗੱਲ ਕਰ ਲਈਏ। ਬਿਆਸ ਦਰਿਆ ਨੇ ਬਹੁਤ ਤਬਾਹੀ ਮਚਾਈ ਹੈ। ਸਪੀਕਰ ਸਾਹਿਬ, ਪੰਜ ਸਾਲ ਮੋਤੀਆਂ ਵਾਲੀ ਸਰਕਾਰ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਸੀ। ਉਸ ਦਿਨ ਗੋਇਲ ਸਾਹਿਬ ਨੇ ਵੀ ਗੱਲ ਕੀਤੀ ਸੀ ਕਿ ਮਿਤੀ 29.08.2017 ਨੂੰ ਇਹ ਰਾਮਸਰ ਸਾਈਟ ਡਿਕਲੇਅਰ ਕਰ ਦਿੱਤੀ ਗਈ ਸੀ, ਇਸ ਨੂੰ ਆਪਾਂ ਕੰਜ਼ਰਵੇਸ਼ਨ ਰਿਜ਼ਰਵ ਵੀ ਕਹਿ ਸਕਦੇ ਹਾਂ। ਜਦੋਂ ਆਪਾਂ ਜਾਂ ਸਾਰਾ ਪੰਜਾਬ ਸਾਈਟ ਲਫਜ਼ ਸੁਣਦਾ ਹੈ ਤਾਂ ਇਵੇਂ ਲੱਗਦਾ ਹੈ ਕਿ 5-7 ਕਿੱਲਿਆਂ ਦੀ ਜਾਂ 1-2 ਕਿਲੋਮੀਟਰ ਦੀ ਗੱਲ ਹੋਵੇਗੀ ਕਿ ਜੇ ਕਰ ਦਿੱਤੀ ਤਾਂ ਇੰਨੇ ਵੱਡੇ ਬਿਆਸ ਦਰਿਆ ਵਿੱਚ ਕੀ ਫਰਕ ਪੈਂਦਾ ਹੈ। ਸਰ, ਡਿਕਲੇਅਰ ਕੀ ਕੀਤਾ ਸੀ? ਜਿਥੋਂ ਪੰਜਾਬ ਵਿੱਚ ਬਿਆਸ ਦਰਿਆ ਵੜਦਾ ਹੈ, ਤਲਵਾੜਾ ਤੋਂ ਲੈ ਕੇ ਹਰੀਕੇ ਤੱਕ 260 ਕਿਲੋਮੀਟਰ, ਯਾਨੀ ਕਿ ਸਾਰੇ ਦਾ ਸਾਰਾ ਬਿਆਸ ਦਰਿਆ ਕੰਜ਼ਰਵੇਸ਼ਨ ਸਾਈਟ ਡਿਕਲੇਅਰ ਕਰ ਦਿੱਤੀ ਗਈ। ਇਨ੍ਹਾਂ ਦੇ ਇੱਕ ਫੈਸਲੇ ਨਾਲ ਤੁਸੀਂ ਉਸ ਵਿਚੋਂ ਇਕ ਚਮਚਾ ਮਿੱਟੀ ਦਾ ਵੀ ਨਹੀਂ ਕੱਢ ਸਕਦੇ, ਇਸ ਤਰ੍ਹਾਂ ਕਰਕੇ ਤੁਸੀਂ ਆਪਣੀ ਦਾੜ੍ਹੀ ਆਪ ਹੀ ਕੇਂਦਰ ਦੇ ਹੱਥ ਫੜਾ ਦਿੱਤੀ। ਸਪੀਕਰ ਸਾਹਿਬ, ਕੀ ਤੁਹਾਨੂੰ ਪਤਾ ਹੈ ਕਿ ਜਦੋਂ ਇਸ ਨੂੰ ਕੰਜ਼ਰਵੇਸ਼ਨ ਸਾਈਟ ਡਿਕਲੇਅਰ ਕੀਤਾ ਗਿਆ ਸੀ, ਉਸ ਸਮੇਂ ਇਰੀਗੇਸ਼ਨ ਮਨਿਸਟਰ ਕੌਣ ਸੀ? ਬਾਜਵਾ ਸਾਹਿਬ, ਕੀ ਤੁਹਾਨੂੰ ਪਤਾ ਹੈ, ਕੌਣ ਸਨ? ਮੇਰੇ ਵੱਡੇ ਵੀਰ ਸੁੱਖ ਸਰਕਾਰੀਆ ਜੀ ਅੱਜ ਇੱਥੇ ਨਹੀਂ ਹਨ, ਉਹ ਉਸ ਵੇਲੇ ਇਰੀਗੇਸ਼ਨ ਮਨਿਸਟਰ ਸਨ। ਅੱਜ ਇੱਥੇ ਹੁੰਦੇ ਤਾਂ ਮੈਂ ਉਨ੍ਹਾਂ ਨੂੰ ਜ਼ਰੂਰ ਪੁੱਛਣਾ ਸੀ। ਇਹ ਮਾਮਲਾ ਕੈਬਿਨਟ ਵਿੱਚ ਗਿਆ ਸੀ ਅਤੇ ਉਸ ਸਮੇਂ ਦੀ ਕੈਬਨਿਟ ਦਾ ਹਿੱਸਾ ਮੇਰੀ ਵੱਡੀ ਭੈਣ ਅਰੁਨਾ ਚੌਧਰੀ ਜੀ ਵੀ ਸਨ। ਮੇਰੇ ਬਹੁਤ ਹੀ ਸਤਿਕਾਰਯੋਗ ਬਜ਼ੁਰਗ ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਵੀ ਕੈਬਿਨਟ ਦਾ ਹਿੱਸਾ ਸਨ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਅੱਜ ਤੁਸੀਂ ਸਾਨੂੰ ਐਕਿਊਜ਼ ਕਰ ਰਹੇ ਹੋ। ਅੱਜ ਆਪਾਂ ਕੋਠੇ ਚੜ੍ਹ ਕੇ ਡੀ-ਸਿਲਟਿੰਗ ਦਾ

---

** Expunged as ordered by the Chair.

ਰੌਲਾ ਪਾ ਰਹੇ ਹਾਂ। ਜੇ ਉਸ ਦਿਨ ਗੱਲ ਕੀਤੀ ਹੁੰਦੀ ਤਾਂ ਹਾਲਾਤ ਹੋਰ ਹੋਣੇ ਸਨ। ਚਾਰ ਡੋਲਫਿਨਾਂ ਦੀਆਂ ਛਾਲਾਂ ਜਾਂ ਚਾਰ ਘੜਿਆਲਾਂ ਨੂੰ ਤੈਰਦੇ ਦੇਖਣ ਵਾਸਤੇ ਆਪਾਂ ਤਲਵਾੜਾ ਤੋਂ ਹਰੀਕੇ ਪੱਤਣ ਤੱਕ 260 ਕਿਲੋਮੀਟਰ ਦਰਿਆ ਨੂੰ ਰਾਮਸਰ ਸਾਈਟ ਡਿਕਲੇਅਰ ਕਰ ਦਿੱਤਾ। ਉਥੇ ਡੀ-ਸਿਲਟਿੰਗ ਕਿਵੇਂ ਹੋਵੇਗੀ? ਕੀ ਕਿਸੇ ਨੇ ਇਸ ਸਬੰਧੀ ਐਪਲੀਕੇਸ਼ਨ ਲਗਾਈ ਹੈ? ਨਹੀਂ ਜੀ। ਸਰ, ਅੰਨ੍ਹੇ ਨੂੰ ਬੋਲਾ ਘੜੀਸ ਰਿਹਾ ਸੀ ਅਤੇ ਪਤਾ ਨਹੀਂ ਲੱਗ ਰਿਹਾ ਸੀ ਕਿ ਕੀ ਕਰਨਾ ਹੈ ਅਤੇ ਕਿਸ ਨੇ ਕਰਨਾ ਹੈ? ਸਿਰਫ ਅਤੇ ਸਿਰਫ ਰੱਬ ਆਸਰੇ ਕੰਮ ਚੱਲ ਰਿਹਾ ਹੈ। ਅੱਜ ਇਹ ਸਾਨੂੰ ਐਕਿਊਜ਼ ਕਰ ਰਹੇ ਹਨ ਕਿ ਡੀ-ਸਿਲਟਿੰਗ ਕਿਉਂ ਨਹੀਂ ਹੋ ਰਹੀ? ਬਾਜਵਾ ਜੀ, let me be very clear, ਬਿਆਸ ਦਰਿਆ ਦੀ ਡੀ-ਸਿਲਟਿੰਗ ਨਹੀਂ ਹੋਈ ਅਤੇ ਇਸ ਕਾਰਨ 4-5 ਜ਼ਿਲ੍ਹੇ ਅੱਜ ਖਤਮ ਹੋਏ ਹਨ ਤਾਂ ਇਸ ਲਈ ਸਿੱਧੇ-ਸਿੱਧੇ ਤੁਸੀਂ, ਤੁਹਾਡੀ ਪਾਰਟੀ, ਪਿਛਲੀ ਕਾਂਗਰਸ ਪਾਰਟੀ ਦੀ ਸਰਕਾਰ ਜ਼ਿੰਮੇਵਾਰ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਅੱਜ ਵੀ ਤੁਸੀਂ ਉਸ ਵਿਚੋਂ ਇਕ ਚਮਚਾ ਮਿੱਟੀ ਦਾ ਨਹੀਂ ਕੱਢ ਸਕਦੇ, ਇਸ ਵਾਸਤੇ ਕੇਂਦਰ ਸਰਕਾਰ ਦੇ ਮਗਰ ਮਗਰ ਜਾ ਕੇ ਤੁਰਦੇ ਫਿਰੋ ਕਿ ਸਾਨੂੰ ਪਰਮਿਸ਼ਨ ਦੇ ਦਿਓ ਪਰ ਉਥੇ ਕੋਈ ਸੁਣਵਾਈ ਨਹੀਂ ਹੈ। ਸਰ, ਇਸੇ ਤਰੀਕੇ ਨਾਲ ਹਰੀਕੇ ਲੇਕ ਵੱਲ ਆ ਜਾਉ। ਸਾਲ 2023 ਵਿੱਚ ਹਰੀਕੇ ਲੇਕ ਦਾ ਸਰਵੇ ਹੋਇਆ ਸੀ, ਉਸ ਵਿੱਚ ਇਹ ਦੇਖਿਆ ਗਿਆ ਕਿ ਉਸ ਦੀ ਡੀ-ਸਿਲਟਿੰਗ ਨਾ ਹੋਣ ਕਾਰਨ 56% ਵਾਟਰ ਰੀਟੇਨਿੰਗ ਕੈਪੇਸਿਟੀ ਖਤਮ ਹੋ ਚੁੱਕੀ ਹੈ। ਪੰਜਾਬ ਸਰਕਾਰ ਇਸ ਸਬੰਧੀ ਰਾਜਸਥਾਨ ਸਰਕਾਰ ਨੂੰ ਮਲਟੀਪਲ ਲੈਟਰਜ਼ ਲਿਖ ਚੁੱਕੀ ਹੈ ਕਿ ਇਸ ਦਾ 573 ਕਰੋੜ ਰੁਪਏ ਦਾ ਡੀ-ਸਿਲਟਿੰਗ ਦਾ ਪ੍ਰਾਜੈਕਟ ਬਣਦਾ ਹੈ। ਤੁਸੀਂ ਪੈਸੇ ਦਿਉ ਤਾਂ ਕਿ ਇਸ ਦੀ ਡੀਸਿਲਟਿੰਗ ਕਰਵਾਈ ਜਾਵੇ। ਇਸ ਪ੍ਰਕਾਰ ਅਸੀਂ ਵੀ ਬਚ ਜਾਵਾਂਗੇ ਅਤੇ ਤੁਹਾਨੂੰ ਵੀ ਪਾਣੀ ਪੂਰਾ ਮਿਲੇਗਾ। ਸਰ, ਉਨ੍ਹਾਂ ਦਾ ਜਵਾਬ ਕੀ ਆਉਂਦਾ ਹੈ ਕਿ ਅਸੀਂ ਪੈਸੇ ਨਹੀਂ ਦੇਣੇ, ਤੁਸੀਂ ਡੀ-ਸਿਲਟਿੰਗ ਕਰ ਲਉ। ਜਦੋਂ ਤੁਸੀਂ ਡੀ-ਸਿਲਟਿੰਗ ਕਰੋਗੇ ਤਾਂ ਉਸ ਵਿੱਚ 701 ਕਰੋੜ ਰੁਪਏ ਦੀ ਮਿੱਟੀ ਅਵੇਲੇਬਲ ਹੈ। ਇਹ 573 ਕਰੋੜ ਰੁਪਏ ਤੁਸੀਂ ਪ੍ਰਾਜੈਕਟ ਦਾ ਦੱਸ ਰਹੇ ਹੋ, ਇਸ ਪ੍ਰਕਾਰ ਪੰਜਾਬ ਸਰਕਾਰ ਨੂੰ 128 ਕਰੋੜ ਰੁਪਿਆ ਬਚ ਜਾਵੇਗਾ। ਇਹ ਰਾਜਸਥਾਨ ਦਾ ਜਵਾਬ ਹੈ। ਹੱਦ ਇਸ ਗੱਲ ਦੀ ਹੈ ਕਿ ਬੀ.ਜੇ.ਪੀ. ਦੇ ਪ੍ਰਧਾਨ ਮੰਤਰੀ ਆ ਕੇ ਕਹਿ ਕੇ ਗਏ ਹਨ ਕਿ ਤੁਹਾਡੇ ਕੋਲ ਪੈਸੇ ਪਏ ਹਨ। ਰਾਜਸਥਾਨ ਵਿੱਚ ਇਨ੍ਹਾਂ ਦੀ ਹੀ ਸਰਕਾਰ ਹੈ, ਰਾਜਸਥਾਨ ਨੂੰ ਪੰਜਾਬ ਤੋਂ ਪਾਣੀ ਪੂਰਾ ਚਾਹੀਦਾ ਹੈ ਲੇਕਿਨ ਡੀ-ਸਿਲਟਿੰਗ ਪੰਜਾਬ ਆਪਣੇ ਖਰਚੇ ਤੇ ਕਰੇ ਅਤੇ ਉਨ੍ਹਾਂ ਤੱਕ ਪੂਰਾ ਪਾਣੀ ਦਾ ਤੁਪਕਾ-ਤੁਪਕਾ ਪਹੁੰਚਾਉਣ ਦੀ ਜ਼ਿੰਮੇਵਾਰੀ ਸਾਡੀ ਹੈ। ਸੋ, ਇਹ ਕਿਹੜਾ ਅਤੇ ਕਿੱਥੋਂ ਦਾ ਕਾਨੂੰਨ ਹੈ? ਕਹਿਣ ਦਾ ਮਤਲਬ ਇਹ ਹੈ ਕਿ ਪੰਜਾਬ ਨਾਲ ਇੰਨਾ ਧੱਕਾ ਹੁੰਦਾ ਰਿਹਾ ਹੈ ਅਤੇ ਹੋ ਰਿਹਾ ਹੈ। ਅੱਜ ਆਪਾਂ ਸਿਰਫ ਤੇ ਸਿਰਫ ਇਕ-ਦੂਜੇ ਨੂੰ ਐਕਿਊਜ਼ ਕਰਨ ਲੱਗੇ ਹੋਏ ਹਾਂ।

**ਸਰਦਾਰ ਪਰਗਟ ਸਿੰਘ ਪੋਆਰ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਣਯੋਗ ਸਪੀਕਰ** : ਇਨ੍ਹਾਂ ਨੂੰ ਆਪਣੀ ਗੱਲ ਪੂਰੀ ਕਰ ਲੈਣ ਦਿਓ, ਤੁਸੀਂ ਆਪਣੀ ਗੱਲ ਫੇਰ ਬਾਅਦ ਵਿੱਚ ਕਰ ਲੈਣਾ।

**ਸਰਦਾਰ ਪਰਗਟ ਸਿੰਘ ਪੋਆਰ** : ਮੈਂ ਤਾਂ ਸਿਰਫ ਐਪਰੀਸ਼ੀਏਟ ਹੀ ਕਰਨਾ ਹੈ।

**ਮਾਣਯੋਗ ਸਪੀਕਰ** : ਕੋਈ ਨਹੀਂ, ਤੁਸੀਂ ਬੈਠੋ। ਇਨ੍ਹਾਂ ਨੂੰ ਕੰਪਲੀਟ ਕਰ ਲੈਣ ਦਿਓ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ** : ਸਪੀਕਰ ਸਾਹਿਬ, ਇਸ ਤੋਂ ਅੱਗੇ ਅਸੀਂ ਬੀ.ਬੀ.ਐਮ.ਬੀ. ਦੀ ਗੱਲ ਕਰ ਲਈਏ। ਆਪਾਂ ਸਾਰਿਆਂ ਨੂੰ ਪਤਾ ਹੈ ਕਿ ਉਨ੍ਹਾਂ ਨੇ ਸਾਰਾ ਕੰਟਰੋਲ ਆਪਣੇ ਹੱਥ ਵਿੱਚ ਲੈ ਰੱਖਿਆ ਹੈ। ਭਾਖੜਾ ਉੱਪਰ ਗੋਬਿੰਦ ਸਾਗਰ ਝੀਲ,ਰਿਜ਼ਰਵਾਇਰ ਹੈ। ਜਦੋਂ ਪਾਣੀ ਘੱਟ ਹੋਵੇ ਤਾਂ ਇਹ 96 ਕਿਲੋਮੀਟਰ ਲੰਬੀ ਹੁੰਦੀ ਹੈ ਅਤੇ ਪਾਣੀ ਵੱਧ ਜਾਵੇ, ਮੌਨਸੂਨ ਆ ਜਾਵੇ ਤਾਂ ਉਦੋਂ ਉਹ 168 ਕਿਲੋਮੀਟਰ ਤੱਕ ਲੰਬੀ ਹੋ ਜਾਂਦੀ ਹੈ ਯਾਨੀ ਕਿ ਬਿਲਾਸਪੁਰ ਤੱਕ ਚਲੀ ਜਾਂਦੀ ਹੈ। ਸਰ, ਉਸ ਰਿਜ਼ਰਵਾਇਰ ਦੀ ਜਿਹੜੀ ਵਾਟਰ ਰਿਟੇਨਿੰਗ ਕੈਪੇਸਿਟੀ ਹੈ, ਉਹ 9.8 ਬੀ.ਸੀ.ਐਮ. (ਬਿਲੀਅਨ ਕਿਊਬਿਕ ਮੀਟਰ) ਹੈ, ਜੇ ਦੇਸੀ ਭਾਸ਼ਾ ਵਿੱਚ ਕਹੀਏ। ਸਰ, ਮੈਂ ਇਸ ਦੀ ਸਟੋਰੇਜ ਕੈਪੇਸਿਟੀ ਬਾਰੇ ਥੋੜ੍ਹਾ ਜਿਹਾ ਟੈਕਨੀਕਲੀ ਐਕਸਪਲੇਨ ਕਰਨਾ ਚਾਹੁੰਦਾ ਹਾਂ। ਸਰ, ਜਦੋਂ ਵੀ ਕੋਈ ਰਿਜ਼ਰਵਾਇਰ ਜਾਂ ਡੈਮ ਬਣਾਇਆ ਜਾਂਦਾ ਹੈ, ਉਨ੍ਹਾਂ ਦੀਆਂ ਦੋ ਸਟੋਰੇਜ ਕੈਪੇਸਿਟੀਜ਼ ਮਿੱਥੀਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚੋਂ ਇੱਕ ਡੈੱਡ ਸਟੋਰੇਜ ਕੈਪੇਸਿਟੀ ਹੁੰਦੀ ਹੈ ਅਤੇ ਦੂਜੀ ਲਾਈਵ ਸਟੋਰੇਜ ਕੈਪੇਸਿਟੀ ਹੁੰਦੀ ਹੈ। ਡੈੱਡ ਮੀਨਜ਼, ਜਿੱਥੇ ਉਨ੍ਹਾਂ ਨੇ ਮੀਟਰ ਲਗਾਇਆ, ਸਪੋਜ਼ ਜੇ ਉਹ ਸਾਢੇ 500 ਮੀਟਰ 'ਤੇ ਹੈ ਤਾਂ ਲਾਈਵ ਸਟੋਰੇਜ ਕੈਪੇਸਿਟੀ ਸਾਢੇ 500 ਮੀਟਰ ਹੀ ਮੰਨਿਆ ਜਾਂਦਾ ਹੈ ਅਤੇ ਡੈੱਡ ਸਟੋਰੇਜ ਕੈਪੇਸਿਟੀ ਸਾਢੇ 500 ਮੀਟਰ ਤੋਂ ਨੀਚੇ ਐਡੀਸ਼ਨਲ ਹੁੰਦੀ ਹੈ, ਉਹ 50 ਮੀਟਰ ਵੀ ਹੋ ਸਕਦੀ ਹੈ ਅਤੇ 100 ਮੀਟਰ ਵੀ ਹੋ ਸਕਦੀ ਹੈ। ਸਰ, ਹੁਣ ਭਾਖੜਾ ਦੀ, ਗੋਬਿੰਦ ਸਾਗਰ ਲੇਕ ਦੀ ਗੱਲ ਕਰ ਲਈਏ। ਇਸ ਵਿੱਚ ਜਿਹੜੀ ਡੈੱਡ ਸਟੋਰੇਜ ਹੈ, ਜਦੋਂ ਇਹ ਰਿਜ਼ਰਵਾਇਰ ਬਣਿਆ ਸੀ, ਉਦੋਂ ਇਸ ਦਾ 260 ਸਾਲਾਂ ਦਾ ਐਸਟੀਮੇਟ ਸੀ ਕਿ ਇਹ 260 ਸਾਲਾਂ ਵਿੱਚ ਸਿਲਟ ਨਾਲ ਭਰ ਜਾਵੇਗਾ। ਸਰ, ਪ੍ਰੰਤੂ ਹੁਣ ਉਥੇ ਇੰਨੀ ਕੁ ਸਿਲਟ ਆ ਚੁੱਕੀ ਹੈ ਕਿ ਉਹ 136 ਸਾਲਾਂ 'ਤੇ ਰਹਿ ਗਿਆ ਹੈ। ਸਰ, ਜਿਹੜੀ ਉਸ ਦੀ ਲਾਈਵ ਸਟੋਰੇਜ ਕੈਪੇਸਿਟੀ ਹੈ, ਉਸ ਦੀ expectation ਸੀ ਕਿ 630 ਸਾਲਾਂ ਵਿੱਚ ਇਹ ਸਿਲਟ ਨਾਲ ਪੂਰਾ ਭਰੇਗਾ ਪ੍ਰੰਤੂ ਹੁਣ ਇੰਨੀ ਸਿਲਟ ਆ ਚੁੱਕੀ ਹੈ ਕਿ ਉਹ 315 ਸਾਲਾਂ ਦੇ ਵਿੱਚ ਹੀ ਭਰ ਜਾਣਾ ਹੈ ਯਾਨੀ ਕਿ ਮਿੱਥੇ ਗਏ ਸਮੇਂ ਤੋਂ ਅੱਧੇ ਟਾਈਮ ਵਿੱਚ ਹੀ ਸਿਲਟ ਨਾਲ ਭਰ ਜਾਵੇਗਾ। ਮੇਰੇ ਕਹਿਣ ਦਾ ਮਤਲਬ ਹੈ ਕਿ ਹਿਮਾਚਲ ਪ੍ਰਦੇਸ਼ ਵਿੱਚ ਸੜਕਾਂ ਆਦਿ ਬਣਾਉਣ ਦੀ ਖਾਤਰ ਬਹੁਤ ਜ਼ਿਆਦਾ ਮਾਤਰਾ ਵਿੱਚ ਦਰਖੱਤ ਪੁੱਟੇ ਜਾ ਰਹੇ ਹਨ, ਜਿਸ ਦੇ ਕਾਰਨ ਉੱਥੇ ਦੀ ਮਿੱਟੀ ਇੰਨੀ ਲੂਜ਼ ਹੋ ਗਈ ਹੈ ਕਿ ਇਸ ਰਿਜ਼ਰਵਾਇਰ ਵਿੱਚ ਮਿੱਥੀ ਮਾਤਰਾ ਨਾਲੋਂ ਡਬਲ ਸਿਲਟ ਆ ਚੁੱਕੀ ਹੈ। ਅੱਜ 25 ਪਰਸੈਂਟ ਟੋਟਲ ਡੈੱਡ ਅਤੇ ਲਾਈਵ ਸਟੋਰੇਜ ਕੈਪੇਸਿਟੀ ਸਿਲਟ ਦੇ ਨਾਲ ਭਰ ਚੁੱਕੀ ਹੈ। ਸਰ, ਹੁਣ ਜੇ ਸਿੰਪਲ ਲਫਜ਼ਾਂ ਵਿੱਚ ਗੱਲ ਕਰੀਏ, ਜੇ ਉਹ 25 ਪਰਸੈਂਟ ਤੱਕ ਭਰ ਚੁੱਕੀ ਹੈ ਤਾਂ ਉਸ ਦਾ ਮਤਲਬ 9.8 ਬੀ.ਸੀ.ਐਮ. ਭਾਵ ਤਕਰੀਬਨ 10 ਬੀ.ਸੀ.ਐਮ. ਉਸ ਦੀ ਸਟੋਰੇਜ ਕੈਪੇਸਿਟੀ ਹੈ। ਇਸ ਦਾ ਮਤਲਬ ਕਿ ਢਾਈ ਬੀ.ਸੀ.ਐਮ. ਭਾਵ ਢਾਈ ਸੌ ਕਰੋੜ ਕਿਊਬਿਕ ਮੀਟਰ ਹੈ, 1 ਮੀਟਰ ਬਾਇ 1 ਮੀਟਰ, ਇਹ 1 ਕਿਊਬਿਕ ਮੀਟਰ ਬਣ ਗਿਆ, ਜਿਹੜਾ ਢਾਈ ਸੌ ਕਰੋੜ ਕਿਊਬਿਕ ਮੀਟਰ ਹੈ, ਉਹ ਹੁਣ ਤੱਕ ਸਿਲਟ ਦੇ ਨਾਲ ਭਰ ਚੁੱਕਿਆ ਹੈ। ਇਹ ਕਿਸ ਪਾਸੇ ਤੋਂ ਭਰਿਆ ਹੈ? ਇਹ ਹਿਮਾਚਲ ਵਾਲੇ ਪਾਸੇ ਤੋਂ ਸਿਲਟ ਨਾਲ ਭਰ ਚੁੱਕਿਆ ਹੈ। ਸਰ, 25 ਪਰਸੈਂਟ ਭਾਵ 2.5 ਬੀ.ਸੀ.ਐਮ. ਸਿਲਟ ਦੇ ਨਾਲ ਭਰ ਚੁੱਕਿਆ ਹੈ। ਹੁਣ ਜਦੋਂ ਉੱਥੇ ਪਾਣੀ ਘਟੇਗਾ ਤਾਂ ਉੱਥੇ ਉਹ ਪਾਣੀ ਛੱਡਣਗੇ ਤਾਂ ਉਸ ਦੀ ਮਾਰ ਕਿਸ ਉੱਪਰ ਪਵੇਗੀ? ਸਰ, ਇਨ੍ਹਾਂ ਗੰਭੀਰ ਮਸਲਿਆਂ ਉੱਪਰ ਕੋਈ ਗੱਲ ਨਹੀਂ ਕਰਦਾ ਪਰ ਸਿਰਫ ਤੇ ਸਿਰਫ ਇੱਕ ਦੂਜੇ 'ਤੇ ਇਲਜ਼ਾਮ ਲਗਾਈ ਜਾਂਦੇ ਹਨ, ਇਨ੍ਹਾਂ ਇਲਜ਼ਾਮਾਂ ਵਿੱਚੋਂ ਆਪਾਂ ਕੀ ਕੱਢਾਂਗੇ? ਇਨ੍ਹਾਂ ਗੱਲਾਂ ਵਿੱਚ ਕੀ ਕੱਢ ਸਕਦੇ ਹਾਂ?

ਸਰ, ਮੇਰੀ ਬੇਨਤੀ ਹੈ ਕਿ ਆਪਾਂ ਹੁਣ ਰਿਪੇਰੀਅਨ ਪ੍ਰਿੰਸੀਪਲ ਤੇ ਗੱਲ ਕਰਦੇ ਹਾਂ। ਇਸ ਸਬੰਧੀ ਹਮੇਸ਼ਾ ਗੱਲ ਹੁੰਦੀ ਰਹੀ ਹੈ, ਚਾਹੇ ਉਹ ਐਸ.ਵਾਈ.ਐਲ. ਨਹਿਰ ਦੀ ਗੱਲ ਹੋਵੇ ਜਾਂ ਬੀ.ਬੀ.ਐਮ.ਬੀ. ਦੀ ਗੱਲ ਹੋਵੇ, ਇਸ ਬਾਰੇ ਤਿੰਨ

ਮਹੀਨੇ ਪਹਿਲਾਂ ਤੋਂ ਗੱਲ ਹੁੰਦੀ ਆ ਰਹੀ ਹੈ। ਸਰ, ਮੈਂ ਦੁਨੀਆ ਵਿੱਚ ਇਹੋ ਜਿਹਾ ਰਿਪੇਰੀਅਨ ਪ੍ਰਿੰਸੀਪਲ ਨਹੀਂ ਦੇਖਿਆ, ਜਿੱਥੇ ਕੋਈ ਕੇਂਦਰ ਸਰਕਾਰ ਕਹੇ ਕਿ ਜਿਹੜੀ ਪਾਣੀ ਦੀ ਸਟੋਰੇਜ ਹੈ, ਉਹ ਅਸੀਂ ਕੰਟਰੋਲ ਕਰਾਂਗੇ ਅਤੇ ਨੇਬਰਿੰਗ ਸਟੇਟਸ ਜਿਹੜੀਆਂ ਕਿ ਨਾਨ-ਰਿਪੇਰੀਅਨ ਹਨ, ਉਨ੍ਹਾਂ ਨੂੰ ਅੱਗੇ ਪਾਣੀ ਦੇਣ ਵਾਸਤੇ ਅਸੀਂ ਰਿਪੇਰੀਅਨ ਸਟੇਟਸ ਨੂੰ ਮਜਬੂਰ ਕਰਾਂਗੇ ਕਿ ਉਨ੍ਹਾਂ ਨੂੰ ਪਾਣੀ ਤੁਸੀਂ ਦਿਉ ਅਤੇ ਜਦੋਂ ਹੜ੍ਹ ਆ ਜਾਣ, ਜਦੋਂ ਪਾਣੀ ਛੱਡਣਾ ਪੈਣਾ ਹੈ ਤਾਂ ਉਦੋਂ ਸਿਰਫ ਰਿਪੇਰੀਅਨ ਸਟੇਟ ਡੁੱਬੇ। ਸਰ, ਇਹ ਤਾਂ ਹੈਰਾਨੀ ਦੀ ਗੱਲ ਹੈ ਜੀ। ਸਪੀਕਰ ਸਾਹਿਬ, ਅੱਜ ਇਨ੍ਹਾਂ ਮਾਮਲਿਆਂ ਬਾਰੇ ਗੱਲਾਂ ਕਰਨ ਦੀ ਲੋੜ ਹੈ ਜੀ।

ਸਪੀਕਰ ਸਾਹਿਬ, ਇਸ ਤੋਂ ਇਲਾਵਾ ਇੱਕ ਹੋਰ ਗੱਲ ਕਹਿਣੀ ਚਾਹੁੰਦਾ ਹਾਂ ਕਿ ਕਮਾਲ ਦੇ ਅਤੇ ਹੈਰਾਨ ਕਰਨ ਵਾਲੇ ਫੈਕਟਸ ਹਨ। ਮੈਂ ਸਮਝਦਾ ਹਾਂ ਕਿ ਆਪਾਂ ਲੋਕ ਸਿਰਫ ਸਿਆਸੀ ਗੱਲ ਵਿੱਚ ਇੰਨਾ ਉੱਪਰੋਂ-ਉੱਪਰ ਦੀ ਨਿਕਲ ਜਾਂਦੇ ਹਾਂ ਕਿ ਡੂੰਘਾਈ ਵਿੱਚ ਜਾਂਦੇ ਹੀ ਨਹੀਂ। ਸਰ, ਮੈਂ ਜਿੰਨੀ ਵੀ ਗੱਲ ਕਰ ਰਿਹਾ ਹਾਂ, ਇਸ ਸਬੰਧੀ ਮੇਰੇ ਕੋਲ ਇਕੱਲਾ ਇਕੱਲਾ ਡਾਕੂਮੈਂਟ ਹੈ। ਸਰ, 1878 ਵਿੱਚ ਸਬੰਧਤ ਐਕਟ ਬਣਿਆ ਸੀ।

**ਮਾਣਯੋਗ ਸਪੀਕਰ:** ਅਰੋੜਾ ਸਾਹਿਬ, ਤੁਸੀਂ ਸਾਇੰਸ ਦੀਆਂ ਗੱਲਾਂ ਕਰ ਰਹੇ ਹੋ। ਤੁਹਾਨੂੰ ਪੰਜ ਮਿੰਟ ਹੀ ਦਿੱਤੇ ਹੋਏ ਹਨ।

(**ਆਪੋਜੀਸ਼ਨ ਬੈਂਚਿਜ ਵੱਲੋਂ ਅਵਾਜ਼ਾਂ**: ਕੋਈ solution ਦੱਸੋ ਜੀ।)

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ:** ਸਰ, ਮੈਂ ਸਲਿਊਸ਼ਨ ਹੀ ਦੱਸ ਰਿਹਾ ਹਾਂ ਜੀ। ਸਰ, ਨਾਰਦਰਨ ਕੈਨਾਲਜ਼ ਅਤੇ ਡਰੇਨੇਜ਼ ਐਕਟ, 1878 ਵਿੱਚ ਬਣਿਆ ਸੀ। ਉਸ ਸਮੇਂ ਉਸ ਵਿੱਚ ਦੋ ਸਟੇਟਾਂ ਯੂ.ਪੀ. ਔਰ ਪੰਜਾਬ ਆਉਂਦੀਆਂ ਸੀ ਭਾਵ ਅੱਜ ਦੀਆਂ ਕੁੱਲ 5 ਸਟੇਟਾਂ ਉਸ ਵਿੱਚ ਕਵਰਡ ਹਨ। ਉਸ ਐਕਟ ਦਾ ਸੈਕਸ਼ਨ 55 ਕਹਿੰਦਾ ਹੈ ਕਿ ਜਿੱਥੇ ਵੀ ਡਰੇਨਾਂ ਹਨ, ਨਹਿਰਾਂ ਹਨ, ਦਰਿਆ ਹਨ ਅਤੇ ਚੋਅ ਹਨ, ਉਨ੍ਹਾਂ ਨੂੰ ਸਰਕਾਰ ਨੋਟੀਫਾਈ ਕਰੇਗੀ ਤਾਂ ਕਿ ਉਨ੍ਹਾਂ ਵਿੱਚ ਕਿਸੇ ਕਿਸਮ ਦੀ ਕੋਈ obstruction ਨਾ ਹੋਵੇ, ਕੋਈ ਕੰਧ ਖੜ੍ਹੀ ਨਾ ਕਰ ਲਵੇ, ਕੋਈ ਆਪਣੀ ਦੁਕਾਨ ਜਾਂ ਮਕਾਨ ਆਦਿ ਨਾ ਉਸਾਰ ਲਵੇ। ਸਰ, 1878 ਤੋਂ ਲੈ ਕੇ 2023 ਤੱਕ ਕੁੱਲ 145 ਸਾਲਾਂ ਤੱਕ ਮੋਤੀਆਂ ਵਾਲੀਆਂ ਸਰਕਾਰਾਂ ਇੱਥੇ ਰਹੀਆਂ ਹਨ, ਕਾਂਗਰਸ ਪਾਰਟੀ ਦੀਆਂ ਵੀ ਅਤੇ ਅਕਾਲੀ ਦਲ-ਭਾਜਪਾ ਦੀਆਂ ਵੀ ਪਰ ਇੱਕ ਵੀ ਦਰਿਆ, ਇੱਕ ਵੀ ਚੋਅ, ਇੱਕ ਵੀ ਡਰੇਨ ਅਤੇ ਇੱਕ ਵੀ ਨਹਿਰ ਇਨ੍ਹਾਂ ਸਰਕਾਰਾਂ ਨੇ ਨੋਟੀਫਾਈ ਨਹੀਂ ਕੀਤੀ। ਉਸ ਦਾ ਕਾਰਨ ਕੀ ਬਣਿਆ? ਉਸ ਦਾ ਕਾਰਨ ਇਹ ਬਣਿਆ ਕਿ ਜਿਹੜਾ ਆਪਾਂ ਕਹਿੰਦੇ ਹਾਂ ਕਿ ਘਰਾਂ ਦਾ ਨੁਕਸਾਨ ਹੋ ਗਿਆ। ਦਰਿਆ ਵਿਚ ਇਕ ਬੰਦੇ ਦੀ ਜ਼ਮੀਨ ਆ ਗਈ, ਉਸ ਨੇ ਘਰ ਪਾ ਲਿਆ। ਇਸ ਤਰ੍ਹਾਂ ਦਰਿਆ ਦਾ ਵਹਾਅ ਰੁਕ ਗਿਆ। ਜੇਕਰ ਇਨ੍ਹਾਂ ਨੇ ਪਹਿਲਾਂ ਨੋਟੀਫਾਈ ਕੀਤਾ ਹੁੰਦਾ ਤਾਂ ਉਹ ਘਰ ਨਹੀਂ ਪਾ ਸਕਦਾ ਸੀ। ਨੋਟੀਫਾਈ ਹੋਣ ਨਾਲ ਇਕ ਤਾਂ ਉਸ ਬੰਦੇ ਦਾ ਘਰ ਬਚ ਜਾਂਦਾ ਅਤੇ ਦੂਜਾ, ਦਰਿਆ ਦਾ ਪਾਣੀ ਰੁਕਣ ਕਰਕੇ ਹੋਰਾਂ ਦਾ ਨੁਕਸਾਨ ਵੀ ਨਾ ਹੁੰਦਾ। ਸਪੀਕਰ ਸਾਹਿਬ, ਬਾਜਵਾ ਜੀ ਉਸ ਦਿਨ ਸਾਡੇ ਮੰਤਰੀ ਬਰਿੰਦਰ ਗੋਇਲ ਜੀ ਅਤੇ ਸੈਕਟਰੀ ਕ੍ਰਿਸ਼ਨ ਕੁਮਾਰ ਜੀ ਨੂੰ ਸਸਪੈਂਡ ਕਰਨ ਅਤੇ ਡਿਸਮਿਸ ਕਰਨ ਲਈ ਕਹਿ ਰਹੇ ਸੀ। ਮੇਰੇ ਇਨ੍ਹਾਂ ਦੋਹਾਂ ਵੀਰਾਂ ਨੇ 170 ਸਾਲਾਂ ਬਾਅਦ 850 ਨਾਲੇ, ਚੋਅ, ਦਰਿਆ ਨੋਟੀਫਾਈ ਕੀਤੇ ਹਨ ਤਾਂ ਕਿ ਇਸ ਤੋਂ ਬਾਅਦ ਕੋਈ ਉਨ੍ਹਾਂ ਵਿਚ ਘਰ ਨਾ ਪਾ ਸਕੇ ਅਤੇ ਜਦੋਂ ਹੜ੍ਹ ਆਉਣ ਤਾਂ ਕਿਸੇ ਦਾ ਨੁਕਸਾਨ ਨਾ ਹੋ ਸਕੇ।

ਇਸ ਇੱਕ ਮਹੀਨੇ ਵਿਚ ਐਸ.ਡੀ.ਆਰ.ਐਫ. ਦੀ ਬੜੀ ਰਾਜਨੀਤੀ ਹੋਈ ਹੈ। ਮੇਰੇ ਤੋਂ ਪਹਿਲਾਂ ਵੀ ਇੱਥੇ ਗੱਲ ਆਈ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਇੱਥੇ ਆਏ ਅਤੇ ਉਹ ਗੱਲ ਕਰ ਗਏ ਕਿ ਪੰਜਾਬ ਕੋਲ ਸਾਢੇ ਬਾਰਾਂ ਹਜ਼ਾਰ ਕਰੋੜ ਰੁਪਿਆ ਪਿਆ ਹੈ। ਬਾਜਵਾ ਸਾਹਿਬ ਅਤੇ ਹੋਰ ਲੀਡਰ ਸਾਹਿਬਾਨ ਨੇ ਵੀ ਇਹ ਗੱਲ ਕੀਤੀ। ਇਹ ਸਾਰੇ ਮੇਰੇ ਬੜੇ ਸਤਿਕਾਰਯੋਗ ਹਨ ਪਰ ਮੈਨੂੰ ਹੈਰਾਨੀ ਇਸ ਗੱਲ ਦੀ ਹੁੰਦੀ ਹੈ ਕਿ ਕਿੰਨੀਆਂ ਹਲਕੀਆਂ ਅਤੇ ਤੱਥਾਂ ਤੋਂ ਪਰ੍ਹੇ ਦੀਆਂ ਗੱਲਾਂ ਕਰਦੇ ਹਨ। ਸਪੀਕਰ ਸਾਹਿਬ, 25 ਸਾਲਾਂ ਵਿਚ ਭਾਰਤ ਸਰਕਾਰ ਤੋਂ ਪੰਜਾਬ ਨੂੰ ਐਸ.ਡੀ.ਆਰ.ਐਫ. ਦਾ 6190 ਕਰੋੜ ਰੁਪਿਆ ਆਇਆ ਹੈ, ਜਿਸ ਵਿਚ ਪੰਜਾਬ ਸਰਕਾਰ ਨੇ 2042 ਕਰੋੜ ਦਾ ਹਿੱਸਾ ਪਾਇਆ ਹੈ। ਕੁੱਲ 25 ਸਾਲਾਂ ਵਿਚੋਂ 22 ਸਾਲਾਂ ਵਿਚ 4608 ਕਰੋੜ ਤਾਂ ਤੁਹਾਡੀਆਂ ਅਕਾਲੀ ਦਲ ਅਤੇ ਕਾਂਗਰਸ ਦੀਆਂ ਸਰਕਾਰਾਂ ਵੇਲੇ ਆਇਆ ਹੈ। ਸਾਡੇ ਵੇਲੇ ਤਾਂ ਸਿਰਫ਼ 1582 ਕਰੋੜ ਰੁਪਿਆ ਹੀ ਆਇਆ ਹੈ। ਪਿਛਲੇ ਸਾਲਾਂ ਤੋਂ ਲੈ ਕੇ ਹੁਣ ਤੱਕ ਇਸ ਫੰਡ ਵਿਚੋਂ 4305 ਕਰੋੜ ਖਰਚਿਆ ਜਾ ਚੁੱਕਾ ਹੈ। 12,500 ਕਰੋੜ ਰੁਪਏ ਦੀ ਗੱਲ ਕੀਤੀ ਗਈ ਹੈ। ਸਪੀਕਰ ਸਾਹਿਬ, ਨੇਸ਼ਨਲ ਇੰਟਰਸਟ ਕੈਲਕੂਲੇਟ ਕਰਕੇ ਇਹ ਰਕਮ ਬਣਾ ਦਿੱਤੀ ਗਈ। ਫੇਰ ਇਹ 12,500 ਕਰੋੜ ਰੁਪਏ ਕੌਣ ਖਾ ਗਿਆ? ਬਾਜਵਾ ਸਾਹਿਬ ਨੇ ਕਿਹਾ ਕਿ ਤੁਸੀਂ ਖਾ ਗਏ। ਬਾਜਵਾ ਸਾਹਿਬ, ਇਹ ਸਰਕਾਰ ਦਾ ਪੈਸਾ ਹੈ, ਸਰਕਾਰੀ ਪੈਸਾ ਹੈ।

**ਮਾਣਯੋਗ ਸਪੀਕਰ:** ਚੇਅਰ ਨੂੰ ਅਡਰੈਸ ਕਰੋ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ :** ਹਾਂ ਜੀ। ਸਪੀਕਰ ਸਾਹਿਬ, ਇਹ ਸਰਕਾਰ ਦਾ ਪੈਸਾ ਹੈ ਅਤੇ ਐਫ.ਡੀ. ਕੋਲ ਪਿਆ ਹੈ। ਇਕੱਲਾ ਇਕੱਲਾ ਪੈਸਾ ਜਿਹੜਾ ਟਰੈਜ਼ਰੀ ਵਿਚੋਂ ਨਿਕਲਦਾ ਹੈ, ਉਸ ਦਾ ਆਡਿਟ ਹੁੰਦਾ ਹੈ। ਸਪੀਕਰ ਸਾਹਿਬ, ਮੈਨੂੰ ਸਮਝਾਉ ਕਿ ਇਹ ਪੈਸਾ ਕੋਈ ਕਿਵੇਂ ਖਾ ਸਕਦਾ ਹੈ? ਆਪਾਂ ਕਿਉਂ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਾਂ, ਜਿਵੇਂ ਬਾਜਵਾ ਸਾਹਿਬ ਨੇ ਕਿਹਾ ਸੀ ਕਿ ਸਰਕਾਰ ਸਾਢੇ ਬਾਰਾਂ ਹਜ਼ਾਰ ਕਰੋੜ ਰੁਪਏ ਖਾ ਗਈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ।

**ਮਾਣਯੋਗ ਸਪੀਕਰ:** ਇੱਕ ਮਿੰਟ ਜੀ, ਮੰਤਰੀ ਜੀ ਨੂੰ ਕਨਕਲੂਡ ਕਰ ਲੈਣ ਦਿਓ ਜੀ। Let him conclude.

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਮੇਰਾ ਨਾਂ ਲਿਆ ਗਿਆ ਹੈ।

**ਮਾਣਯੋਗ ਸਪੀਕਰ:** ਤੁਹਾਨੂੰ ਮੌਕਾ ਮਿਲੇਗਾ, ਇਨ੍ਹਾਂ ਨੂੰ ਖਤਮ ਕਰ ਲੈਣ ਦਿਓ। ਮੰਤਰੀ ਜੀ, ਤੁਸੀਂ ਕਨਕਲੂਡ ਕਰੋ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ:** ਸਪੀਕਰ ਸਾਹਿਬ, ਬਾਜਵਾ ਸਾਹਿਬ ਨੇ ਮਿਤੀ 31.03.2023 ਦੀ ਕੈਗ ਰਿਪੋਰਟ ਦੀ ਗੱਲ ਕੀਤੀ ਕਿ ਪੰਜਾਬ ਕੋਲ ਐਸ.ਡੀ.ਆਰ.ਐਫ. ਦਾ 9041 ਕਰੋੜ ਰੁਪਿਆ ਪਿਆ ਹੈ। ਜੇਕਰ ਇਸ ਹਿਸਾਬ ਨਾਲ ਦੇਖੀਏ ਤਾਂ ਮੈਂ ਇਨ੍ਹਾਂ ਨੂੰ 31.03.2017 ਦੀ ਕੈਗ ਰਿਪੋਰਟ ਦਿਖਾਉਣਾ ਚਾਹੁੰਦਾ ਹਾਂ। ਬਾਜਵਾ ਸਾਹਿਬ, ਉਦੋਂ ਤੁਹਾਡੀ ਸਰਕਾਰ ਬਣੀ ਨੂੰ ਮਹਿਜ਼ 14 ਦਿਨ ਹੋਏ ਸੀ। ਤੁਸੀਂ ਅਕਾਲੀ ਦਲ ਤੋਂ ਟੇਕ-ਓਵਰ ਕੀਤਾ ਸੀ। ਉਸ ਦਿਨ ਦੀ ਕੈਗ ਰਿਪੋਰਟ ਕਹਿੰਦੀ ਹੈ ਕਿ 4740.42 ਕਰੋੜ ਰੁਪਿਆ ਐਸ.ਡੀ.ਆਰ.ਐਫ. ਦੇ ਖਾਤੇ ਵਿਚ ਪਿਆ ਹੈ। ਉਸ ਤੋਂ ਦੋ ਦਿਨ ਪਹਿਲਾਂ 29.03.2017 ਨੂੰ ਆਰ.ਬੀ.ਆਈ. ਪੰਜਾਬ ਸਰਕਾਰ ਵੱਲੋਂ 370 ਕਰੋੜ ਰੁਪਿਆ ਪੇਅ ਨਾ ਕਰਨ ਕਰਕੇ ਅਤੇ 14 ਦਿਨਾਂ ਦਾ ਓਵਰ ਡਰਾਫ਼ਟ ਹੋਣ ਕਰਕੇ ਪੰਜਾਬ ਸਰਕਾਰ ਨੂੰ ਚਿੱਠੀ ਕੱਢਦੀ ਹੈ ਕਿ ਇਨ੍ਹਾਂ ਕੋਲ ਪੈਸਾ ਨਹੀਂ ਹੈ, ਇਹ ਬੈਂਕਰਪਟ ਹੋ ਗਏ। ਮੇਰੇ ਕਹਿਣ ਦਾ ਮਤਲਬ ਹੈ ਕਿ ਜੇਕਰ ਤੁਹਾਡੇ ਵੇਲੇ ਦੀ ਕੈਗ ਰਿਪੋਰਟ

ਮੁਤਾਬਿਕ ਤੁਹਾਡੇ ਕੋਲ ਐਸ.ਡੀ.ਆਰ.ਐਫ. ਦਾ ਪੈਸਾ ਪਿਆ ਸੀ ਤਾਂ ਫਿਰ ਤੁਸੀਂ ਬੈਂਕਰਪਟ ਕਿਵੇਂ ਡਿਕਲੇਅਰ ਹੋ ਗਏ? ਕੀ ਤੁਹਾਡੇ ਕੋਲ ਇਸ ਗੱਲ ਦਾ ਜਵਾਬ ਹੈ? ਮੇਰੇ ਕਹਿਣ ਦਾ ਮਤਲਬ ਹੈ ਕਿ ਆਪਾਂ ਪਾਣੀ ਵਿਚ ਡਾਂਗਾਂ ਮਾਰੀ ਜਾਂਦੇ ਹਾਂ। ਇਨ੍ਹਾਂ ਨੇ ਕਹਿ ਦਿੱਤਾ ਕਿ ਰੰਗਲਾ ਪੰਜਾਬ ਤਾਂ ਕੰਗਲਾ ਪੰਜਾਬ ਹੋ ਗਿਆ। ਸਪੀਕਰ ਸਾਹਿਬ, ਸਾਡੀ ਮਨਸ਼ਾ ਤਾਂ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦੀ ਹੈ ਪ੍ਰੰਤੂ ਪੰਜਾਬ ਕੰਗਲਾ ਤਾਂ ਉਸ ਦਿਨ ਹੋਇਆ ਸੀ ਜਦੋਂ ਤੁਹਾਡੀ ਸਰਕਾਰ ਨੂੰ ਆਰ.ਬੀ.ਆਈ. ਨੇ ਮਿਤੀ 29.03.2017 ਨੂੰ ਚਿੱਠੀ ਕੱਢੀ ਸੀ।

**ਮਾਣਯੋਗ ਸਪੀਕਰ:** ਮੰਤਰੀ ਜੀ, ਹੁਣ ਕਨਕਲੂਡ ਕਰ ਦਿਉ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ:** ਸਪੀਕਰ ਸਾਹਿਬ, ਦੋ ਮਿੰਟ ਜੀ। ਕੀ ਗੱਲ ਹੋ ਗਈ ਜੀ?

**ਮਾਣਯੋਗ ਸਪੀਕਰ:** ਸਮਾਂ ਤਾਂ ਲਿਮਟਿਡ ਹੈ ਜੀ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ:** ਮੇਰਾ ਸਮਾਂ ਚੱਲ ਰਿਹਾ ਹੈ। ਇੱਕ ਮਿੰਟ ਜੀ, ਮੇਰੇ ਸਾਥੀਆਂ ਤੋਂ ਪੁੱਛ ਲਉ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ।

**ਮਾਣਯੋਗ ਸਪੀਕਰ:** ਜੀ, ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਆਨਰੇਬਲ ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਿਣਾ ਚਾਹੁੰਦਾ ਹਾਂ। ਅਮਨ ਜੀ, ਦੋ ਮਿੰਟ ਵੇਟ ਕਰ ਲਉ, ਨਾਲੇ ਥੋੜ੍ਹਾ ਜਿਹਾ ਸਾਹ ਲੈ ਲਉ। ਤੁਸੀਂ ਦੋ ਮਿੰਟ ਬੈਠ ਜਾਉ ।

**ਮਾਣਯੋਗ ਸਪੀਕਰ:** ਬਾਜਵਾ ਜੀ, ਬੋਲੋ ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਦੇਸ਼ ਦਾ ਪ੍ਰਾਈਮ ਮਨਿਸਟਰ ਇਹ ਸਟੇਟਮੈਂਟ ਦੇ ਰਿਹਾ ਹੈ, it is not the statement from the Opposition Benches. ਸੋ, ਸੈਸ਼ਨ ਦੇ ਕੰਮ ਵਿੱਚ ਪੰਜਾਬ ਦੇ ਲੋਕਾਂ ਨੂੰ ਅਸਲੀਅਤ ਪੇਸ਼ ਕੀਤੀ ਜਾਵੇ।

**ਮਾਣਯੋਗ ਸਪੀਕਰ:** ਬਾਜਵਾ ਜੀ, ਤੁਸੀਂ ਬੈਠ ਜਾਉ ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਇਹ ਤਾਂ ਕਹਿੰਦੇ ਹਨ ਕਿ ਮੋਤੀਆਂ ਵਾਲਿਆਂ ਦੀਆਂ ਸਰਕਾਰਾਂ ਇੱਥੇ ਰਹੀਆਂ ਹਨ ਪਰ ਇੱਥੇ ਪ੍ਰਾਬਲਮ ਇਹ ਹੈ ਕਿ ਅੱਖਾਂ ਦਾ ਮੋਤੀਆ ਹੀ ਉੱਤਰ ਆਇਆ ਹੈ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ:** ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਨਾ ਤਾਂ ਮੇਰਾ ਮਤਲਬ ਪ੍ਰਧਾਨ ਮੰਤਰੀ ਸਾਹਿਬ ਤਾਈਂ ਹੈ ਨਾ ਮੇਰਾ ਮਤਲਬ ਬਾਜਵਾ ਸਾਹਿਬ ਤਾਈਂ ਜਾਂ ਕਿਸੇ ਹੋਰ ਤਾਈਂ ਹੈ, ਮੇਰਾ ਮਤਲਬ ਸਿਰਫ ਉਨ੍ਹਾਂ ਤੱਕ ਹੈ ਜਿਹੜੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ, be that anybody from

top to bottom. ਇੱਥੇ 12,000 ਕਰੋੜ ਰੁਪਏ ਦੀ ਗੱਲ ਕਰਨ ਦਾ ਕੋਈ ਤੁਕ ਨਹੀਂ ਹੈ। ਜਿਹੜੀ ਐਕਚੂਅਲ ਗੱਲ ਕਰਨ ਵਾਲੀ ਹੈ, ਉਹ ਇਹ ਹੈ ਕਿ ਮੰਨ ਲਉ ਐਸ.ਡੀ.ਆਰ.ਐਫ. ਦਾ ਪੈਸਾ ਇੱਥੇ ਪਿਆ ਹੈ, ਕੀ ਉਸ ਨੂੰ ਤੁਸੀਂ ਯੂਜ਼ ਕਰ ਸਕਦੇ ਹੋ? ਸੀ.ਐਮ. ਸਾਹਿਬ ਨੇ ਐਸ.ਡੀ.ਆਰ.ਐਫ. ਦੇ ਨਾਰਮਜ਼ ਸਬੰਧੀ ਜੋ ਚਿੱਠੀ ਲਿਖੀ ਹੈ, ਉਹ ਕੀ ਕਹਿੰਦੀ ਹੈ? ਉਹ ਕਹਿੰਦੀ ਹੈ ਕਿ 6800 ਰੁਪਏ ਵਿੱਚੋਂ ਵੀ 1500 ਰੁਪਏ ਪੰਜਾਬ ਦਾ ਹੈ, ਅਸੀਂ ਫਿਰ ਵੀ 20,000 ਰੁਪਿਆ ਅਨਾਊਂਸ ਕਰ ਦਿੱਤਾ ਹਾਲਾਂਕਿ 14,900 ਪੰਜਾਬ ਸਰਕਾਰ ਦੇਵੇਗੀ ਅਤੇ 5100 ਇਕੱਲਾ ਕੇਂਦਰ ਸਰਕਾਰ ਦੇਵੇਗੀ। ਜੇ ਕਿਸੇ ਦੀ ਕੋਈ disability ਹੋ ਜਾਵੇ, ਉਸ ਨੂੰ 74,000 ਰੁਪਿਆ ਦਿੱਤਾ ਜਾਵੇਗਾ। ਕਿਸੇ ਦਾ ਪੱਕਾ ਮਕਾਨ ਪਾਰਸ਼ੀਅਲੀ ਢਹਿ ਜਾਏ, ਛੱਤ ਗਿਰ ਜਾਏ, ਕੰਧਾਂ ਢਹਿ ਜਾਣ, ਉਥੇ ਇਹ ਨਾਰਮਜ਼ ਕਹਿੰਦੇ ਹਨ ਕਿ 6500 ਰੁਪਿਆ ਦਿੱਤਾ ਜਾਵੇ। ਸਰ, 6500 ਰੁਪਏ ਵਿੱਚ 800 ਇੱਟ ਵੀ ਨਹੀਂ ਆਉਂਦੀ। ਗੱਲ ਤਾਂ ਇਹ ਕਰਨ ਵਾਲੀ ਹੈ ਕਿ ਕੋਈ ਗਰੀਬ ਬੰਦਾ ਇਨ੍ਹਾਂ ਨਾਰਮਜ਼ ਮੁਤਾਬਿਕ ਕਿਵੇਂ ਆਪਣਾ ਘਰ ਪਾ ਲਏਗਾ? ਉਹ 6500 ਰੁਪਿਆ ਦੇ ਰਹੇ ਹਨ, ਇਹ ਲੜਾਈ ਆਪਾਂ ਲੜੀ ਹੈ। ਰਾਣਾ ਜੀ, ਜੇ ਆਪਾਂ ਉਨ੍ਹਾਂ ਦੇ ਨਾਰਮਜ਼ ਮੁਤਾਬਿਕ ਚੱਲੀਏ ਤਾਂ 5 ਲੱਖ ਏਕੜ ਨੂੰ 6800 ਰੁਪਏ ਦੇ ਨਾਲ ਤਕਸੀਮ ਕਰ ਲਉ ਤਾਂ ਸਾਰੇ ਦਾ ਸਾਰਾ 340 ਕਰੋੜ ਰੁਪਿਆ ਬਣਦਾ ਹੈ ਚਾਹੇ ਘਰ, ਪਸ਼ੂ ਅਤੇ ਸਾਰਾ ਕੁਝ ਨਾਲ ਲਗਾ ਲਉ। 12,000 ਕਰੋੜ ਵਿੱਚੋਂ 7600 ਕਰੋੜ ਰੁਪਏ ਬਾਰੇ ਤਾਂ ਸਾਨੂੰ ਹੀ ਕਹਿੰਦੇ ਹਨ ਕਿ ਤੁਸੀਂ ਆਪਣੀ ਹੀ ਚੰਮ ਲਾਹ ਕੇ ਇੰਟਰਸਟ ਪੇਅ ਕਰੋ, ਇਸ ਤਰ੍ਹਾਂ ਤਾਂ ਅਸੀਂ 1200 ਕਰੋੜ ਰੁਪਿਆ ਵੀ ਨਹੀਂ ਖਰਚ ਸਕਦੇ। ਅੱਜ ਇਹ ਲੜਾਈ ਸਾਨੂੰ ਲੜਨ ਦੀ ਲੋੜ ਹੈ।

**ਰਾਣਾ ਗੁਰਜੀਤ ਸਿੰਘ (ਬੈਠੇ ਬੈਠੇ):** ਅਮਨ ਜੀ, solution ਦੱਸੋ?

**ਮਾਣਯੋਗ ਸਪੀਕਰ:** ਚੇਅਰ ਨੂੰ ਐਡਰੈੱਸ ਕੀਤਾ ਜਾਵੇ। ਆਪਸ ਵਿੱਚ ਗੱਲ ਨਾ ਕੀਤੀ ਜਾਵੇ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ:** ਸਪੀਕਰ ਸਾਹਿਬ, solution ਤਾਂ ਇਹ ਹੈ ਕਿ ਸੀ.ਐਮ. ਸਾਹਿਬ ਨਾਰਮਜ਼ ਰਿਵਾਇਜ਼ ਕਰਨ ਲਈ ਪ੍ਰਧਾਨ ਮੰਤਰੀ ਨੂੰ 15 ਦਿਨ ਪਹਿਲਾਂ ਹੀ ਚਿੱਠੀ ਲਿਖ ਚੁੱਕੇ ਹਨ ਪਰ ਉਹ ਜਨਾਬ ਸਾਨੂੰ ਟਾਈਮ ਹੀ ਨਹੀਂ ਦਿੰਦੇ। ਮੈਨੂੰ ਤਾਂ ਇਹੀ solution ਨਜ਼ਰ ਆਉਂਦਾ ਹੈ ਕਿ ਇੱਥੇ ਆਪਾਂ 92-98-95 ਕਰਨ ਦੀ ਬਜਾਏ ਅੱਜ ਜਦੋਂ ਸੈਸ਼ਨ ਮੁੱਕੇ ਤਾਂ 117 ਬੰਦਿਆਂ ਦੇ ਜ਼ਰੀਏ ਤਿੰਨ ਕਰੋੜ ਲੋਕਾਂ ਦੀ ਆਵਾਜ਼ ਕੇਂਦਰ ਦੀ ਅੰਨ੍ਹੀ, ਬੋਲੀ, ਗੂੰਗੀ ਸਰਕਾਰ ਤੱਕ ਇਹ ਮੈਸੇਜ ਪਹੁੰਚਾਈਏ ਕਿ ਇਹ ਜਿਹੜੇ ਨਾਰਮਜ਼ ਹਨ, ਇਨ੍ਹਾਂ ਨੂੰ ਰਿਵਾਈਜ਼ ਕੀਤਾ ਜਾਵੇ। ਜੋ ਅਸੀਂ ਮੰਗਿਆ ਹੈ, ਉਹ ਤਾਂ ਐਡੀਸ਼ਨਲ ਪੈਕੇਜ ਹੈ, ਜਿਸ ਦੀ ਅੱਜ ਪੰਜਾਬ ਨੂੰ ਲੋੜ ਹੈ। ਸਪੀਕਰ ਸਾਹਿਬ, ਮੈਂ ਪਿੰਡ ਮਰੜ, ਹਰੀਕੇ ਪੱਤਣ ਵਿਖੇ ਸਰਦਾਰ ਲਾਲਜੀਤ ਭੁੱਲਰ ਜੀ ਨਾਲ ਗਿਆ ਸੀ। ਦਰਿਆ ਤੇ ਇੱਕ ਬੰਦੇ ਦਾ ਘਰ ਤੇ ਜ਼ਮੀਨ ਸੀ, ਨੀਚੇ ਆਇਆ ਤਾਂ ਰਾਤੋ-ਰਾਤ ਉਸ ਬੰਦੇ ਦੀ 5 ਕਨਾਲ ਜਗ੍ਹਾ ਦਰਿਆ ਵਿੱਚ ਵਹਿ ਗਈ। ਮੇਰਾ ਵੀਰ-ਭੈਣ, ਮਾਂ ਅਤੇ ਬੱਚੇ ਮੇਰੇ ਕੋਲੋਂ ਅਤੇ ਸਰਦਾਰ ਲਾਲਜੀਤ ਭੁੱਲਰ ਕੋਲੋਂ ਰੌਂਦੇ ਨਾ ਵੇਖੇ ਗਏ। ਮੇਰੀ ਹੱਥ ਜੋੜ ਕੇ ਬੇਨਤੀ ਹੈ ਆਪਾਂ ਜਿੰਨੇ ਮਰਜ਼ੀ ਕਾਊਂਟਰ ਐਲੀਗੇਸ਼ਨ ਲਗਾ ਲਈਏ ਪਰ ਅੰਤ ਵਿੱਚ solution ਇੱਕੋ ਹੋਣਾ ਚਾਹੀਦਾ ਹੈ ਕਿ ਸਾਰਾ ਪੰਜਾਬ 117 ਐਮ.ਐਲ.ਏਜ਼ ਦੇ ਜ਼ਰੀਏ ਇਕੱਠਾ ਹੋਵੇ। ਬਹੁਤ ਬਹੁਤ ਧੰਨਵਾਦ ਜੀ।

———

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ** : ਅੱਜ ਦੇ ਬੱਚੇ, ਕੱਲ੍ਹ ਦੇ ਨੇਤਾ। ਸਾਡੇ ਪੰਜਾਬ ਦਾ ਭਵਿੱਖ ਬਾਬਾ ਫਰੀਦ ਪਬਲਿਕ ਸਕੂਲ, ਫਰੀਦਕੋਟ ਅਤੇ ਮੇਜਰ ਅਜਾਇਬ ਸਿੰਘ ਕਾਨਵੈਂਟ ਸਕੂਲ, ਜਿਉਣਵਾਲਾ, ਫਰੀਦਕੋਟ ਦੇ ਬੱਚੇ ਅੱਜ ਇੱਥੇ ਸਦਨ ਦੀ ਕਾਰਵਾਈ ਵੇਖਣ ਆਏ ਹਨ। ਆਉ ਆਪਾਂ ਸਾਰੇ ਉਨ੍ਹਾਂ ਦਾ ਸਵਾਗਤ ਕਰੀਏ। (ਥੰਪਿੰਗ)

---

## RESUMPTION OF DISCUSSION ON RESOLUTION ON REHABILITATION OF PUNJAB, CONDEMNING UNION GOVERNMENT'S FAILURE TO PROVIDE COMMENSURATE FLOOD RELIEF PACKAGE AND DEMANDING IMMEDIATE Rs. 1600 CRORE RELEASE PLUS ENHANCED PACKAGE OF Rs. 20,000 CRORE (*Resumption*)

**ਮਾਣਯੋਗ ਸਪੀਕਰ** : ਸਰਦਾਰ ਪਰਗਟ ਸਿੰਘ ਜੀ, ਤੁਸੀਂ ਕੀ ਕਹਿਣਾ ਚਾਹੁੰਦੇ ਹੋ?

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ)** : ਸਪੀਕਰ ਸਾਹਿਬ, ਮੈਂ ਤਾਂ ਇੱਕੋ ਗੱਲ ਕਹਿਣੀ ਚਾਹੁੰਦਾ ਹਾਂ ਕਿ ਅਮਨ ਅਰੋੜਾ ਜੀ ਨੇ ਬਿਲਕੁਲ ਠੀਕ ਕਿਹਾ ਹੈ। ਜਿਹੜੀਆਂ ਸੈਂਟਰ ਦੀਆਂ ਦੋ ਏਜੰਸੀਆਂ ਹਨ, ਚਾਹੇ ਉਹ BBMB ਹੈ ਜਾਂ IMD ਹੈ, ਉਨ੍ਹਾਂ ਨੇ ਪੰਜਾਬ ਨਾਲ ਇੰਨਾ ਵੱਡਾ ਫਰਾਡ ਕੀਤਾ ਹੈ। ਸੀ.ਐਮ. ਸਾਹਿਬ ਇੱਥੇ ਕਹਿ ਕੇ ਗਏ ਹਨ ਕਿ ਹਿਮਾਚਲ ਦੇ ਸੀ.ਐਮ. ਨੇ ਕੀ ਕੀਤਾ ਹੈ ਕਿ ਉਨ੍ਹਾਂ ਨੇ BBMB ਉਤੇ FIR ਦਰਜ ਕਰਵਾਈ ਹੈ। ਅਮਨ ਅਰੋੜਾ ਜੀ, ਆਪਣੇ ਕੋਲੋਂ ਇੱਕ ਸਾਲ ਬੀ.ਜੇ.ਪੀ. ਦੀ ਸਰਕਾਰ ਖਿਲਾਫ ਉਸ ਮੁੰਡੇ ਸ਼ੁਭਕਰਨ ਦੀ FIR ਨਹੀਂ ਦਰਜ ਹੋਈ, ਹਰਿਆਣਾ ਵਿੱਚ BJP ਦੀ ਸਰਕਾਰ ਹੈ, ਆਪਾਂ ਸਾਰੇ ਜਣੇ ਇੱਥੇ ਆ ਕੇ ਰੈਜ਼ੋਲਿਊਸ਼ਨ ਪਾ ਲਈਏ।

**ਮਾਣਯੋਗ ਸਪੀਕਰ** : ਧੰਨਵਾਦ ਜੀ।

**ਸਰਦਾਰ ਪਰਗਟ ਸਿੰਘ ਪੋਆਰ :** ਲੇਕਿਨ at the same time ਉਥੇ ਚੱਲੀਏ। ਜੇ ਉਥੇ ਨਾ ਗਏ ਤਾਂ ਆਉਣ ਵਾਲੇ ਸਮੇਂ ਵਿੱਚ ਵੀ ਇਹੋ ਹੋਣਾ ਹੈ, ਜੋ ਹੁਣ ਹੋ ਰਿਹਾ ਹੈ ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਬੈਠੇ ਬੈਠੇ)** : ਬਿਲਕੁਲ ਠੀਕ ਕਿਹਾ ਜੀ।

**ਸਰਦਾਰ ਪਰਗਟ ਸਿੰਘ ਪੋਆਰ** : ਇਸ ਵਿੱਚ ਕੋਈ ਸ਼ੱਕ ਵਾਲੀ ਗੱਲ ਨਹੀਂ ਹੈ। ਉਨ੍ਹਾਂ ਦੋਨਾਂ ਏਜੰਸੀਆਂ ਖਿਲਾਫ ਐਫ.ਆਈ.ਆਰ. ਦਰਜ ਹੋਣੀ ਚਾਹੀਦੀ ਹੈ ਤਾਂ ਇਨ੍ਹਾਂ ਨੂੰ ਕਿਤੇ ਮਾੜਾ-ਮੋਟਾ ਸੇਕ ਲੱਗੇਗਾ। ਅਦਰਵਾਈਜ਼ ਤਾਂ ਉਹ ਬੀ.ਜੇ.ਪੀ. ਵਾਲੇ ਬਾਹਰ ਮਜ੍ਹਮਾ ਲਗਾ ਰਹੇ ਹਨ ਤੇ ਆਪਾਂ ਇੱਥੇ ਅੰਦਰ ਰੈਜ਼ੋਲਿਊਸ਼ਨ ਪਾ ਰਹੇ ਹਾਂ। ਕਈ ਵਾਰੀ ਇਹੋ ਜਿਹੇ ਰੈਜ਼ੋਲਿਊਸ਼ਨ ਕਿਸੇ ਬਾਬੂ ਕੋਲ ਹੀ ਪਏ ਰਹਿ ਜਾਂਦੇ ਹਨ। ਆਪਾਂ 100-150-200 ਰੈਜ਼ੋਲਿਊਸ਼ਨ ਪਾਏ ਹੋਣਗੇ ਜਿਹੜੇ ਹਾਲੇ ਪੈਂਡਿੰਗ ਹੀ ਪਏ ਹੋਣੇ ਹਨ। ਸੋ, ਇਸ ਕਰਕੇ ਆਪਾਂ ਜਿੰਨਾ ਚਿਰ ਪੁਲੀਟੀਕਲ ਲੜਾਈ ਨਹੀਂ ਲੜਦੇ, ਦਿੱਲੀ ਨਹੀਂ ਜਾਂਦੇ, ਉਦੋਂ ਤੱਕ ਗੱਲ ਨਹੀਂ ਬਣਨੀ, ਚੱਲੋ ਚੱਲੀਏ। ਕੌਣ ਰੋਕਦਾ ਹੈ? ਪੰਜਾਬ ਦਾ ਡੈਮ ਸੇਫਟੀ ਐਕਟ ਲਿਆਉਣ ਤੋਂ ਕੌਣ ਰੋਕਦਾ ਹੈ? ਦੱਸੋ ਤਾਂ ਸਹੀ। ਲਿਆਉ ਤਾਂ ਸਹੀ। ਆਪਾਂ ਇੱਥੇ ਇੱਕ-ਦੋ ਦਿਨ ਦਾ ਸੈਸ਼ਨ ਲਗਾ ਕੇ ਗੱਲ

ਮੁਕਾ ਕੇ ਬਹਿ ਜਾਂਦੇ ਹਾਂ। ਇੱਕ-ਦੂਸਰੇ ਤੇ ਐਲੀਗੇਸ਼ਨ ਲਗਾਉਂਦੇ ਹਾਂ। ਤੁਹਾਡੀਆਂ ਗੱਲਾਂ 100% ਠੀਕ ਹਨ ਲੇਕਿਨ ਇਸ ਲਈ ਸਾਨੂੰ ਦਿੱਲੀ ਜਾ ਕੇ ਪੁਲੀਟੀਕਲ ਲੜਾਈ ਲੜਨੀ ਪਵੇਗੀ ਅਦਰਵਾਈਜ਼ ਆਪਣੇ ਪੱਲੇ ਕੁਝ ਨਹੀਂ ਪੈਣਾ।

**ਮਾਣਯੋਗ ਸਪੀਕਰ** : ਧੰਨਵਾਦ ਜੀ। ਸਰਦਾਰ ਗੁਰਦੀਪ ਸਿੰਘ ਰੰਧਾਵਾ। You have five minutes.

**ਸਰਦਾਰ ਗੁਰਦੀਪ ਸਿੰਘ ਰੰਧਾਵਾ (ਡੇਰਾ ਬਾਬਾ ਨਾਨਕ)** : ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਅੱਜ ਜਿਹੜਾ ਹੜ੍ਹਾਂ ਦੇ ਸਬੰਧ ਵਿੱਚ ਸੈਸ਼ਨ ਰੱਖਿਆ ਹੈ, ਉਸ ਵਿੱਚ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਸਭ ਤੋਂ ਪਹਿਲਾਂ ਮੈਂ ਆਪਣੇ ਹਲਕੇ ਡੇਰਾ ਬਾਬਾ ਨਾਨਕ ਦੀ ਗੱਲ ਕਰਾਂਗਾ ਜਿੱਥੇ ਧੁੱਸੀ ਬੰਨ੍ਹਾਂ ਕਾਰਨ ਹੜ੍ਹਾਂ ਨਾਲ 150 ਪਿੰਡਾਂ ਦਾ ਨੁਕਸਾਨ ਹੋਇਆ ਹੈ। ਲਗਭਗ 1 ਲੱਖ ਦੇ ਕਰੀਬ ਲੋਕ ਹੜ੍ਹਾਂ ਦੀ ਮਾਰ ਹੇਠ ਆਏ ਹਨ। ਸਪੀਕਰ ਸਾਹਿਬ, ਮੈਂ ਆਪ ਜੀ ਦੇ ਧਿਆਨ ਵਿੱਚ ਇਹ ਵੀ ਲਿਆਉਣਾ ਚਾਹੁੰਦਾ ਹਾਂ ਕਿ ਮਕਾਨ ਦੀ ਰਿਪੇਅਰ ਵਾਸਤੇ ਮੁਆਵਜ਼ਾ ਰਾਸ਼ੀ 35,000 ਰੁਪਏ ਹੈ ਅਤੇ ਡਿੱਗ ਚੁੱਕੇ ਮਕਾਨ ਵਾਸਤੇ ਮੁਆਵਜ਼ਾ ਰਾਸ਼ੀ 1,20,000 ਰੁਪਏ ਹੈ ਜੋ ਕਿ ਬਹੁਤ ਘੱਟ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਹ ਰਾਸ਼ੀ 35,000 ਰੁਪਏ ਤੋਂ ਵਧਾ ਕੇ 1,00,000 ਰੁਪਏ ਕੀਤੀ ਜਾਵੇ ਅਤੇ 1,20,000 ਰੁਪਏ ਤੋਂ ਵਧਾ ਕੇ 5,00,000 ਰੁਪਏ ਕੀਤੀ ਜਾਵੇ ਤਾਂ ਜੋ ਲੋਕ ਆਪਣਾ ਰੈਣ ਬਸੇਰਾ ਦੁਬਾਰਾ ਬਣਾ ਸਕਣ। 35,000 ਰੁਪਏ ਨਾਲ ਨਾ ਤਾਂ ਘਰ ਦੀ ਰਿਪੇਅਰ ਹੋ ਸਕਦੀ ਹੈ ਅਤੇ 1,20,000 ਰੁਪਏ ਨਾਲ ਨਾ ਹੀ ਘਰ ਬਣਾਇਆ ਜਾ ਸਕਦਾ ਹੈ।

ਅੱਗੇ ਮੈਂ ਕਿਸਾਨਾਂ ਦੀ ਗੱਲ ਕਰਾਂਗਾ। ਪੰਜਾਬ ਦਾ ਕਿਸਾਨ, ਜਿਹੜਾ ਕਿ ਅੰਨਦਾਤਾ ਹੈ, ਇਸ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ। ਮੁੱਖ ਮੰਤਰੀ ਸਾਹਿਬ ਦਾ ਧੰਨਵਾਦ, ਜਿਨ੍ਹਾਂ ਨੇ ਪ੍ਰਤੀ ਏਕੜ 20,000 ਰੁਪਏ ਮੁਆਵਜ਼ਾ ਅਨਾਊਂਸ ਕੀਤਾ ਹੈ, ਇਹ ਬਹੁਤ ਵਧੀਆ ਗੱਲ ਹੈ। ਮੈਂ ਇੱਕ ਗੱਲ ਜ਼ਰੂਰ ਰੱਖਣੀ ਚਾਹੁੰਦਾ ਹਾਂ ਕਿ ਜਿਹੜੀ 5 ਏਕੜ ਦੀ ਸ਼ਰਤ ਹੈ, 5 ਏਕੜ ਦੀ ਗਿਰਦਾਵਰੀ ਦੇ ਹੁਕਮ ਹਨ, ਉਸ ਬਾਰੇ ਮੈਂ ਬੇਨਤੀ ਕਰਾਂਗਾ ਕਿ ਭਾਵੇਂ ਕਿਸੇ ਦੀ 10 ਏਕੜ ਹੋਵੇ ਜਾਂ 15 ਏਕੜ ਹੋਵੇ, ਇਹ ਸ਼ਰਤ ਖਤਮ ਕਰਕੇ ਪੂਰੀ ਗਿਰਦਾਵਰੀ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਜਿੰਨੀ ਕਿਸੇ ਦੀ ਫਸਲ ਦਾ ਨੁਕਸਾਨ ਹੋਇਆ ਹੈ, ਉਸ ਦਾ ਪੂਰਾ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ, ਇਹ ਜ਼ਿਮੀਂਦਾਰਾਂ ਦੀ ਬਹੁਤ ਵੱਡੀ ਮੰਗ ਹੈ। ਇੱਕ ਘਰ ਦੇ ਤਿੰਨ ਚਾਰ ਜੀਅ ਹੁੰਦੇ ਹਨ ਅਤੇ ਜਦੋਂ 5-5 ਕਿੱਲੇ ਦੀ ਗਿਰਦਾਵਰੀ ਹੁੰਦੀ ਹੈ ਤਾਂ ਲੋਕੀਂ ਪਟਵਾਰੀਆਂ ਤੱਕ ਅਪਰੋਚ ਕਰਨਗੇ ਅਤੇ ਪਟਵਾਰੀ ਉਨ੍ਹਾਂ ਲੋਕਾਂ ਦਾ ਸ਼ੋਸ਼ਣ ਕਰਨਗੇ। ਇਸ ਕਰਕੇ ਮੈਂ ਇਹ ਗੱਲ ਆਪ ਜੀ ਦੇ ਧਿਆਨ ਵਿੱਚ ਲਿਆਂਦੀ ਹੈ।

ਸਪੀਕਰ ਸਾਹਿਬ, ਮੈਂ ਅਗਲੀ ਗੱਲ ਕਰਾਂਗਾ ਕਿ ਮੁੱਖ ਮੰਤਰੀ ਸਾਹਿਬ ਨੇ ਬਹੁਤ ਵਧੀਆ ਗੱਲ ਕੀਤੀ ਹੈ ਕਿ ਜਿਸ ਦਾ ਖੇਤ, ਉਸ ਦੀ ਰੇਤ, ਇਹ ਬਹੁਤ ਵਧੀਆ ਗੱਲ ਹੈ। ਇਸ ਸਕੀਮ ਲਈ ਮੈਂ ਸਮਝਦਾ ਹਾਂ ਕਿ ਸਮਾਂ ਬਹੁਤ ਘੱਟ ਦਿੱਤਾ ਗਿਆ ਹੈ। ਮੈ ਚਾਹੁੰਦਾ ਹਾਂ ਕਿ ਇਸ ਕੰਮ ਲਈ ਕਿਸਾਨਾਂ ਨੂੰ ਲਗਭਗ ਇੱਕ ਸਾਲ ਦਾ ਸਮਾਂ ਦਿੱਤਾ ਜਾਣਾ ਚਾਹੀਦਾ ਹੈ ਕਿਉਂਕਿ ਇੰਨੇ ਥੋੜ੍ਹੇ ਸਮੇਂ ਵਿੱਚ ਖੇਤ ਸਾਫ ਕਰਨੇ ਸੰਭਵ ਨਹੀਂ ਹਨ। ਜ਼ਿਮੀਂਦਾਰਾਂ ਕੋਲ ਇਸ ਲਈ ਲੋੜੀਂਦੇ ਸਾਧਨ ਨਹੀਂ ਹਨ ਕਿ ਉਹ ਇੰਨੀ ਜਲਦੀ ਰੇਤ ਉਠਾ ਸਕਣ। ਜੇ ਉਨ੍ਹਾਂ ਨੂੰ ਇੱਕ ਸਾਲ ਦਾ ਸਮਾਂ ਦਿੱਤਾ ਜਾਂਦਾ ਹੈ ਤਾਂ ਮੈਂ ਸਮਝਦਾ ਹਾਂ ਕਿ ਕਿਸਾਨ ਇੱਕ ਸਾਲ ਵਿੱਚ ਆਪਣੇ ਖੇਤ ਸਾਫ ਕਰ ਲਵੇਗਾ। ਇਹ ਗੱਲ ਵੀ ਮੈਂ ਤੁਹਾਡੇ ਧਿਆਨ ਵਿੱਚ ਲਿਆਉਣੀ ਚਾਹੁੰਦਾ ਸੀ।

ਸਪੀਕਰ ਸਾਹਿਬ, ਮੈਂ ਅਗਲੀ ਗੱਲ ਧੁੱਸੀ ਬੰਨ੍ਹਾਂ ਦੀ ਕਰਨੀ ਚਾਹੁੰਦਾ ਹਾਂ, ਜਿਨ੍ਹਾਂ ਕਰਕੇ ਵੱਡਾ ਨੁਕਸਾਨ ਹੋਇਆ ਹੈ। ਉਸ ਦਿਨ ਵੀ ਸਾਡੇ ਮੰਤਰੀ ਗੋਇਲ ਜੀ ਅਤੇ ਕ੍ਰਿਸ਼ਨ ਕੁਮਾਰ ਜੀ ਬਾਰੇ ਬੜਾ ਕੁਝ ਬੋਲਿਆ ਗਿਆ ਕਿ ਇਨ੍ਹਾਂ ਨੂੰ ਅਸਤੀਫਾ ਦੇਣਾ ਚਾਹੀਦਾ ਹੈ। ਮੈਂ ਸਾਰੇ ਸਦਨ ਦੇ ਧਿਆਨ ਲਿਆਉਣਾ ਚਾਹੁੰਦਾ ਹਾਂ ਕਿ ਜਿੰਨਾ ਕੰਮ ਗੋਇਲ ਸਾਹਿਬ ਨੇ ਕੀਤਾ ਹੈ, ਕਿਸੇ ਹੋਰ ਨੇ ਨਹੀਂ ਕੀਤਾ। ਸਾਡੇ ਮੈਡਮ ਅਰੁਨਾ ਚੌਧਰੀ, ਮੇਰਾ ਖਿਆਲ ਹੈ ਕਿ ਇਹ 20-25 ਸਾਲ ਤੋਂ ਐਮ.ਐਲ.ਏ. ਬਣਦੇ ਰਹੇ ਹਨ, ਸਰਕਾਰਾਂ ਵਿੱਚ ਮੰਤਰੀ ਬਣਦੇ ਰਹੇ ਹਨ, ਇਨ੍ਹਾਂ ਨੇ ਅੱਜ ਤੱਕ ਇੱਥੇ ਕਦੇ ਸੱਕੀ ਨਾਲੇ ਦੀ ਗੱਲ ਨਹੀਂ ਉਠਾਈ। ਇਹ ਪਹਿਲੀ ਵਾਰੀ ਹੋਇਆ ਹੈ ਕਿ ਇੱਥੇ ਸੱਕੀ ਨਾਲੇ ਦੀ ਗੱਲ ਹੋਈ ਹੈ ਅਤੇ ਗੋਇਲ ਸਾਹਿਬ ਦੀ ਅਗਵਾਈ ਵਿੱਚ ਗੁਰਦਾਸਪੁਰ ਤੋਂ ਲੈ ਕੇ ਡੇਰਾ ਬਾਬਾ ਨਾਨਕ ਤੱਕ ਸੱਕੀ ਨਾਲੇ ਦੀ ਸਫਾਈ ਹੋਈ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਡੇਰਾ ਬਾਬਾ ਨਾਨਕ ਹਲਕੇ ਵਿੱਚ ਸੱਕੀ ਨਾਲੇ ਦੀ ਸਫਾਈ ਦਾ ਕੰਮ ਬਾਰਸ਼ਾਂ ਕਰਕੇ ਰੁਕ ਗਿਆ। ਇਸ ਲਈ ਮੈਂ ਅੱਜ ਗੋਇਲ ਸਾਹਿਬ ਨੂੰ ਬੇਨਤੀ ਕਰਾਂਗਾ।

**ਸ੍ਰੀਮਤੀ ਅਰੁਨਾ ਚੌਧਰੀ** : ਸਰ, ਪੁਆਇੰਟ ਆਫ ਆਰਡਰ।

**ਮਾਣਯੋਗ ਸਪੀਕਰ** : ਮੈਂਬਰ ਸਾਹਿਬ ਨੂੰ ਕੰਪਲੀਟ ਕਰ ਲੈਣ ਦਿਓ।

**ਸ੍ਰੀਮਤੀ ਅਰੁਨਾ ਚੌਧਰੀ** : ਸਰ, ਮੇਰਾ ਨਾਂ ਲਿਆ ਹੈ ਜੀ।

**ਮਾਣਯੋਗ ਸਪੀਕਰ** : ਇੱਕ ਮਿੰਟ ਜੀ, ਇੱਕ ਮਿੰਟ ਰੁਕੋ। ਹਾਂ ਜੀ, ਤੁਸੀਂ ਦੱਸੋ ਕੀ ਕਹਿਣਾ ਚਾਹੁੰਦੇ ਹੋ?

**ਸ੍ਰੀਮਤੀ ਅਰੁਨਾ ਚੌਧਰੀ** : ਮੇਰਾ ਨਾਂ ਲਿਆ ਗਿਆ ਹੈ, ਇਸ ਕਰਕੇ ਮੈਨੂੰ ਬੋਲਣਾ ਪਿਆ ਹੈ। ਜਿਹੜੀ ਇਨ੍ਹਾਂ ਨੇ ਸੱਕੀ ਨਾਲੇ ਦੀ ਸਫਾਈ ਬਾਰੇ ਗੱਲ ਕਹੀ ਹੈ, ਤੁਸੀਂ ਮੇਰੇ ਨਾਲ ਚੱਲੋ, ਮੇਰੇ ਦੀਨਾਨਗਰ ਹਲਕੇ ਤੋਂ ਸ਼ੁਰੂ ਹੋ ਕੇ ਡੇਰਾ ਬਾਬਾ ਨਾਨਕ ਤੱਕ ਚੱਲ ਕੇ ਤੁਸੀਂ ਦੇਖ ਸਕਦੇ ਹੋ ਭਾਵੇਂ ਤੁਸੀਂ ਇਸ ਵਾਸਤੇ ਹਾਊਸ ਦੀ ਕਮੇਟੀ ਬਣਾ ਲਉ, ਇਸ ਨਾਲ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਜਾਵੇਗਾ ਕਿ ਉੱਥੇ ਕਿੰਨੀ ਕੁ ਸਫਾਈ ਹੋਈ ਹੈ। ਤੁਹਾਡੇ ਸਾਹਮਣੇ ਹੀ ਕਲੀਅਰ ਹੋ ਜਾਵੇਗਾ।

**ਮਾਣਯੋਗ ਸਪੀਕਰ** : ਧੰਨਵਾਦ ਜੀ। ਬੈਠੋ ਮੈਡਮ ਜੀ, ਬੈਠੋ, ਤੁਹਾਡੀ ਗੱਲ ਹੋ ਗਈ। ਹਾਂ ਜੀ, ਰੰਧਾਵਾ ਸਾਹਿਬ।

**ਸਰਦਾਰ ਗੁਰਦੀਪ ਸਿੰਘ ਰੰਧਾਵਾ** : ਤੁਸੀਂ 20-25 ਸਾਲ ਤੋਂ ਇਸੇ ਸਦਨ ਵਿੱਚ ਬੈਠੇ ਹੋ, ਤੁਸੀਂ ਅੱਜ ਤੱਕ ਧੁੱਸੀ ਬੰਨ੍ਹ ਦਾ, ਸੱਕੀ ਨਾਲੇ ਦਾ ਮੁੱਦਾ ਕਿਉਂ ਨਹੀਂ ਉਠਾਇਆ? ਜਦੋਂ ਆਮ ਆਦਮੀ ਪਾਰਟੀ ਨੇ ਇਹ ਮੁੱਦਾ ਉਠਾਇਆ ਤਾਂ ਗੁਰਦਾਸਪੁਰ ਦੀਨਾਨਗਰ ਤੋਂ ਲੈ ਕੇ ਮੇਰੇ ਹਲਕੇ ਤੱਕ ਸਫਾਈ ਹੋਈ ਹੈ। ਤੁਸੀਂ ਕਿਵੇਂ ਕਹਿੰਦੇ ਹੋ ਕਿ ਸਫਾਈ ਨਹੀਂ ਹੋਈ ਹੈ? ਤੁਸੀਂ ਮੇਰੇ ਨਾਲ ਚੱਲੋ, ਮੇਰੇ ਨਾਲ ਚੱਲੋ, ਮੈਂ ਤੁਹਾਨੂੰ ਦਿਖਾਉਂਦਾ ਹਾਂ ਕਿ ਸਫਾਈ ਹੋਈ ਹੈ ਜਾਂ ਨਹੀਂ ਹੋਈ। (ਵਿਘਨ) ਸੁਣ ਲਉ ਹੁਣ ਮੇਰੀ ਗੱਲ, ਬੈਠ ਜਾਉ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਬਰਿੰਦਰਮੀਤ ਸਿੰਘ ਪਾਹੜਾ, ਸ੍ਰੀ ਅਵਤਾਰ ਸਿੰਘ ਜੂਨੀਅਰ ਅਤੇ ਸ੍ਰੀਮਤੀ ਅਰੁਨਾ ਚੌਧਰੀ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਣਯੋਗ ਸਪੀਕਰ**: ਚੇਅਰ ਨੂੰ ਐਡਰੈੱਸ ਕੀਤਾ ਜਾਵੇ। ਰੰਧਾਵਾ ਸਾਹਿਬ, ਚੇਅਰ ਨੂੰ ਐਡਰੈੱਸ ਕਰੋ ਤੇ ਆਪਣੀ ਗੱਲ ਜਾਰੀ ਰੱਖੋ। ਤੁਸੀਂ ਆਪਣੀ ਗੱਲ ਜਾਰੀ ਰੱਖੋ। (ਵਿਘਨ)

**ਸਰਦਾਰ ਗੁਰਦੀਪ ਸਿੰਘ ਰੰਧਾਵਾ** : ਕਾਗਜ਼ਾਂ ਵਿੱਚ ਤੁਹਾਡੀਆਂ ਸਫਾਈਆਂ ਹੋਈਆਂ ਹੋਣੀਆਂ। (ਵਿਘਨ) (ਸ਼ੋਰ) ਮੇਰੀ ਅਗਲੀ ਗੱਲ ਸੁਣ ਲਉ।

**ਮਾਣਯੋਗ ਸਪੀਕਰ** : ਰੰਧਾਵਾ ਸਾਹਿਬ, ਤੁਸੀਂ ਆਪਣੀ ਗੱਲ ਜਾਰੀ ਰੱਖੋ। ਤੁਸੀਂ ਇਨ੍ਹਾਂ ਨੂੰ ਸੁਣਾਉਣ ਲਈ ਨਹੀਂ ਆਏ ਹੋ, ਤੁਸੀਂ ਆਪਣੀ ਗੱਲ ਕਹਿਣ ਲਈ ਆਏ ਹੋ, ਤੁਸੀਂ ਆਪਣੀ ਗੱਲ ਕਰੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਸੰਦੀਪ ਜਾਖੜ ਨੂੰ ਛੱਡ ਕੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਸਰਦਾਰ ਗੁਰਦੀਪ ਸਿੰਘ ਰੰਧਾਵਾ** : ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਮੈਨੂੰ ਬੋਲ ਲੈਣ ਦਿਉ, ਮੇਰੇ ਬੋਲਣ ਤੋਂ ਬਾਅਦ ਜਵਾਬ ਦੇਣ। ਹੁਣ ਇਨ੍ਹਾਂ ਨੂੰ ਮਿਰਚਾਂ ਲੱਗੀਆਂ ਹਨ। ਇਨ੍ਹਾਂ ਨੂੰ ਸੱਚੀ ਗੱਲ ਦੀਆਂ ਮਿਰਚਾਂ ਲੱਗੀਆਂ ਹਨ। ਇੱਥੇ ਤੁਸੀਂ 25-25 ਸਾਲ ਤੋਂ ਸਦਨ ਵਿੱਚ ਬੈਠ ਕੇ ਜੋ ਗੁਰਦਾਸਪੁਰ ਦੇ ਲੋਕਾਂ ਦਾ ਸ਼ੋਸ਼ਣ ਕੀਤਾ ਹੈ, ਅੱਜ ਤੁਹਾਨੂੰ ਉਹ ਦੱਸਣਗੇ। ਅੱਜ ਡੇਰਾ ਬਾਬਾ ਨਾਨਕ ਦੇ ਲੋਕਾਂ ਨੇ ਮੱਤ ਦਿੱਤੀ ਹੈ ਤੇ ਆਉਣ ਵਾਲੇ ਸਮੇਂ ਵਿੱਚ ਗੁਰਦਾਸਪੁਰ ਦੇ ਲੋਕ ਤੁਹਾਨੂੰ ਸਾਰਿਆਂ ਨੂੰ ਮੱਤ ਦੇਣਗੇ। ਆ ਜਾਉ ਹੁਣ ਮੈਦਾਨ ਵਿੱਚ। ਮੈਂ ਅਗਲੀ ਗੱਲ ਕਰਾਂਗਾ।

**ਮਾਣਯੋਗ ਸਪੀਕਰ** : ਬੱਸ, ਤੁਹਾਡੀ ਗੱਲ ਹੋ ਗਈ ਹੈ। ਤੁਸੀਂ ਬੈਠੋ। ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ ਜੀ। (ਵਿਘਨ, ਸ਼ੋਰ) ਗੁਰਪ੍ਰੀਤ ਜੀ, ਤੁਸੀਂ ਬੋਲੋ। (ਵਿਘਨ, ਸ਼ੋਰ) ਬੈਠੋ ਜੀ, ਬੈਠੋ। ਇੱਕ ਮਿੰਟ ਬੈਠੋ ਜੀ। ਬਾਜਵਾ ਜੀ, ਦੱਸੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਰੰਧਾਵਾ ਸਾਹਿਬ, ਇੱਕ ਮਿੰਟ।

**ਮਾਣਯੋਗ ਸਪੀਕਰ** : ਇੱਧਰ, ਇੱਧਰ ਚੇਅਰ ਨੂੰ ਐਡਰੈੱਸ ਕਰੋ। (ਗੈਵਲ ਮਾਰਦੇ ਹੋਏ) (ਵਿਘਨ, ਸ਼ੋਰ)

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਰ, ਮੇਰੀ ਬੇਨਤੀ ਇੰਨੀ ਹੈ ਕਿ ਅਸੀਂ ਇਨ੍ਹਾਂ ਦੀ ਬੜੀ ਇੱਜ਼ਤ ਕਰਦੇ ਹਾਂ। ਅਸੀਂ ਇਨ੍ਹਾਂ ਦੀ ਗੱਲ ਨੂੰ reiterate ਕਰਦੇ ਹਾਂ, ਅਸੀਂ ਸੁਜੈਸ਼ਨ ਨੂੰ ਵੈੱਲਕਮ ਕਰਦੇ ਹਾਂ। ਇੱਕ ਹਾਊਸ ਕਮੇਟੀ ਬਣਾਉ। ਅਸੀਂ ਨਾਲ ਚਲਦੇ ਹਾਂ ਤੇ ਦੇਖਦੇ ਹਾਂ ਕਿ ਸੱਕੀ ਨਾਲੇ ਦੀ ਕਿੰਨੀ ਸਫਾਈ ਹੋਈ ਹੈ?

**ਮਾਣਯੋਗ ਸਪੀਕਰ**: ਧੰਨਵਾਦ ਜੀ, ਤੁਹਾਡੀ ਗੱਲ ਆ ਗਈ। ਠੀਕ ਹੈ। ਸਰਦਾਰ ਹਰਪਾਲ ਸਿੰਘ ਚੀਮਾ ਜੀ। (ਵਿਘਨ)

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਂ ਰੰਧਾਵਾ ਸਾਹਿਬ ਤੇ ਬਾਜਵਾ ਸਾਹਿਬ ਦੀ ਕਨਵਰਸੇਸ਼ਨ ਸੁਣ ਰਿਹਾ ਸੀ। (ਵਿਘਨ)

**ਮਾਣਯੋਗ ਸਪੀਕਰ** : ਰੰਧਾਵਾ ਸਾਹਿਬ, ਹੁਣ ਤੁਸੀਂ ਬੈਠ ਜਾਉ, ਤੁਹਾਡੀ ਗੱਲ ਆ ਗਈ ਹੈ, ਬੈਠ ਜਾਉ, ਪਲੀਜ਼। ਇੱਕ ਮਿੰਟ ਮੰਤਰੀ ਜੀ, (ਵਿਘਨ, ਸ਼ੋਰ) ਬੈਠੋ ਤੁਸੀਂ, ਬੈਠੋ ਜ਼ਰਾ। ਸਰਦਾਰ ਗੁਰਦੀਪ ਸਿੰਘ ਰੰਧਾਵਾ ਜੀ, ਤੁਹਾਡੇ ਮੰਤਰੀ ਜੀ ਖੜ੍ਹੇ ਹਨ, ਬੈਠੋ ਤੁਸੀਂ। You have taken your five minutes. ਤੁਹਾਡੇ ਪੰਜ ਮਿੰਟ ਹੋ ਗਏ ਹਨ, ਬੈਠੋ। ਹਾਂ ਜੀ, ਮੰਤਰੀ ਜੀ।

**ਵਿੱਤ ਮੰਤਰੀ** : ਮੈਂ ਦੇਖ ਰਿਹਾ ਸੀ ਕਿ ਬਾਜਵਾ ਸਾਹਿਬ ਹਰ ਇੱਕ ਗੱਲ ਵਿੱਚ ਕਦੇ ਹਾਊਸ ਕਮੇਟੀ ਬਣਾਉਣ ਦੀ ਗੱਲ ਕਰਦੇ ਹਨ, ਕਦੇ ਗੋਇਲ ਸਾਹਿਬ ਦੇ ਰਿਜ਼ਾਇਨ ਦੀ ਗੱਲ ਕਰਦੇ ਹਨ, ਕਦੇ ਕਹਿੰਦੇ ਹਨ ਕਿ ਕੰਮ ਨਹੀਂ ਹੋਇਆ। ਮੈਂ ਕੁਝ ਦੱਸਣਾ ਚਾਹੁੰਦਾ ਹਾਂ, ਜੇ ਮੈਂ ਗਲਤ ਹੋਇਆ ਤਾਂ ਮੈਨੂੰ ਕੁਰੈਕਟ ਕਰ ਦਿਉ। ਪਿੰਡ ਫੂਲੜਾ ਵਿੱਚ ਜ਼ਮੀਨ ਹੱਦ ਬਸਤ ਨੰ: 725, ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ, ਇੰਤਕਾਲ ਨੰ: 2248, ਬਰੂਹਾ ਵਸੀਕਾ ਨੰ: 561, ਮਿਤੀ 15.07.2025 ਬਦਲੇ 5 ਲੱਖ 45 ਹਜ਼ਾਰ ਰੁਪਏ ਪਰਚੇਜ਼ ਕੀਤੀ ਸੀ ਜਿਹੜੀ ਕਿ 16.10 ਮਰਲੇ ਸੀ। ਮੈਂ ਦੱਸਦਾ ਹਾਂ ਕਿ ਇਹ ਜ਼ਮੀਨ ਕਿਸ ਨੂੰ ਵੇਚੀ ਸੀ ਸ਼ਾਇਦ ਤੁਸੀਂ ਭੁੱਲ ਨਾ ਜਾਵੋ। ਰਾਜਦੀਪ ਕੌਰ ਪਤਨੀ ਨਿਰਮਲ ਸਿੰਘ ਪੁੱਤਰ ਦੀਦਾਰ ਸਿੰਘ, ਬਾਹਕ ਚਰਨਜੀਤ ਬਾਜਵਾ ਪਤਨੀ ਪ੍ਰਤਾਪ ਸਿੰਘ ਬਾਜਵਾ ਪੁੱਤਰ ਸਤਨਾਮ ਸਿੰਘ ਬਾਜਵਾ ਨੇ ਖੇਵਟ ਨੰ: 212 ਵਿੱਚੋਂ ਰਕਬਾ 9.5 ਬੈਅ ਹੋਇਆ ਹੈ। ਦੋਵਾਂ ਦਾ ਇੰਤਕਾਲ ਕੁੱਲ 16.10 ਮਰਲੇ ਲੈ ਲਿਆ ਹੈ। ਸਪੀਕਰ ਸਾਹਿਬ, ਇੰਪਾਰਟੈਂਟ ਗੱਲ ਹੈ ਕਿ ਉਕਤ ਰਕਬਾ ਬਿਆਸ ਦਰਿਆ ਦੇ ਨਾਲ ਧੁੱਸੀ ਬੰਨ੍ਹ ਦੇ ਅੰਦਰ ਪੈਂਦਾ ਹੈ। ਧੁੱਸੀ ਬੰਨ੍ਹ ਦੇ ਅੰਦਰ ਸਵਾ ਦੋ ਏਕੜ ਜ਼ਮੀਨ ਗਰੀਬ ਕਿਸਾਨ ਤੋਂ 2025 ਵਿੱਚ ਇਨ੍ਹਾਂ ਨੂੰ ਖਰੀਦਣ ਦੀ ਕੀ ਜ਼ਰੂਰਤ ਪੈ ਗਈ ਸੀ?

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਵਿੱਤ ਮੰਤਰੀ:** ਮੈਂ ਦੱਸਦਾ ਹਾਂ। (ਵਿਘਨ, ਸ਼ੋਰ) ਹੁਣ ਇੱਕ ਮਿੰਟ ਚੁੱਪ ਕਰੋ, ਬੈਠ ਜਾਉ।

**ਮਾਣਯੋਗ ਸਪੀਕਰ:** ਬਾਜਵਾ ਜੀ, ਇਨ੍ਹਾਂ ਨੂੰ ਗੱਲ ਕਰ ਲੈਣ ਦਿਉ। You will get the opportunity, ਤੁਸੀਂ ਇਨ੍ਹਾਂ ਨੂੰ ਗੱਲ ਕਰ ਲੈਣ ਦਿਉ। ਚੇਅਰ ਨੂੰ ਐਡਰੈਸ ਕੀਤਾ ਜਾਵੇ।

**Finance Minister** : I will welcome your answer**.** (ਵਿਘਨ, ਸ਼ੋਰ) ਸਿਰਫ ਡੇਢ ਮਹੀਨਾ ਪਹਿਲਾਂ ਕਿਉਂਕਿ ਇਨ੍ਹਾਂ ਨੂੰ ਪਤਾ ਸੀ ਕਿ ਇਸ ਦੇ ਅੰਦਰ ਹੜ੍ਹ ਨਹੀਂ ਆਉਣ ਵਾਲੇ, ਇਸ ਅੰਦਰ ਰੇਤਾ ਆਉਣ ਵਾਲਾ ਹੈ, ਰੇਤ ਆਵੇਗਾ, ਰੇਤੇ ਦੀ ਮਾਈਨਿੰਗ ਕਰਾਵਾਂਗਾ।(ਵਿਘਨ, ਸ਼ੋਰ) ਮਿਸਟਰ ਬਾਜਵਾ, ਖੜ੍ਹ ਜਾਉ ਇੱਕ ਮਿੰਟ।

**ਮਾਣਯੋਗ ਸਪੀਕਰ:** ਮੰਤਰੀ ਜੀ ਨੂੰ ਗੱਲ ਕਰਨ ਦਿਉ, ਤੁਸੀਂ ਜਵਾਬ ਦੇ ਦਿਉ। ਤੁਸੀਂ ਜਵਾਬ ਦੇ ਦਿਉ, ਕੋਈ ਗੱਲ ਨਹੀਂ।

**ਵਿੱਤ ਮੰਤਰੀ:** ਮੈਂ ਝੂਠ ਨਹੀਂ ਬੋਲਦਾ। ਸਪੀਕਰ ਸਾਹਿਬ, ਇਹ disown ਕਰ ਦੇਣ। ਸਟੇਟਮੈਂਟ ਦੇ ਦਿਉ ਕਿ ਪਿੰਡ ਫੂਲੜਾ ਵਿੱਚ ਤੁਹਾਡੀ ਜ਼ਮੀਨ ਨਹੀਂ ਹੈ, ਇਸ ਦੀ ਸਟੇਟਮੈਂਟ ਦਿਉ ਕਿ ਤੁਹਾਡੀ ਪਤਨੀ ਨੇ ਨਹੀਂ ਖਰੀਦੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ** **

**ਵਿੱਤ ਮੰਤਰੀ:** ਹਰ ਵਕਤ ਬੀ.ਜੇ.ਪੀ. ਦੇ ਸਪੋਕਸਮੈਨ ਬਣੇ ਰਹਿੰਦੇ ਹੋ।

(ਇਸ ਸਮੇਂ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਅਤੇ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਸ ਵਿੱਚ ਬਹਿਸ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਇੱਕ ਮਿੰਟ, ਪਲੀਜ਼। ਹਾਊਸ ਵਿੱਚ ਮਰਿਆਦਾ ਬਣਾ ਕੇ ਰੱਖੀ ਜਾਵੇ। (ਵਿਘਨ, ਸ਼ੋਰ) ਇੱਕ ਮਿੰਟ ਮੰਤਰੀ ਜੀ। ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ, you will have an opportunity to answer, please let him complete and let him say what he is saying.

**ਵਿੱਤ ਮੰਤਰੀ :** ਦੂਸਰਾ ਪਿੰਡ ਪਸਣਾਵਾਲ ਹੈ, ਜਿਸ ਵਿੱਚ ਲਗਭਗ 10 ਏਕੜ ਜ਼ਮੀਨ ਖਰੀਦੀ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** **

**ਮਾਣਯੋਗ ਸਪੀਕਰ:** ਚੇਅਰ ਦੀ ਇਜਾਜ਼ਤ ਤੋਂ ਬਿਨਾਂ ਜੋ ਵੀ ਕੁਝ ਬੋਲਿਆ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਵਿੱਤ ਮੰਤਰੀ :** ਪਹਿਲਾਂ ਮੇਰਾ ਮਤਲਬ ਸੁਣ ਲਵੋ। ਇਹ ਵੀ ਬਿਆਸ ਦਰਿਆ ਦੇ ਨਾਲ ਧੁੱਸੀ ਬੰਨ੍ਹ ਦੇ ਅੰਦਰ ਪੈਂਦਾ ਹੈ। ਇਹ ਧੁੱਸੀ ਬੰਨ੍ਹ ਦੇ ਅੰਦਰ ਇਨ੍ਹਾਂ ਨੂੰ ਜ਼ਮੀਨਾਂ ਖਰੀਦਣ ਦੀ ਕੀ ਜ਼ਰੂਰਤ ਪੈ ਗਈ ਸੀ? ਸਪੀਕਰ ਸਾਹਿਬ, ਫਿਰ ਗੱਲ ਸੁਣੋ। ਫਿਰ ਕਹਿੰਦੇ ਹਨ ਅਤੇ ਡਿਪਾਰਟਮੈਂਟ ਨੂੰ ਦੋਸ਼ੀ ਕਿਉਂ ਬਣਾਉਂਦੇ ਹੋ? ਡਿਪਾਰਟਮੈਂਟ ਨੂੰ ਦੋਸ਼ੀ ਇਸ ਕਰਕੇ ਬਣਾਉਂਦੇ ਹਾਂ ਕਿ ਸਾਲ 2017 ਵਿੱਚ ਅਤੇ ਸਾਲ 2019 ਵਿੱਚ ਇਨ੍ਹਾਂ ਦੀ ਜ਼ਮੀਨ ਨੂੰ ਬਚਾਉਣ ਲਈ 1 ਕਰੋੜ 18 ਲੱਖ ਰੁਪਏ ਦੇ ਸਟੋਨ ਦੇ ਸਟੱਡ ਲੱਗੇ ਸੀ। (ਵਿਘਨ, ਸ਼ੋਰ) ਉਸ ਸਮੇਂ ਕਿਸ ਦੀ ਸਰਕਾਰ ਸੀ? ਤੁਹਾਡੀ ਸਰਕਾਰ ਸੀ। (ਵਿਘਨ, ਸ਼ੋਰ) ਜਨਾਬ, ਸਾਡੀ ਸਰਕਾਰ ਤੋਂ ਲਗਵਾਉਣਾ ਚਾਹੁੰਦੇ ਹੋ? ਗੋਇਲ ਸਾਹਿਬ ਨੂੰ compel ਕਰ ਦੇਵੋਗੇ?

**ਮਾਣਯੋਗ ਸਪੀਕਰ :** ਚੇਅਰ ਨੂੰ ਐਡਰੈਸ ਕੀਤਾ ਜਾਵੇ ਅਤੇ ਹਾਊਸ ਵਿੱਚ ਆਰਡਰ ਬਣਾ ਕੇ ਰੱਖਿਆ ਜਾਵੇ। ਪਰਸਨਲ ਡਾਇਲਾਗ ਨਾ ਕੀਤੇ ਜਾਣ।

**ਵਿੱਤ ਮੰਤਰੀ :** ਸਪੀਕਰ ਸਾਹਿਬ, 1 ਕਰੋੜ 18 ਲੱਖ ਰੁਪਏ ਲਗਵਾ ਕੇ ਹੁਣ ਇਹ ਗੋਇਲ ਸਾਹਿਬ ਦੀ ਬਾਂਹ ਮਰੋੜਨਾ ਚਾਹੁੰਦੇ ਹਨ ਕਿ ਮੇਰੀ ਪ੍ਰਾਪਰਟੀ ਪ੍ਰੋਟੈਕਟ ਕੀਤੀ ਜਾਵੇ ਮਤਲਬ ਕਿ ਪੰਜਾਬ ਦੇ ਕਿਸਾਨ ਨੂੰ ਪ੍ਰੋਟੈਕਟ ਨਾ ਕੀਤਾ ਜਾਵੇ, ਪ੍ਰਤਾਪ ਬਾਜਵਾ ਦੀ ਪ੍ਰਾਪਰਟੀ 10 ਏਕੜ ਨੂੰ ਪ੍ਰੋਟੈਕਟ ਕੀਤਾ ਜਾਵੇ। ਉਸ ਨੂੰ ਪ੍ਰੋਟੈਕਟ ਕੀਤਾ ਜਾਵੇ, ਨਾ ਕਿ ਪੰਜਾਬ ਦੇ ਕਿਸਾਨ ਨੂੰ ਪ੍ਰੋਟੈਕਟ ਕੀਤਾ ਜਾਵੇ। ਇਹ ਤੁਹਾਡਾ ਚਿਹਰਾ ਹੈ, ਇਹ ਚਿਹਰਾ ਪੰਜਾਬ ਦੇ ਲੋਕਾਂ ਦੇ ਸਾਹਮਣੇ ਹੈ। ਤੁਸੀਂ ਆਪਣੀ 10 ਏਕੜ ਜ਼ਮੀਨ ਨੂੰ ਰਿਟਰਨ ਵਿੱਚ 25 ਲੱਖ ਰੁਪਏ ਦੀ ਦਿਖਾਇਆ ਹੈ, ਉਸ ਉੱਤੇ 1 ਕਰੋੜ 18 ਲੱਖ ਰੁਪਏ ਪ੍ਰੋਟੈਕਸ਼ਨ ਕਰਨ ਲਈ ਤੁਸੀਂ ਸਟੱਡ ਲਗਵਾਉਂਦੇ ਹੋ ਅਤੇ ਗੱਲਾਂ ਕਿਸਾਨਾਂ ਦੀਆਂ ਕਰਦੇ ਹੋ। ਇਸ ਦਾ ਮਤਲਬ ਜਿੰਨੇ

---

** Not recorded as ordered by the Chair.

ਤੁਹਾਡੇ ਮੈਂਬਰ ਸਾਹਿਬਾਨ ਬੋਲਦੇ ਹਨ, ਹਰ ਸਮੇਂ 12,000 ਕਰੋੜ ਰੁਪਏ ਦੀ ਗੱਲ on behalf of B.J.P. ਕਰਦੇ ਹਨ। (ਵਿਘਨ, ਸ਼ੋਰ) ਸਪੀਕਰ ਸਾਹਿਬ, ਇਨ੍ਹਾਂ ਦੀ ਰਨਿੰਗ ਕੁਮੈਂਟਰੀ ਬੰਦ ਕਰਵਾਉ।

**ਮਾਣਯੋਗ ਸਪੀਕਰ:** ਤੁਸੀਂ ਚੇਅਰ ਨੂੰ ਐਡਰੈਸ ਕਰੋ। ਬਾਜਵਾ ਸਾਹਿਬ, ਤੁਸੀਂ ਬੈਠੋ। ਮੇਰੀ ਇੱਕ ਗੁਜ਼ਾਰਿਸ਼ ਹੈ। ਇੱਕ ਮਿੰਟ ਮੰਤਰੀ ਜੀ। ਬਾਜਵਾ ਸਾਹਿਬ, ਤੁਹਾਨੂੰ ਪੂਰਾ ਮੌਕਾ ਮਿਲੇਗਾ, ਤੁਹਾਨੂੰ ਮੌਕਾ ਮਿਲੇਗਾ, let him complete.

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ** **

**ਮਾਣਯੋਗ ਸਪੀਕਰ:** ਮੰਤਰੀ ਜੀ, ਤੁਸੀਂ ਆਪਣੀ ਗੱਲ ਕੰਪਲੀਟ ਕਰੋ।

**ਵਿੱਤ ਮੰਤਰੀ :** ਸਪੀਕਰ ਸਾਹਿਬ, ਇਹ ਹਰ ਗੱਲ ਤੇ ਨੁਕਸ ਕੱਢਦੇ ਹਨ। ਸਾਡੀ ਹਰ ਗੱਲ ਤੇ ਪਾਜ਼ੇਟਿਵ ਕੁਮੈਂਟ ਕਰਨ ਦੀ ਬਜਾਏ ਨੈਗੇਟਿਵ ਕੁਮੈਂਟ ਕਰਦੇ ਹਨ। ਅਸੀਂ ਕਹਿੰਦੇ ਹਾਂ ਕਿ ਤੁਹਾਡੀਆਂ ਪ੍ਰਾਪਰਟੀਆਂ ਬਚਾਉਣ ਲਈ ਤੁਹਾਡੀ ਸਰਕਾਰ ਵਿੱਚ 1 ਕਰੋੜ 18 ਲੱਖ ਰੁਪਿਆ ਲਗਾ ਦਿੱਤਾ। (ਵਿਘਨ, ਸ਼ੋਰ) ਜਿਸ ਪ੍ਰਾਪਰਟੀ ਨੂੰ ਤੁਸੀਂ ਕਹਿ ਰਹੇ ਹੋ ਕਿ ਇਸ ਦੀ ਕੀਮਤ 25 ਲੱਖ ਹੈ, ਉਸ ਨੂੰ ਬਚਾਉਣ ਲਈ 1 ਕਰੋੜ 18 ਲੱਖ ਰੁਪਿਆ ਲਗਾ ਦਿੱਤਾ।

**ਮਾਣਯੋਗ ਸਪੀਕਰ :** ਹਾਂ ਜੀ, ਬਾਜਵਾ ਜੀ ਦੱਸੋ। ਪਲੀਜ਼ ਤੁਸੀਂ ਦੱਸੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਮੈਂ ਜ਼ਮੀਨ ਲਈ ਹੈ। ਤੁਹਾਡੀ ਸਰਕਾਰ ਨੇ ਰਜਿਸਟਰੀ ਕੀਤੀ ਹੈ। ਮਾਲਕਾਂ ਤੋਂ ਸਟੈਂਪ ਡਿਊਟੀ ਲਈ ਹੈ। ਕਿਸੇ ਚੋਰ ਕੋਲੋਂ ਨਹੀਂ ਲਈ ਹੈ। ਦੂਸਰੀ ਗੱਲ, ਜੇ ਕਿਸੇ ਨੇ ਪੱਥਰ ਲਗਾਇਆ ਹੈ ਤਾਂ ਤੁਹਾਡੀ ਸਰਕਾਰ ਨੇ ਲਗਾਇਆ ਹੈ। ** ** (ਵਿਘਨ)

**ਵਿੱਤ ਮੰਤਰੀ:** ਕਿਉਂ ਝੂਠ ਬੋਲੀ ਜਾ ਰਹੇ ਹੋ? ਮਿਸਟਰ ਬਾਜਵਾ ਨੇ ਕਾਂਗਰਸ ਦੇ ਸਮੇਂ 1 ਕਰੋੜ 18 ਲੱਖ ਰੁਪਿਆ ਲਗਵਾਇਆ ਸੀ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ:** ਬੈਠੋ। ਚੀਮਾ ਜੀ, ਮੇਰਾ ਖਿਆਲ ਹੈ ਕਿ ਇਸ ਨੂੰ ਪਰਸਨਲ ਨਾ ਬਣਾਉ। ਚੇਅਰ ਨੂੰ ਐਡਰੈਸ ਕਰੋ। (ਵਿਘਨ, ਸ਼ੋਰ)

**ਵਿੱਤ ਮੰਤਰੀ :** ਇਹ ਪੰਜਾਬ ਨੂੰ ਬਰਬਾਦ ਕਰਕੇ ਧੁੱਸੀ ਬੰਨ੍ਹਾਂ ਅੰਦਰ ਜ਼ਮੀਨਾਂ ਖਰੀਦਦੇ ਹਨ। ਕਿਉਂ ਖਰੀਦਦੇ ਹਨ ਕਿਉਂਕਿ ਡੀ-ਸਿਲਟਿੰਗ ਕਰਨੀ ਹੈ, ਕਿਉਂ ਖਰੀਦਦੇ ਹਨ ਕਿਉਂਕਿ ਮਾਈਨਿੰਗ ਕਰਨੀ ਹੈ। (ਵਿਘਨ, ਸ਼ੋਰ) ਤੁਸੀਂ ਪੰਜਾਬ ਨੂੰ ਬਰਬਾਦ ਕੀਤਾ ਹੈ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ:** ਚੇਅਰ ਨੂੰ ਐਡਰੈਸ ਕੀਤਾ ਜਾਵੇ। (ਗੈਵਲ ਮਾਰਦੇ ਹੋਏ) ਬੈਠੋ।

---

** Expunged as ordered by the Hon'ble Speaker.

**ਵਿੱਤ ਮੰਤਰੀ :** ਝੂਠ ਬੋਲਣ ਤੋਂ ਬਜਾਏ ਹੋਰ ਕੁਝ ਨਹੀਂ ਕਰਦੇ। ਮਿਸਟਰ ਬਾਜਵਾ ਕਾਂਗਰਸ ਪਾਰਟੀ ਦੇ ਉਹ ਮੈਂਬਰ ਹਨ, ਜਿਹੜੇ ਸਿਰਫ ਤੇ ਸਿਰਫ ਝੂਠ ਬੋਲਦੇ ਹਨ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ :** (ਗੈਵਲ ਮਾਰਦੇ ਹੋਏ) ਮੈਂ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਆਪਣੀ ਆਪਣੀ ਜਗ੍ਹਾ ਤੇ ਬੈਠਣ। (ਵਿਘਨ, ਸ਼ੋਰ)

**ਵਿੱਤ ਮੰਤਰੀ:** ਜਦੋਂ ਤੱਥ ਸਾਹਮਣੇ ਆਉਂਦੇ ਹਨ ਤਾਂ ਮਿਰਚਾਂ ਲੱਗਦੀਆਂ ਹਨ। ਮਿਰਚਾਂ ਕਿਉਂ ਲੱਗਦੀਆਂ ਹਨ? ਝੂਠ ਕਿਉਂ ਬੋਲਦੇ ਹਨ?

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪਸ ਵਿੱਚ ਬਹਿਸ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ:** ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਉਹ ਨਾ ਰਿਕਾਰਡ ਕੀਤਾ ਜਾਵੇ। (ਵਿਘਨ, ਸ਼ੋਰ) ਠੀਕ ਹੈ ਜੀ। ਬੈਠੋ ਜੀ। ਮੰਤਰੀ ਜੀ, ਬੈਠੋ। ਬਾਜਵਾ ਜੀ, ਬੈਠੋ।

**ਵਿੱਤ ਮੰਤਰੀ :** ਇਹ ਝੂਠ ਕਿਉਂ ਬੋਲਦੇ ਹਨ? (ਵਿਘਨ, ਸ਼ੋਰ) ਜਿਹੜੀ ਮਰਜ਼ੀ ਡਿਸਟਿਲਰੀ ਵਿੱਚ ਚੱਲੋ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ:** ਮੰਤਰੀ ਜੀ, ਬੈਠੋ। ਤੁਹਾਡੀ ਗੱਲ ਆ ਗਈ ਹੈ। ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ ਜੀ, ਤੁਸੀਂ ਬੋਲੋ। ਮੰਤਰੀ ਜੀ, ਗੱਲ ਰਿਪੀਟ ਕਰਨ ਦਾ ਕੋਈ ਫਾਇਦਾ ਨਹੀਂ ਹੈ, ਤੁਹਾਡੀ ਗੱਲ ਆ ਗਈ ਹੈ। ਤੁਸੀਂ ਬੈਠੋ ਜੀ। (ਵਿਘਨ, ਸ਼ੋਰ)

**ਸ੍ਰੀ ਅਵਤਾਰ ਸਿੰਘ ਜੂਨੀਅਰ :** ** ** (ਵਿਘਨ..ਸ਼ੋਰ)

**Mr. Speaker:** Mind it. You cannot cast aspersions on the Chair. Please sit down. I know how to run the House. *(Interruptions)* ਸਰਦਾਰ ਗੁਰਪ੍ਰੀਤ ਸਿੰਘ ਜੀ, ਤੁਸੀਂ ਬੋਲੋ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ (ਸਰਦੂਲਗੜ੍ਹ) :** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਪੰਜਾਬ ਪੁਨਰਵਾਸ ਮਤੇ ਉੱਤੇ ਬੋਲਣ ਲਈ ਸਮਾਂ ਦਿੱਤਾ ਹੈ।

(ਇਸ ਸਮੇਂ ਜਲ ਸਰੋਤ ਮੰਤਰੀ, ਸ੍ਰੀ ਬਰਿੰਦਰ ਕੁਮਾਰ ਗੋਇਲ ਅਤੇ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

---

** Expunged as ordered by the Hon'ble Speaker.

**ਮਾਣਯੋਗ ਸਪੀਕਰ :** ਸਰਦਾਰ ਗੁਰਪ੍ਰੀਤ ਸਿੰਘ ਜੀ, ਇੱਕ ਮਿੰਟ। ਮੰਤਰੀ ਜੀ, ਪਹਿਲਾਂ ਗੁਰਪ੍ਰੀਤ ਜੀ ਨੂੰ ਬੋਲ ਲੈਣ ਦਿਉ, ਤੁਸੀਂ ਬਾਅਦ ਵਿੱਚ ਗੱਲ ਕਰ ਲੈਣਾ। ਹਾਂ ਜੀ, ਗੁਰਪ੍ਰੀਤ ਸਿੰਘ ਬਨਾਂਵਾਲੀ ਜੀ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ।)

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ:** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਪੰਜਾਬ ਪੁਨਰਵਾਸ ਮਤੇ ਉੱਤੇ ਬੋਲਣ ਲਈ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਜਿਹੜੀ ਅਸੀਂ ਗੱਲ ਕਰਨੀ ਚਾਹੁੰਦੇ ਹਾਂ। (ਵਿਘਨ) ਬਾਜਵਾ ਸਾਹਿਬ, ਬੈਠ ਜਾਉ। ਬਾਜਵਾ ਸਾਹਿਬ, ਬੈਠ ਜਾਉ, ਤੁਹਾਡੀ ਜ਼ਮੀਨ ਦਾ ਪਤਾ ਲੱਗ ਗਿਆ ਹੈ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ:** ਗੁਰਪ੍ਰੀਤ ਜੀ, ਤੁਸੀਂ ਆਪਣੀ ਗੱਲ ਜਾਰੀ ਰੱਖੋ। ਚੇਅਰ ਨੂੰ ਐਡਰੈਸ ਕਰੋ। ਤੁਹਾਡੀ ਗੱਲ ਰਿਕਾਰਡ ਤੇ ਜਾ ਰਹੀ ਹੈ। (ਵਿਘਨ, ਸ਼ੋਰ) ਗੁਰਪ੍ਰੀਤ ਜੀ, ਤੁਸੀਂ ਆਪਣੀ ਗੱਲ ਬੋਲੋ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕੁਝ ਮੈਂਬਰ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪਸ ਵਿੱਚ ਬਹਿਸ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ:** (ਗੈਵਲ ਮਾਰਦੇ ਹੋਏ) ਬਾਜਵਾ ਸਾਹਿਬ, ਬੈਠੋ। ਚੀਮਾ ਸਾਹਿਬ, ਬੈਠੋ। ਮੰਤਰੀ ਜੀ, ਬੈਠੋ। ਬਾਜਵਾ ਸਾਹਿਬ, ਬੈਠੋ। ਬੈਠੋ, ਬੈਠੋ। (ਵਿਘਨ, ਸ਼ੋਰ) ਮੈਂ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਆਪਾਂ ਸੈਸ਼ਨ ਦੀ ਕਾਰਵਾਈ ਨੂੰ ਚੱਲਣ ਦੇਈਏ। ਪੰਜਾਬ ਦੇ ਤਿੰਨ ਕਰੋੜ ਲੋਕ ਤੁਹਾਨੂੰ ਦੇਖ ਰਹੇ ਹਾਂ। We should talk sensibly. ਇੱਥੇ ਉਹ ਗੱਲ ਹੋਣੀ ਚਾਹੀਦੀ ਹੈ, ਜਿਸ ਨਾਲ ਪੰਜਾਬ ਦਾ ਮੁਸਤਕਬਿਲ ਸੁਰੱਖਿਅਤ ਹੋਵੇ, ਜਿਸ ਨਾਲ ਪੰਜਾਬ ਦਾ ਭਵਿੱਖ ਸੁਰੱਖਿਅਤ ਹੋਵੇ, ਸਾਡੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਹੋਵੇ। ਕਿਰਪਾ ਕਰਕੇ ਆਪਣੀ ਆਪਣੀ ਜਗ੍ਹਾ ਤੇ ਜਾਉ। ਮੈਂ ਟਰੇਜ਼ਰੀ ਬੈਂਚਿਜ਼ ਨੂੰ ਬੇਨਤੀ ਕਰਦਾ ਹਾਂ ਕਿ ਆਪਣੀ ਆਪਣੀ ਜਗ੍ਹਾ ਤੇ ਬੈਠਣ। (ਵਿਘਨ, ਸ਼ੋਰ) ਆਪਣੀ ਆਪਣੀ ਜਗ੍ਹਾ ਤੇ ਬੈਠੋ। (ਵਿਘਨ, ਸ਼ੋਰ) ਤੁਸੀਂ ਬੈਠੋ, ਮੈਂ ਗੱਲ ਕਰਦਾ ਹਾਂ।

(ਇਸ ਸਮੇਂ ਵੀ ਟਰੇਜ਼ਰੀ ਬੈਂਚਿਜ਼ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪਸ ਵਿੱਚ ਬਹਿਸ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ।)

---

## SHORT ADJOURNMENT OF THE HOUSE

**ਮਾਣਯੋਗ ਸਪੀਕਰ:** ਸਦਨ 10 ਮਿੰਟ ਲਈ ਸਥੱਗਿਤ ਕੀਤਾ ਜਾਂਦਾ ਹੈ।

*11.55 ਵਜੇ ਪੂਰਵ ਦੁਪਹਿਰ।) (ਇਸ *ਸਮੇਂ ਸਦਨ 12.05 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ।)

*12.05 ਵਜੇ ਬਾਅਦ ਦੁਪਹਿਰ।) (ਇਸ *ਸਮੇਂ ਸਦਨ ਮੁੜ ਇਕੱਤਰ ਹੋਇਆ।)

---

## OBSERVATION BY THE HON'BLE SPEAKER

**ਮਾਣਯੋਗ ਸਪੀਕਰ :** ਰੋਸੁ ਨ ਕੀਜੈ ਉਤਰੁ ਦੀਜੈ।। ਇਹ ਇੱਕ ਅਜ਼ੀਮ ਸਦਨ ਹੈ। ਇਸ ਸਦਨ ਵਿੱਚ ਸਾਨੂੰ ਪੰਜਾਬ ਦੇ ਲੋਕਾਂ ਨੇ ਬੜੀਆਂ ਆਸਾਂ ਅਤੇ ਉਮੀਦਾਂ ਨਾਲ ਚੁਣ ਕੇ ਭੇਜਿਆ ਹੈ ਕਿ ਸਾਡੇ ਨੁਮਾਇੰਦੇ ਜੋ ਵੀ ਇੱਥੇ ਗੱਲ ਕਰਨਗੇ, ਉਸ ਨਾਲ ਸਾਡਾ ਮੁਸਤਕਬਿਲ ਸੰਵਰੇਗਾ, ਸਾਡਾ ਭਵਿੱਖ ਸੰਵਰੇਗਾ। ਜਦੋਂ ਆਪਾਂ ਇੱਥੇ ਇਸ ਤਰ੍ਹਾਂ ਦੀ ਗੱਲ ਕਰਦੇ ਹਾਂ ਅਤੇ ਜਦੋਂ ਰੌਲਾ-ਰੱਪਾ ਬਾਹਰ ਜਾਂਦਾ ਹੈ ਤਾਂ ਮੈਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਅਸੀਂ ਪੰਜਾਬ ਦੇ ਲੋਕਾਂ ਦੀਆਂ ਆਸਾਂ-ਉਮੀਦਾਂ ਤੇ ਪੂਰਾ ਨਹੀਂ ਉੱਤਰਦੇ। ਸਾਨੂੰ ਲੋਕ ਬਹੁਤ ਆਸ ਨਾਲ ਸੁਣਦੇ ਅਤੇ ਦੇਖਦੇ ਹਨ। ਸੋ, ਮੇਰੀ ਸਾਰੇ ਹਾਊਸ ਦੇ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਜਦੋਂ ਕੋਈ ਵੀ ਮੈਂਬਰ ਬੋਲ ਰਿਹਾ ਹੈ, let him speak. ਤੁਸੀਂ ਆਪਣਾ ਉੱਤਰ ਦਿਉ ਪਰ ਆਪਾਂ ਇੰਟਰੱਪਸ਼ਨ ਕਰਦੇ ਹਾਂ। ਇੰਟਰੱਪਸ਼ਨ ਵਿੱਚੋਂ ਕੁਝ ਵੀ ਨਹੀਂ ਨਿਕਲਣਾ ਪਰ ਇਸ ਨਾਲ ਲੋਕਾਂ ਦੇ ਦਿਲ ਟੁੱਟਦੇ ਹਨ। ਪੰਜਾਬ ਦੇ ਲੋਕਾਂ ਦੇ ਦਿਲ ਪਹਿਲਾਂ ਹੀ ਬਹੁਤ ਟੁੱਟ ਚੁੱਕੇ ਹਨ, ਆਪਾਂ ਹੁਣ ਹੋਰ ਦਿਲ ਨਹੀਂ ਤੋੜਨੇ, ਆਪਾਂ ਹੁਣ ਉਨ੍ਹਾਂ ਦਾ ਦਿਲ ਬਣਾ ਕੇ ਅੱਗੇ ਲੈ ਕੇ ਜਾਣਾ ਹੈ। ਪੰਜਾਬ ਨੇ ਪਹਿਲਾਂ ਹੀ ਬਹੁਤ ਨੁਕਸਾਨ ਭੋਗਿਆ ਹੈ। ਪੰਜਾਬ ਦੇ ਲੋਕਾਂ ਨੇ ਬਹੁਤ ਆਸਾਂ-ਉਮੀਦਾਂ ਨਾਲ ਸਾਨੂੰ ਇੱਥੇ ਭੇਜਿਆ ਹੈ। ਕਿਰਪਾ ਕਰਕੇ ਜਿਹੜਾ ਮੈਂਬਰ ਬੋਲਦਾ ਹੈ, ਉਸ ਨੂੰ ਬੋਲਣ ਦਿਉ। ਹਰੇਕ ਨੂੰ ਉੱਤਰ ਦੇਣ ਦਾ ਮੌਕਾ ਦਿੱਤਾ ਜਾਂਦਾ ਹੈ, ਅੱਗੇ ਵੀ ਦਿੱਤਾ ਜਾਵੇਗਾ। ਹਾਂ ਜੀ ਮੰਤਰੀ ਜੀ।

________

## RESUMPTION OF DISCUSSION ON RESOLUTION ON REHABILITATION OF PUNJAB, CONDEMNING UNION GOVERNMENT'S FAILURE TO PROVIDE COMMENSURATE FLOOD RELIEF PACKAGE AND DEMANDING IMMEDIATE Rs. 1,600 CRORE RELEASE PLUS ENHANCED PACKAGE OF Rs. 20,000 CRORE (*Resumption*)

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ) :** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਸਰ, ਜਿਵੇਂ ਤੁਸੀਂ ਕਿਹਾ, ਮੇਰੀ ਵੀ ਸਾਰੇ ਹਾਊਸ ਨੂੰ, ਸਾਡੇ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਨੂੰ ਇਹੀ ਬੇਨਤੀ ਹੈ ਕਿ ਵਧੀਆ ਪਾਜ਼ੀਵਿਟ ਡਿਸਕਸ਼ਨ ਚੱਲ ਰਹੀ ਹੈ। ਬਾਜਵਾ ਸਾਹਿਬ ਸਾਡੇ ਸਤਿਕਾਰਯੋਗ ਹਨ। ਉਹ ਜ਼ਰੂਰਤ ਤੋਂ ਜ਼ਿਆਦਾ ਮਾਈਂਡ ਕਰ ਗਏ। ਚੀਮਾ ਸਾਹਿਬ ਦਾ ਕੋਈ ਹੋਰ ਮਕਸਦ ਨਹੀਂ ਸੀ। ਚੀਮਾ ਸਾਹਿਬ ਨੇ ਤਾਂ ਉਨ੍ਹਾਂ ਨੂੰ ਜ਼ਮੀਨ ਦੀ ਵਧਾਈ ਹੀ ਦੇਣੀ ਸੀ। ਉਹ ਮਾਈਂਡ ਜ਼ਿਆਦਾ ਕਰ ਗਏ, ਇੰਨਾ ਰਿਐਕਟ ਕਰਨ ਦੀ ਲੋੜ ਨਹੀਂ ਸੀ। ਮੇਰੇ ਖਿਆਲ ਵਿੱਚ ਉਨ੍ਹਾਂ ਨੂੰ ਨਹੀਂ ਕਰਨਾ ਚਾਹੀਦਾ ਸੀ।

**ਮਾਣਯੋਗ ਸਪੀਕਰ :** ਧੰਨਵਾਦ ਜੀ। ਹਾਂ ਜੀ, ਗੁਰਪ੍ਰੀਤ ਬਨਾਂਵਲੀ ਜੀ, ਤੁਸੀਂ ਆਪਣੀ ਗੱਲ ਕੰਪਲੀਟ ਕਰੋ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ :** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਤੁਸੀਂ ਅੱਜ ਮੈਨੂੰ ਪੰਜਾਬ ਦੇ ਪੁਨਰਵਾਸ ਦੇ ਸਰਕਾਰੀ ਮਤੇ ਤੇ ਬੋਲਣ ਦਾ ਮੌਕਾ ਦਿੱਤਾ। ਜਿਸ ਤਰ੍ਹਾਂ ਪੰਜਾਬ ਦਾ ਨੁਕਸਾਨ ਹੋਇਆ, ਅੱਜ ਪੰਜਾਬ ਦੀਆਂ ਮਾਵਾਂ, ਪੰਜਾਬ ਦੀਆਂ ਧੀਆਂ, ਪੰਜਾਬ ਦੇ ਨੌਜਵਾਨ ਸਾਰੇ ਵਿਧਾਨ ਸਭਾ ਵੱਲ ਦੇਖ ਰਹੇ ਹਨ। ਉਨ੍ਹਾਂ ਨੂੰ ਆਸ ਹੈ ਕਿ ਸਾਡੇ ਚੁਣੇ ਹੋਏ ਨੁਮਾਇੰਦੇ ਅੱਜ ਸਾਡੇ ਲਈ ਕੀ ਕਰਨ ਜਾ ਰਹੇ ਹਨ। ਜਿਹੜੇ ਲੋਕ ਬੇਘਰ ਹੋ ਕੇ ਬੈਠੇ ਹਨ, ਜਿਨ੍ਹਾਂ

ਦੇ ਖੇਤਾਂ ਵਿੱਚ ਮਿੱਟੀ ਭਰ ਗਈ, ਉਹ ਸਾਰੇ ਸਾਡੇ ਵੱਲ ਹੀ ਦੇਖ ਰਹੇ ਹਨ। ਜੋ ਵੀ ਨੁਕਸਾਨ ਹੋਇਆ ਉਹ ਸਭ ਨੇ ਦੱਸਿਆ ਹੀ ਹੈ ਪਰ ਸਪੀਕਰ ਸਾਹਿਬ, ਸਭ ਤੋਂ ਵੱਡੀ ਗੱਲ ਜੋ ਕਰਨ ਵਾਲੀ ਹੈ, ਜਿਵੇਂ ਮੇਰੇ ਤੋਂ ਪਹਿਲਾਂ ਅਮਨ ਅਰੋੜਾ ਜੀ ਨੇ ਵੀ ਆਖਿਆ ਹੈ ਕਿ ਮੁਆਵਜ਼ਾ ਦੇਣ ਲਈ ਐਨ.ਡੀ.ਆਰ.ਐਫ., ਐਸ.ਡੀ.ਆਰ.ਐਫ. ਦੇ ਜਿਹੜੇ ਨਾਰਮਜ਼ ਹਨ, ਨਿਯਮ ਹਨ, ਉਹ ਊਠ ਦੇ ਮੂੰਹ ਵਿੱਚ ਜ਼ੀਰੇ ਵਾਲੀ ਗੱਲ ਹੈ। ਇਹ ਬਿਲਕੁਲ ਕੋਈ ਮੁਆਵਜ਼ਾ ਨਹੀਂ ਹੈ। ਚਾਹੇ ਕਿਸਾਨ ਦੀ ਸਾਰੀ ਫਸਲ ਦਾ ਨੁਕਸਾਨ ਹੋ ਗਿਆ ਪਰ ਤੁਸੀਂ ਸਿਰਫ ਪੰਜ ਏਕੜ ਤੱਕ ਹੀ ਮੁਆਵਜ਼ਾ ਦੇ ਸਕਦੇ ਹੋ ਅਤੇ ਉਹ ਵੀ 6500 ਰੁਪਿਆ ਤੱਕ ਹੀ ਦੇ ਸਕਦੇ ਹੋ, ਇਸ ਮੁਆਵਜ਼ੇ ਉਤੇ ਪੰਜ ਏਕੜ ਦਾ ਕੈਪ ਲਗਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ 6500 ਰੁਪਏ ਨਾਲ ਤਾਂ ਅੱਜ ਦੇ ਸਮੇਂ ਵਿੱਚ ਬਿਜਾਈ ਹੀ ਨਹੀਂ ਹੁੰਦੀ। ਚਾਹੇ ਸਾਡੇ ਕੋਲ ਐਨ.ਡੀ.ਆਰ.ਐਫ., ਐਸ.ਡੀ.ਆਰ.ਐਫ ਦਾ ਜਿੰਨਾ ਮਰਜ਼ੀ ਫੰਡ ਆ ਜਾਵੇ, ਅਸੀਂ ਉਸ ਨੂੰ ਵਰਤ ਹੀ ਨਹੀਂ ਸਕਦੇ। ਇਸ ਤਰ੍ਹਾਂ ਜੇਕਰ ਕਿਸੇ ਦਾ ਮਕਾਨ ਡਿੱਗ ਪਿਆ ਤਾਂ ਇੱਕ ਲੱਖ ਵੀਹ ਹਜ਼ਾਰ ਰੁਪਿਆ ਮੁਆਵਜ਼ਾ ਦੇਣ ਦਾ ਐਲਾਨ ਹੈ। 1,20,000 ਰੁਪਏ ਵਿੱਚ ਤਾਂ ਅੱਜ ਕੱਲ੍ਹ ਬਾਥਰੂਮ ਵੀ ਨਹੀਂ ਪੈਂਦਾ। ਜੇਕਰ ਕਿਸੇ ਦਾ partially ਨੁਕਸਾਨ ਹੋ ਗਿਆ ਤਾਂ 6200 ਰੁਪਏ ਮੁਆਵਜ਼ੇ ਦਾ ਐਲਾਨ ਕੀਤਾ ਗਿਆ। ਜੇਕਰ ਕਿਸੇ ਦਾ ਫਰਨੀਚਰ ਖਰਾਬ ਹੋ ਗਿਆ ਤਾਂ 2500 ਰੁਪਏ ਮੁਆਵਜ਼ੇ ਦਾ ਐਲਾਨ ਹੈ। ਜੇਕਰ ਕਿਸੇ ਦੀ ਮੱਝ ਦਾ ਕੋਈ ਨੁਕਸਾਨ ਹੋ ਗਿਆ ਤਾਂ ਉਸ ਦੇ ਲਈ 37,500 ਰੁਪਏ ਦਾ ਐਲਾਨ ਹੈ ਅਤੇ ਉਹ ਵੀ ਤਿੰਨ ਮੱਝਾਂ ਤੋਂ ਵੱਧ ਨਹੀਂ ਦੇ ਸਕਦੇ। ਸਾਡੀਆਂ 8500 ਕਿਲੋਮੀਟਰ ਸੜਕਾਂ ਡੈਮੇਜ ਹੋ ਗਈਆਂ। ਉਨ੍ਹਾਂ ਵੱਲੋਂ ਕਿਹਾ ਗਿਆ ਕਿ ਇੱਕ ਕਿਲੋਮੀਟਰ ਦਾ 60,000 ਰੁਪਿਆ ਦੇ ਸਕਦੇ ਹਾਂ। ਸਪੀਕਰ ਸਾਹਿਬ, 60,000 ਰੁਪਏ ਨਾਲ ਤਾਂ ਇੱਕ ਕਿਲੋਮੀਟਰ ਸੜਕ ਨਹੀਂ ਬਣਨੀ। ਸਪੀਕਰ ਸਾਹਿਬ, ਮੇਰੇ ਕਹਿਣ ਦਾ ਭਾਵ ਇਹ ਹੈ ਕਿ ਇਨ੍ਹਾਂ ਨਾਰਮਜ਼ ਨੂੰ ਰਿਵਾਈਵ ਕਰਨ ਦੀ ਲੋੜ ਹੈ।

ਸਪੀਕਰ ਸਾਹਿਬ, ਜਿਹੜੇ ਬਾਹਰ ਮਜ੍ਹਮਾ ਲਗਾਈ ਬੈਠੇ ਹਨ, ਮੈਂ ਉਨ੍ਹਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਪੰਜਾਬ ਬਾਰੇ ਬਹਿਸ ਹੋ ਰਹੀ ਹੈ। ਖੁੱਲ੍ਹਾ ਸੱਦਾ ਹੈ ਜੇਕਰ ਤੁਸੀਂ ਪੰਜਾਬ ਦੇ ਨੁਮਾਇੰਦੇ ਹੋ ਅਤੇ ਪੰਜਾਬ ਨਾਲ ਹਮਦਰਦੀ ਰੱਖਦੇ ਹੋ ਤਾਂ ਆ ਕੇ ਪੰਜਾਬ ਦੀ ਵਿਧਾਨ ਸਭਾ ਵਿੱਚ ਜਵਾਬ ਦਿਉ ਨਾ ਕਿ ਬਾਹਰ ਡਰਾਮੇ ਕਰੋ।

ਸਪੀਕਰ ਸਾਹਿਬ, ਮੈਂ ਨਿਮਰਤਾ ਨਾਲ ਇੱਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ। ਮੈਂ ਬਹੁਤ ਇੱਜ਼ਤ ਨਾਲ ਬੋਲਦਾ ਹਾਂ ਜਿਵੇਂ ਸਰਦਾਰ ਪਰਗਟ ਸਿੰਘ ਜੀ ਨੇ ਵੀ ਕਿਹਾ ਹੈ ਕਿ ਆਉ ਪੁਲੀਟੀਕਲ ਲੜਾਈ ਲੜੀਏ। ਅੱਜ ਸਾਡੇ ਨਾਲ ਜਿਹੜੇ ਧੱਕੇ ਹੋ ਰਹੇ ਹਨ, ਜਿਹੜਾ ਪੰਜਾਬ ਪੁਨਰਗਠਨ ਐਕਟ ਬਣਿਆ ਹੈ, ਉਸ ਦੀ ਧਾਰਾ 79 ਅਤੇ 80 ਬਣੀ ਸੀ, ਉਹ ਕਿਸ ਵੇਲੇ ਬਣੀ ਸੀ? ਉਸ ਦੀ ਮਾਫੀ ਹੀ ਮੰਗ ਲਉ ਕਿ ਜਿਹੜੇ ਸਾਡੇ ਪੁਰਖੇ ਸਨ, ਉਹ ਗਲਤੀਆਂ ਕਰ ਗਏ, ਜਿਸ ਦੀ ਸਜ਼ਾ ਅੱਜ ਪੰਜਾਬ ਭੁਗਤ ਰਿਹਾ ਹੈ। ਜੇਕਰ SYL ਨਹਿਰ ਬਣੀ ਸੀ ਤਾਂ ਉਸ ਦਾ ਮਤਾ ਕੌਣ ਲੈ ਕੇ ਆਇਆ? ਜੇਕਰ ਸਾਨੂੰ ਚੰਡੀਗੜ੍ਹ ਰਾਜਧਾਨੀ ਨਹੀਂ ਦਿੱਤੀ ਤਾਂ ਕਿਨ੍ਹਾਂ ਨੇ ਨਹੀਂ ਦਿੱਤੀ? ਤੁਸੀਂ ਉਸ ਪਾਰਟੀ ਦੀ ਨੁਮਾਇੰਦਗੀ ਕਰਦੇ ਹੋ, ਤੁਸੀਂ ਪੰਜਾਬੀਆਂ ਤੋਂ ਮੁਆਫੀ ਮੰਗ ਲਉ। ਜੇਕਰ ਅਸੀਂ ਉਸ ਸਮੇਂ ਵੀ ਪੁਲੀਟੀਕਲ ਲੜਾਈ ਲੜੀ ਹੁੰਦੀ ਤਾਂ ਅੱਜ ਪੰਜਾਬ ਨੂੰ ਇਹ ਦਿਨ ਨਹੀਂ ਦੇਖਣੇ ਪੈਣੇ ਸੀ, ਜਿਹੜੇ ਦਿਨ ਅੱਜ ਪੰਜਾਬ ਦੇਖ ਰਿਹਾ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਸਪੀਕਰ ਸਾਹਿਬ, ਮੈਂ ਛੇਤੀ ਹੀ ਸਮਾਪਤੀ ਕਰ ਦਿਆਂਗਾ। ਦੂਜੀ ਬੇਨਤੀ ਹੈ, ਇੱਥੇ 'ਕੰਗਲਾ ਪੰਜਾਬ' ਸ਼ਬਦ ਬੋਲਿਆ ਗਿਆ ਹੈ ਅਤੇ ਇਹ ਸ਼ਬਦ ਲੀਡਰ ਆਫ ਆਪੋਜੀਸ਼ਨ ਨੇ ਬੋਲਿਆ ਹੈ। ਪੰਜਾਬ ਕਦੇ ਕੰਗਲਾ ਨਹੀਂ ਹੋ ਸਕਦਾ।

ਪੰਜਾਬ ਉੱਜੜ ਉੱਜੜ ਕੇ ਵਸਿਆ ਹੈ। ਪੰਜਾਬ ਦੀਆਂ ਮਾਵਾਂ ਨੂੰ ਜਦੋਂ ਕਿਸ਼ਤੀ ਵਾਲੇ ਕੱਢਣ ਲਈ ਜਾਂਦੇ ਸੀ ਤਾਂ ਉਹ ਪਹਿਲਾਂ ਚਾਹ ਪੁੱਛਦੀਆਂ ਸਨ ਭਾਵੇਂ ਉਹ ਆਪ ਪਾਣੀ ਵਿੱਚ ਬੈਠੀਆਂ ਹੁੰਦੀਆਂ ਸਨ। ਬਜ਼ੁਰਗ ਡੀ.ਸੀ. ਦੇ ਸਿਰ ਤੇ ਹੱਥ ਰੱਖਦੇ ਸਨ ਕਿ ਕੋਈ ਗੱਲ ਨਹੀਂ ਅਸੀਂ ਸਹਿ ਲਵਾਂਗੇ। ਪੰਜਾਬ ਡਿੱਗ ਡਿੱਗ ਕੇ ਉੱਠਿਆ ਹੈ, ਪੰਜਾਬ ਕਦੇ ਕੰਗਲਾ ਨਹੀਂ ਹੋ ਸਕਦਾ। ਇਨ੍ਹਾਂ ਨੂੰ ਇਸ ਗੱਲ ਦੀ ਮੁਆਫੀ ਮੰਗਣੀ ਚਾਹੀਦੀ ਹੈ, ਜਿਹੜਾ ਇਨ੍ਹਾਂ ਨੇ ਪੰਜਾਬ ਨੂੰ ਕੰਗਲਾ ਕਿਹਾ ਹੈ।

ਇੱਕ ਹੋਰ ਬੇਨਤੀ ਕਰਦਾ ਹਾਂ ਕਿ ਅੱਜ ਸਾਡੇ ਸੀ.ਐਮ. ਸਾਹਿਬ ਨੂੰ ਮਿਲਣ ਲਈ ਟਾਈਮ ਨਹੀਂ ਦਿੱਤਾ ਜਾ ਰਿਹਾ ਹੈ। ਅੱਜ ਇਹ ਹੱਸਦੇ ਹਨ, ਇਹ ਇਕੱਲੀ ਸਾਡੇ ਸੀ.ਐਮ. ਸਾਹਿਬ ਜਾਂ ਸਰਕਾਰ ਦੀ ਨਹੀਂ ਸਗੋਂ ਸੰਵਿਧਾਨ ਦੀ ਤੌਹੀਨ ਕਰ ਰਹੇ ਹਨ। ਪੰਜਾਬ ਦੀ ਤੌਹੀਨ ਕਰ ਰਹੇ ਹਨ, ਜਿਵੇਂ ਕਿ ਪੰਜਾਬ ਦੇਸ਼ ਦਾ ਹਿੱਸਾ ਨਾ ਹੋਵੇ। ਅਸੀਂ ਕਹਿਣਾ ਚਾਹੁੰਦੇ ਹਾਂ ਕਿ ਮੋਦੀ ਸਾਹਿਬ, ਇਹ ਉਹ ਪੰਜਾਬ ਹੈ, ਜਿਹੜੇ ਸਰਹੱਦਾਂ ਤੇ ਹਿੱਕ ਡਾਹ ਕੇ ਲੜੇ, ਆਜ਼ਾਦੀ ਵੇਲੇ ਲੜੇ। ਕਿਸੇ ਪਿੰਡ ਵਿੱਚ ਚਲੇ ਜਾਉ, ਅੱਜ ਸਾਰੇ ਪਿੰਡਾਂ ਵਿੱਚ ਸ਼ਹੀਦਾਂ ਦੇ ਬੁੱਤ ਹਨ, ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਵਾਸਤੇ ਅਤੇ ਦੇਸ਼ ਦੀ ਰੱਖਿਆ ਵਾਸਤੇ ਆਪਣੀਆਂ ਕੁਰਬਾਨੀਆਂ ਦਿੱਤੀਆਂ ਹਨ। ਜੇਕਰ ਅੱਜ ਦੇਸ਼ ਦੇ ਅਨਾਜ ਭੰਡਾਰ ਭਰ ਗਏ ਤਾਂ ਤੁਸੀਂ ਸਾਨੂੰ ਬੇਗਾਨਗੀ ਦਾ ਅਹਿਸਾਸ ਨਾ ਕਰਵਾਉ। ਪੰਜਾਬ ਨੇ ਬਹੁਤ ਸੰਤਾਪ ਭੋਗ ਲਿਆ ਹੈ, ਅੱਜ ਪੰਜਾਬ ਨੂੰ ਆਪਣਾ ਬਣਾ ਕੇ ਨਾਲ ਖੜ੍ਹੋ। ਪੰਜਾਬ ਤੁਹਾਡਾ ਹਿੱਸਾ ਹੈ। ਅਫਗਾਨਿਸਤਾਨ ਨੂੰ ਤਾਂ ਅੱਜ ਵੱਡੀਆਂ ਵੱਡੀਆਂ ਸਹਾਇਤਾ ਦਿੱਤੀਆਂ ਜਾ ਰਹੀਆਂ ਹਨ ਪਰ ਸਾਡੇ ਵੱਲ ਵੇਖਿਆ ਨਹੀਂ ਜਾ ਰਿਹਾ। ਇਸ ਚੀਜ਼ ਨੂੰ ਸਾਰਾ ਪੰਜਾਬ ਅਤੇ ਪੰਜਾਬੀ ਵੇਖ ਰਹੇ ਹਨ। ਬਹੁਤ ਬਹੁਤ ਧੰਨਵਾਦ।

**ਜਲ ਸਰੋਤ ਮੰਤਰੀ (ਸ੍ਰੀ ਬਰਿੰਦਰ ਕੁਮਾਰ ਗੋਇਲ) :** ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਜਦੋਂ 26 ਤਾਰੀਖ ਨੂੰ ਇਹ ਮਤਾ ਵਿਧਾਨ ਸਭਾ ਵਿੱਚ ਲਿਆਂਦਾ ਗਿਆ ਸੀ ਤਾਂ ਮੈਂ ਆਸ ਤੇ ਉਮੀਦ ਨਾਲ ਇੱਕ ਬੇਨਤੀ ਕੀਤੀ ਸੀ ਕਿ ਮੁੱਖ ਮੰਤਰੀ ਦਾ ਧੰਨਵਾਦ ਹੈ, ਤੁਹਾਡਾ ਧੰਨਵਾਦ ਹੈ, ਤੁਸੀਂ ਇਸ ਵਿਧਾਨ ਸਭਾ ਦਾ ਸੈਸ਼ਨ ਬੁਲਾ ਕੇ ਹਰ ਚੁਣੇ ਹੋਏ ਨੁਮਾਇੰਦੇ ਨੂੰ ਮੌਕਾ ਦਿੱਤਾ ਹੈ ਕਿ ਹੜ੍ਹਾਂ ਬਾਰੇ ਆਪਣੇ ਏਰੀਏ ਦੀ ਸਥਿਤੀ ਦੱਸੇ। ਬਹੁਤ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੇ ਆਪਣੇ ਆਪਣੇ ਹਲਕੇ ਦੀ ਗੱਲ ਕੀਤੀ ਕਿ ਕਿਸ ਤਰ੍ਹਾਂ ਹੜ੍ਹ ਆਏ, ਕਿਸ ਤਰ੍ਹਾਂ ਬਚਾਅ ਹੋਇਆ। ਉਨ੍ਹਾਂ ਨੇ ਸਾਰੀ ਗੱਲ ਕੀਤੀ, ਕਿਸੇ ਨੇ ਕੋਈ ਵਿਚਾਰ ਦਿੱਤਾ, ਕਿਸੇ ਨੇ ਰਾਜਨੀਤੀ ਕੀਤੀ, ਕਿਸੇ ਨੇ ਇੱਥੇ ਝੂਠ ਵੀ ਬੋਲਿਆ ਜਿਹੜਾ ਕਿ ਨਹੀਂ ਚਾਹੀਦਾ ਸੀ। ਇਹ ਸੈਸ਼ਨ ਸਿਰਫ ਤੇ ਸਿਰਫ ਇਸ ਲਈ ਸੀ ਕਿ ਹੜ੍ਹ ਆਏ, ਕੁਦਰਤੀ ਆਫਤ ਆਈ, ਇਸ ਵਿੱਚ ਕਿਸ ਦਾ ਕੀ ਰੋਲ ਸੀ ਅਤੇ ਕਿਸ ਨੇ ਕੀ ਰੋਲ ਅਦਾ ਕੀਤਾ ਪਰ ਗੱਲ ਕਿਸੇ ਹੋਰ ਪਾਸੇ ਹੀ ਚਲੀ ਗਈ। ਸੋ, ਇੱਥੇ ਬੜੀ ਤਕਲੀਫ ਵੀ ਹੋਈ। ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਰਾਜਨੀਤੀ ਵਿੱਚ ਨਾ ਕਦੇ ਕੋਈ ਗਲਤ ਸਟੇਟਮੈਂਟ ਦਿੱਤੀ ਹੈ ਅਤੇ ਨਾ ਹੀ ਕਦੇ ਬਾਹਲਾ ਝੂਠ ਬੋਲਿਆ ਹਾਂ। ਇਸ ਤਰ੍ਹਾਂ ਵੀ ਨਹੀਂ ਹੈ ਕਿ ਅਸੀਂ ਧਰਮ ਪੁੱਤਰ ਹਾਂ ਪਰ ਇਹ ਨਹੀਂ ਕਿ ਝੂਠ ਬੋਲ ਕੇ ਰਾਜਨੀਤੀ ਕੀਤੀ ਹੈ। ਬੜਾ ਦੁੱਖ ਹੋਇਆ ਹੈ ਕਿ ਇੱਥੇ ਝੂਠ ਦੀ ਰਾਜਨੀਤੀ ਚਲਾਈ ਗਈ। ਅਜਿਹੇ ਸਮੇਂ ਤੇ ਜਦੋਂ ਅੱਜ ਸਾਰਾ ਪੰਜਾਬ ਦੁਖੀ ਹੈ, ਹੜ੍ਹਾਂ ਦੀ ਮਾਰ ਹੇਠ ਹੈ, ਉਨ੍ਹਾਂ ਦੇ ਜਖਮਾਂ ਤੇ ਮੱਲ੍ਹਮ ਲਾਉਣ ਦੀ ਬਜਾਏ ਇੱਥੇ ਸਾਰਾ ਝੂਠ ਬੋਲਿਆ ਗਿਆ। ਮੈਂ ਇਸ ਸਬੰਧ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਹੁਣ ਲੀਡਰ ਆਫ ਦਿ ਆਪੋਜੀਸ਼ਨ ਇੱਥੇ ਨਹੀਂ ਹਨ, ਚਲੇ ਗਏ ਹਨ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਆ ਕੇ ਬੈਠੇ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਮੈਂ ਇੱਥੇ ਹੀ ਹਾਂ।

**ਜਲ ਸਰੋਤ ਮੰਤਰੀ :** ਆ ਗਏ ਜੀ। ਆਉ ਜੀ, ਜੀ ਆਇਆਂ ਨੂੰ। ਬੈਠੋ ਜੀ, ਬੈਠੋ। (ਵਿਘਨ) ਤਸ਼ਰੀਫ ਰੱਖੋ। ਇਹ ਆ ਗਏ ਹਨ, ਬਹੁਤ ਚੰਗੀ ਗੱਲ ਹੈ। ਲੀਡਰ ਆਫ ਦਿ ਆਪੋਜੀਸ਼ਨ ਨੇ ਪਹਿਲੀ ਗੱਲ ਕੀਤੀ ਸੀ ਕਿ ਵਾਟਰ ਰਿਸੋਰਸਿਜ਼ ਮਨਿਸਟਰ ਅਸਤੀਫਾ ਦੇਵੇ, ਸੈਕਟਰੀ ਕ੍ਰਿਸ਼ਨ ਕੁਮਾਰ ਜੀ ਤੇ ਕਾਰਵਾਈ ਕੀਤੀ ਜਾਵੇ। ਸੋ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਵਾਟਰ ਰਿਸੋਰਸਿਜ਼ ਡਿਪਾਰਟਮੈਂਟ ਨੇ ਜਿਹੜਾ ਕੰਮ ਪਿਛਲੇ ਤਿੰਨ ਸਾਲਾਂ ਵਿੱਚ ਕੀਤਾ ਹੈ, ਉਹ ਪਿਛਲੀਆਂ ਸਾਰੀਆਂ ਸਰਕਾਰਾਂ ਨੇ ਨਹੀਂ ਕੀਤਾ। ਬੇਸ਼ੱਕ ਕਾਂਗਰਸ ਦੀ ਸਰਕਾਰ ਸੀ ਜਾਂ ਅਕਾਲੀ-ਬੀ.ਜੇ.ਪੀ. ਦੀ ਸਰਕਾਰ ਸੀ, ਕੋਈ ਵੀ ਸਰਕਾਰ 70 ਸਾਲਾਂ ਵਿੱਚ ਉਹ ਕੰਮ ਨਹੀਂ ਕਰ ਸਕੀ, ਜਿਹੜੇ ਕੰਮ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ ਸਾਢੇ ਤਿੰਨ ਸਾਲਾਂ ਵਿੱਚ ਕੀਤੇ ਹਨ। (ਥੰਪਿੰਗ) ਮੁੱਖ ਮੰਤਰੀ ਸਾਹਿਬ ਨੇ ਕਿਹਾ ਸੀ ਕਿ ਅਸੀਂ ਟੇਲਾਂ ਤੇ ਪਾਣੀ ਪਹੁੰਚਾ ਦਿਆਂਗੇ, ਅਸੀਂ ਟੇਲਾਂ ਤੇ ਪਾਣੀ ਪਹੁੰਚਾਇਆ। ਅੱਜ ਸਾਰੇ ਸਾਥੀ ਬੈਠੇ ਹਨ, ਇਨ੍ਹਾਂ ਦੇ ਖੇਤਾਂ ਨੂੰ ਬੇਸ਼ੱਕ ਪਾਣੀ ਲੱਗਿਆ ਹੋਵੇਗਾ। ਇਹ ਜ਼ੁਬਾਨ ਤੋਂ ਤਾਂ ਨਹੀਂ ਕਹਿਣਗੇ ਕਿ ਪਾਣੀ ਲੱਗਿਆ ਹੈ ਪਰ ਸਾਰਿਆਂ ਨੂੰ ਪਤਾ ਹੈ ਕਿ ਪਾਣੀ ਇਨ੍ਹਾਂ ਦੇ ਖੇਤਾਂ ਨੂੰ ਵੀ ਲੱਗਿਆ ਹੈ। ਪਹਿਲਾਂ 21% ਨਹਿਰੀ ਪਾਣੀ ਹੀ ਖੇਤਾਂ ਨੂੰ ਲੱਗਦਾ ਸੀ, ਅੱਜ ਇਹ 64% ਪਾਣੀ ਖੇਤਾਂ ਨੂੰ ਲੱਗਣ ਲੱਗ ਗਿਆ ਹੈ ਕਿਉਂਕਿ ਅਸੀਂ ਸਾਰਾ ਕੈਨਾਲ ਸਿਸਟਮ ਠੀਕ ਕੀਤਾ ਹੈ। ਇਹ ਧਰਤੀ ਹੇਠੋਂ ਪਾਣੀ ਕੱਢੀ ਗਏ ਅਤੇ ਕਦੇ ਇਸ ਗੱਲ ਵੱਲ ਧਿਆਨ ਨਹੀਂ ਦਿੱਤਾ। ਇਨ੍ਹਾਂ ਸਰਕਾਰਾਂ ਦੀ ਗਲਤੀ ਕਰਕੇ ਪਾਣੀ ਹਰਿਆਣੇ ਨੂੰ ਜਾਂਦਾ ਰਿਹਾ ਕਿਉਂਕਿ ਅਸੀਂ ਕੈਨਾਲ ਸਿਸਟਮ ਠੀਕ ਨਹੀਂ ਕੀਤਾ। ਸੋ, ਸਾਡਾ ਇਹ ਟੀਚਾ ਹੈ ਕਿ ਜਿਹੜਾ ਅੱਜ 64% ਪਾਣੀ ਖੇਤਾਂ ਨੂੰ ਜਾ ਰਿਹਾ ਹੈ, ਉਸ ਨੂੰ ਅਸੀਂ 31 ਮਾਰਚ, 2026 ਤੱਕ 75% ਤੱਕ ਲੈ ਕੇ ਜਾਵਾਂਗੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਾਰਾ ਪੰਜਾਬ ਇਸ ਗੱਲ ਦਾ ਗਵਾਹ ਹੈ ਕਿ 38-40 ਸਾਲਾਂ ਬਾਅਦ ਉੱਥੇ ਪਾਣੀ ਪਹੁੰਚਿਆ ਹੈ, ਜਿੱਥੇ ਲੋਕਾਂ ਨੂੰ ਕੋਈ ਉਮੀਦ ਨਹੀਂ ਸੀ। ਉਮੀਦ ਖਤਮ ਕਰ ਦਿੱਤੀ ਸੀ ਅਤੇ ਅੱਜ ਇਹ ਅਸਤੀਫਾ ਮੰਗ ਰਹੇ ਹਨ। ਇਹ ਝੂਠ ਬੋਲ ਕੇ ਅਸਤੀਫਾ ਮੰਗ ਰਹੇ ਹਨ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਮਾਣਯੋਗ ਲੀਡਰ ਆਫ ਆਪੋਜ਼ੀਸ਼ਨ ਕੱਲ੍ਹ ਮਾਧੋਪੁਰ ਵੀ ਗਏ ਸਨ। ਇਹ ਪੂਰੇ ਇੱਕ ਮਹੀਨੇ ਬਾਅਦ ਉੱਥੇ ਗਏ ਹਨ ਪਰ ਬੜੇ ਚੰਗੇ ਲੱਗ ਰਹੇ ਸੀ। ਫੋਟੋ ਬੜੀ ਵਧੀਆ ਆ ਰਹੀ ਸੀ, ਬੜੀ ਵਧੀਆ ਉੱਥੇ ਡਾਇਰਕੈਸ਼ਨ ਹੋ ਰਹੀ ਸੀ ਪਰ ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਉੱਥੇ ਉਸ ਸਮੇਂ ਜਾਣਾ ਚਾਹੀਦਾ ਸੀ, ਜਦੋਂ ਉੱਥੇ ਹਾਲਾਤ ਖਰਾਬ ਸੀ। ਸਾਡਾ ਇੱਕ ਮੁਲਾਜ਼ਮ ਜਿਹੜਾ ਉਸ ਗੇਟ ਨੂੰ ਖੋਲ੍ਹਦਿਆਂ ਹੋਇਆ ਸ਼ਹੀਦ ਹੋਇਆ ਸੀ, ਉਸ ਬਾਰੇ ਇਨ੍ਹਾਂ ਨੇ ਇੱਕ ਸ਼ਬਦ ਨਹੀਂ ਬੋਲਿਆ। ਚਾਰੇ ਪਾਸੇ ਪਾਣੀ-ਪਾਣੀ ਸੀ, ਜਿਹੜੇ ਸਾਡੇ 26 ਮੁਲਾਜ਼ਮ ਉੱਥੇ ਪੂਰਾ ਸਮਾਂ ਫਸੇ ਰਹੇ, ਉਨ੍ਹਾਂ ਨੂੰ ਏਅਰ-ਲਿਫਟ ਕੀਤਾ ਸੀ, ਉਨ੍ਹਾਂ ਬਾਰੇ ਇੱਕ ਸ਼ਬਦ ਨਹੀਂ ਬੋਲਿਆ। ਇਹ ਇਸ਼ਾਰਾ ਕਰੀ ਗਏ, ਕਹਿੰਦੇ ਜੀ, ਇੱਥੋਂ ਮਿੱਟੀ ਚੁੱਕ ਲਈ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ (ਕਾਗਜ਼ ਦਿਖਾਉਂਦੇ ਹੋਏ) ਮੇਰੇ ਕੋਲ ਸਾਰਾ ਐਸਟੀਮੇਟ ਪਿਆ ਹੈ ਕਿ ਉਹ ਮਿੱਟੀ ਕਿੱਥੋਂ ਅਤੇ ਕਿਵੇਂ ਚੁੱਕੀ ਹੈ। ਇੱਕ ਪੈਸਾ ਅਗਰ ਮਿੱਟੀ ਦਾ ਪਿਆ ਹੋਵੇ ਤਾਂ ਅਸੀਂ ਉਸ ਗੱਲ ਦੇ ਦੇਣਦਾਰ ਹਾਂ। ਅਸੀਂ ਉੱਥੋਂ ਮਿੱਟੀ ਚੁੱਕੀ ਹੈ, ਇਹ ਡੀ-ਸਿਲਟਿੰਗ ਦੀ ਮਿੱਟੀ ਸੀ। ਉੱਥੇ ਟੈਂਪਰੇਰੀ ਡਾਈਵਰਸ਼ਨ ਕੀਤੀ ਗਈ ਸੀ, ਅਸੀਂ ਉਹ ਮਿੱਟੀ ਉੱਥੋਂ ਚੁੱਕੀ ਹੈ ਕਿਉਂਕਿ ਡਾਈਵਰਸ਼ਨ ਹੋਣੀ ਸੀ, ਇਸ ਤੋਂ ਬਾਅਦ ਅਸੀਂ ਉੱਥੇ ਮਿੱਟੀ ਪਾ ਦੇਣੀ ਹੈ।

ਲੀਡਰ ਆਫ ਆਪੋਜ਼ੀਸ਼ਨ ਸਾਹਿਬ ਨੇ ਇਹ ਵੀ ਕਿਹਾ ਹੈ ਕਿ 7 ਲੱਖ ਕਿਊਸਿਕ ਪਾਣੀ ਰਣਜੀਤ ਸਾਗਰ ਡੈਮ ਵਿੱਚੋਂ ਛੱਡਿਆ ਗਿਆ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਦਨ ਵਿੱਚ ਝੂਠ ਬੋਲਣਾ ਅਤੇ ਸਦਨ ਨੂੰ ਗੁੰਮਰਾਹ ਕਰਨਾ ਗਲਤ ਹੈ। ਇਸ ਤੋ ਵੱਡਾ ਕੋਈ ਗੁਨਾਹ ਨਹੀਂ ਹੈ। ਅੱਜ ਸਾਨੂੰ ਸਾਰੀ ਦੁਨੀਆ ਦੇਖ ਰਹੀ ਹੈ, ਇੱਕ ਗੁਨਾਹ ਝੂਠ

ਬੋਲਣ ਦਾ ਹੈ ਅਤੇ ਦੂਜਾ ਗੁਨਾਹ ਬੀ.ਜੇ.ਪੀ. ਵਾਲੇ ਕਰੀ ਬੈਠੇ ਹਨ, ਜਿਹੜੇ ਕਹਿੰਦੇ ਕਿ ਅਸੀਂ ਇੱਕ parallel ਅਸੈਂਬਲੀ ਚਲਾਵਾਂਗੇ। ਉਨ੍ਹਾਂ ਨੂੰ ਪਹਿਲਾਂ ਨੈਤਿਕਤਾ ਦੇ ਆਧਾਰ ਤੇ ਅਸਤੀਫਾ ਦੇਣਾ ਚਾਹੀਦਾ ਸੀ। ਸਰ, ਇਹ ਕੰਸਟੀਚਿਊਸ਼ਨ ਦਾ ਅਪਮਾਨ ਹੈ, ਜੇ ਵਿਧਾਨ ਸਭਾ ਇਸ ਤਰ੍ਹਾਂ ਚਲਦੀਆਂ ਹੁੰਦੀਆਂ ਫਿਰ ਤਾਂ ਵੋਟਾਂ ਦੀ ਕੋਈ ਲੋੜ ਹੀ ਨਹੀਂ ਸੀ। ਸੋ, ਜੋ ਇਨ੍ਹਾਂ ਨੇ 7 ਲੱਖ ਕਿਊਸਿਕ ਦੀ ਗੱਲ ਕੀਤੀ ਹੈ, ਮੇਰੇ ਕੋਲ ਇਕੱਲੀ ਇਕੱਲੀ ਫਿੱਗਰ ਹੈ। ਉੱਥੋਂ 2 ਲੱਖ 15 ਹਜ਼ਾਰ ਕਿਊਸਿਕ ਪਾਣੀ ਛੱਡਿਆ ਗਿਆ ਹੈ। ਉਹ ਰਿਕਾਰਡ ਹਮੇਸ਼ਾ ਰਹਿਣਾ ਹੈ, ਜਦੋਂ ਮਰਜ਼ੀ ਉਸ ਦਾ ਰਿਕਾਰਡ ਲੈ ਲੈਣ। ਸੋ, ਝੂਠ ਬੋਲ ਕੇ ਇਨ੍ਹਾਂ ਨੇ ਜੋ ਇੱਥੇ ਸਦਨ ਨੂੰ ਗੁੰਮਰਾਹ ਕੀਤਾ ਹੈ, ਮੈਂ ਚਾਹੁੰਦਾ ਹਾਂ ਕਿ ਇਹ ਇਸ ਚੀਜ਼ ਦੀ ਮੁਆਫੀ ਮੰਗਣ ਅਤੇ ਜਿਹੜੇ ਮੈਥੋਂ ਅਸਤੀਫਾ ਮੰਗਦੇ ਸੀ, ਉਹ ਝੂਠ ਬੋਲਣ ਦੇ ਇਲਜ਼ਾਮ ਵਿੱਚ ਖੁਦ ਅਸਤੀਫਾ ਦੇਣ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਮੈਨੂੰ ਇਸ ਗੱਲ ਦੀ ਬੜੀ ਹੈਰਾਨੀ ਹੈ ਕਿ ਇਹ ਹੋ ਕੀ ਰਿਹਾ ਹੈ? ਸਰ,ਅਸੀਂ ਉੱਥੇ ਇੱਕ ਕਿਸ਼ਤੀ ਵਿੱਚ 4 ਲੋਕਾਂ ਨੂੰ ਬਚਾਉਣ ਲਈ ਸਾਡੇ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਹਰਭਜਨ ਸਿੰਘ ਜੀ ਈ.ਟੀ.ਓ. ਸਾਹਿਬ,ਅਸੀਂ ਤਿੰਨੇ ਜਾ ਰਹੇ ਸੀ। ਸ਼ਾਮ ਦੇ 6.30 ਸਨ, ਹਨੇਰਾ ਪਸਰ ਰਿਹਾ ਸੀ ਅਤੇ ਅਸੀਂ ਤਿੰਨ ਮੰਤਰੀ ਉਸ ਕਿਸ਼ਤੀ ਵਿੱਚ ਜਾ ਰਹੇ ਸੀ। ਉਹ ਕਿਸ਼ਤੀ 7 ਲੱਖ ਰੁਪਏ ਦੀ ਹੈ। ਕੋਈ ਐਨ.ਡੀ.ਆਰ.ਐਫ. ਦੀ ਟੀਮ ਨਹੀਂ ਸੀ, ਅਸੀਂ ਤਿੰਨ ਜਣੇ ਉਸ ਵਿੱਚ ਬੈਠ ਕੇ ਚਾਰ ਬੰਦਿਆਂ ਨੂੰ ਰੈਸੇਕਿਊ ਕਰਨ ਲਈ ਜਾ ਰਹੇ ਸੀ। ਉਸ ਸਮੇਂ ਸਤਲੁਜ ਵਿੱਚ 40-40 ਫੁੱਟ ਪਾਣੀ ਸੀ ਅਤੇ ਉੱਥੇ ਮਾੜੀ-ਮੋਟੀ ਗੱਲ ਚੱਲ ਪਈ, ਈ.ਟੀ.ਓ. ਸਾਹਿਬ ਨੇ ਕਹਿ ਦਿੱਤਾ ਕਿ ਫਲਾਣੇ ਸਟੇਟ ਵਿੱਚ ਜਾਂ ਫਲਾਣੇ ਦੇਸ਼ ਵਿੱਚ cruise ਚਲਦੇ ਹਨ, ਮੈਂ ਵੀ ਕਹਿ ਦਿੱਤਾ ਕਿ ਉੱਥੇ ਚਲਦੇ ਹਨ। ਇਹ ਖਬਰ ਇਨ੍ਹਾਂ ਨੇ ਕਾਂਗਰਸ ਦੇ ਪੇਜ਼ ਉਤੇ ਪਾਈ ਸੀ, ਉਹ ਆਡੀਓ ਪਾਈ ਪਰ ਉਸ ਤੇ ਇਹ ਨਹੀਂ ਲਿਖਿਆ ਕਿ ਤਿੰਨ ਮੰਤਰੀ ਆਪਣੀ ਜਾਨ ਜੋਖਮ ਵਿੱਚ ਪਾ ਕੇ 7 ਲੱਖ ਰੁਪਏ ਦੀ ਕਿਸ਼ਤੀ ਉੱਤੇ ਚੜ੍ਹ ਕੇ 4 ਲੋਕਾਂ ਨੂੰ ਰੈਸੇਕਿਊ ਕਰਨ ਜਾ ਰਹੇ ਸਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਮੈਨੂੰ ਇਹ ਦੱਸੋ ਕਿ ਕੀ ਇਹ ਗੱਲਾਂ ਕਹਿਣ ਦੀਆਂ ਹਨ? ਕੱਲ੍ਹ ਸਾਰੇ ਉੱਥੇ ਗਏ ਸਨ, ਕਿਤੇ ਹੜ੍ਹਾਂ ਦੀ ਕੋਈ ਗੱਲ ਨਹੀਂ ਕੀਤੀ। ਹੜ੍ਹਾਂ ਤੋਂ ਬਚਾਅ ਦੀ ਕੋਈ ਗੱਲ ਨਹੀਂ। ਸਰ, ਇਹ ਸਿਰਫ ਤੇ ਸਿਰਫ ਰਾਜਨੀਤੀ ਕਰ ਰਹੇ ਹਨ। ਬੜੀ ਹੈਰਾਨੀ ਹੋ ਰਹੀ ਹੈ ਕਿ ਅਸੀਂ ਕਿੱਥੇ ਪਹੁੰਚ ਗਏ ਹਾਂ? ਗੁਰਦੀਪ ਸਿੰਘ ਰੰਧਾਵਾ ਜੀ ਨੇ ਵੀ ਸੱਕੀ ਨਾਲੇ ਦੀ ਗੱਲ ਕਹੀ ਸੀ। ਮੈਂ ਜ਼ਿੰਮੇਵਾਰੀ ਨਾਲ ਕਹਿੰਦਾ ਹਾਂ, ਮੈਨੂੰ exact ਤਾਂ ਨਹੀਂ ਪਤਾ ਕਿ ਸੱਕੀ ਨਾਲੇ ਦੀ ਸਫਾਈ ਦਾ ਕੰਮ ਕਿੱਥੋਂ ਸ਼ੁਰੂ ਹੋਇਆ ਅਤੇ ਕਿੱਥੇ ਖਤਮ ਹੋਇਆ ਪਰ ਇਸ ਦੀ ਸਫਾਈ ਕਰਵਾਈ ਗਈ ਹੈ। ਮੈਨੂੰ ਗੁਰਦੀਪ ਸਿੰਘ ਰੰਧਾਵਾ ਜੀ ਨੇ, ਰਮਨ ਬਹਿਲ ਨੇ ਅਤੇ ਸ਼ੈਰੀ ਕਲਸੀ ਹੋਰਾਂ ਨੇ ਕਿਹਾ ਸੀ ਕਿ ਸੱਕੀ ਨਾਲਾ ਕਈ ਹਲਕਿਆਂ ਵਿੱਚੋਂ ਨਿਕਲਦਾ ਹੈ, ਇਸ ਦੀ ਸਫਾਈ ਬਹੁਤ ਜ਼ਰੂਰੀ ਹੈ। ਉੱਥੇ ਸਫਾਈ ਲਈ ਦੋ ਮਸ਼ੀਨਾਂ ਲੱਗੀਆਂ ਹੋਈਆਂ ਹਨ ਅਤੇ ਤੀਜੀ ਵੱਡੀ poclain ਮਸ਼ੀਨ ਭੇਜਣੀ ਹੈ।

ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਬਾਬਾ ਗੁੱਗਾ ਪੀਰ ਜੀ ਬਾਰੇ ਤਾਂ ਸਾਰਿਆਂ ਨੂੰ ਪਤਾ ਹੀ ਹੋਣਾ ਹੈ, ਉੱਥੇ ਵੱਡਾ ਮੇਲਾ ਲੱਗਦਾ ਹੈ। 15 ਦਿਨ ਪਹਿਲਾਂ ਕਰੀਬ 20 ਪਿੰਡਾਂ ਦੀਆਂ ਪੰਚਾਇਤਾਂ ਨੇ ਮੈਨੂੰ ਮੇਲੇ ਤੇ ਬੁਲਾ ਕੇ ਸਨਮਾਨਿਤ ਕੀਤਾ ਸੀ। (ਥੰਪਿੰਗ) ਇਹ ਇਸ ਲਈ ਕੀਤਾ ਸੀ ਕਿ ਤੁਸੀਂ ਸੱਕੀ ਨਾਲੇ ਦੀ ਸਫਾਈ ਲਈ ਮਸ਼ੀਨਾਂ ਭੇਜੀਆਂ ਹਨ, ਸੱਕੀ ਨਾਲੇ ਦੀ ਸਫਾਈ ਕੀਤੀ ਹੈ। ਸਰ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸਾਡੇ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਨੇ ਕਿਹਾ ਸੀ, ਜਲ ਸਰੋਤ ਵਿਭਾਗ ਟੇਲਾਂ ਤੇ ਪਾਣੀ ਪਹੁੰਚਾਉਣ ਦਾ ਕੰਮ ਕਰ ਰਿਹਾ ਹੈ। ਅਸੀਂ ਲੋਕਾਂ ਨੂੰ ਰਾਹਤ ਦੇਣ ਦਾ ਕੰਮ ਕਰ ਰਹੇ ਹਾਂ, ਧਰਤੀ ਹੇਠਲਾ ਪਾਣੀ ਬਚਾਉਣ ਦਾ ਕੰਮ ਕਰ ਰਹੇ ਹਾਂ, ਹਰ ਖੇਤਰ

ਵਿੱਚ ਕੰਮ ਕਰ ਰਹੇ ਹਾਂ। ਝੂਠ ਦੀ ਰਾਜਨੀਤੀ ਛੱਡੋ, ਅੱਗੇ ਵੱਧਣ ਦੀ ਗੱਲ ਕਰੋ, ਜਿਸ ਦਾ ਸਾਡੇ ਮੁੱਖ ਮੰਤਰੀ ਸਾਹਿਬ ਨੇ ਸੁਪਨਾ ਲਿਆ ਹੈ। ਬਹੁਤ ਧੰਨਵਾਦ।

**ਮਾਣਯੋਗ ਸਪੀਕਰ**: ਬਹੁਤ ਧੰਨਵਾਦ। ਸਰਦਾਰ ਵਿਕਰਮਜੀਤ ਸਿੰਘ ਜੀ ਦਾ ਟਾਈਮ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਰ, ਮੈਂ ਆਪਣੀ ਕਹੀ ਇੱਕ-ਇੱਕ ਗੱਲ ਨੂੰ authenticate ਕਰਦਾ ਹਾਂ। ਮੈਂ ਨਾ ਕੋਈ ਗਲਤ ਬਿਆਨੀ ਕੀਤੀ ਹੈ ਅਤੇ ਨਾ ਹੀ ਜ਼ਿੰਦਗੀ ਵਿੱਚ ਕਰਨ ਦੀ ਲੋੜ ਹੈ। ਮੇਰੇ ਕੋਲ ਇਹ ਤਿੰਨ ਦਸਤਾਵੇਜ਼ ਹਨ। ਇਨ੍ਹਾਂ ਦੇ ਅਧਾਰ ਤੇ ਮੈਂ ਹਰ ਚੀਜ਼ ਨੂੰ rebut ਕਰਦਾ ਹਾਂ। ਪਹਿਲਾ ਪੱਤਰ ਮਿਤੀ 22 ਅਗਸਤ ਦਾ ਚੀਫ ਇੰਜੀਨੀਅਰ (ਵਿਜੀਲੈਂਸ), ਇਰੀਗੇਸ਼ਨ ਡਿਪਾਰਟਮੈਂਟ ਦਾ ਹੈ। ਤੁਹਾਨੂੰ ਪਤਾ ਹੋਵੇਗਾ ਕਿ 24 ਜੁਲਾਈ ਤੋਂ ਬਰਸਾਤਾਂ ਸ਼ੁਰੂ ਹੋਈਆਂ ਹਨ। ਉਹ ਚੀਫ ਇੰਜੀਨੀਅਰ (ਡਰੇਨੇਜ) ਨੂੰ ਲਿਖਦਾ ਹੈ ਕਿ-

> Subject: Necessity of proposed protection works with reference to the subject cited above.
>
> Your office is requested to review the necessity of flood protection works which are not yet started at the site, as two third of the monsoon session has already been passed and most of the field data might have changed at sites due to increase flow of water in the ongoing monsoon session. Therefore, the necessity of works needed to be reviewed.

ਮੇਰੇ ਕਹਿਣ ਦਾ ਮਤਲਬ ਦੋ-ਤਿਹਾਈ ਮੌਨਸੂਨ ਬੀਤ ਜਾਣ ਬਾਅਦ ਦੀ ਇਹ ਚਿੱਠੀ ਹੈ। ਮੇਰੇ ਕੋਲ ਪਠਾਨਕੋਟ ਅਤੇ ਸ੍ਰੀ ਹਰਗੋਬਿੰਦਪੁਰ ਦੀ ਲਿਸਟ ਹੈ, ਅਗਲੀ ਲਿਸਟ ਪਟਿਆਲੇ ਦੇ ਕੰਮਾਂ ਦੀ ਲਿਸਟ ਵੀ ਹੈ, ਤੀਜੀ ਲਿਸਟ ਫਿਰੋਜ਼ਪੁਰ ਦੀ ਹੈ।

**ਮਾਣਯੋਗ ਸਪੀਕਰ**: ਠੀਕ ਹੈ ਜੀ, ਤੁਸੀਂ ਟੇਬਲ ਕਰ ਦਿਉ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਇੱਕ ਮਿੰਟ ਜੀ, ਮੈਂ ਲਿਸਟ ਪਲੇਸ ਕਰ ਦਿੰਦਾ ਹਾਂ। ਕਹਿਣ ਦਾ ਮਤਲਬ ਦੋ-ਤਿਹਾਈ ਮੌਨਸੂਨ ਬੀਤ ਜਾਣ ਬਾਅਦ ਵੀ ਕੰਮ ਤਾਂ ਅਜੇ ਹੋਏ ਨਹੀਂ। ਇਹ ਕਹਿੰਦੇ ਹਨ ਕਿ ਅਸੀਂ ਫਲੱਡ ਪ੍ਰੋਟੈਕਸ਼ਨ ਕੀਤੀ ਹੈ। ਮੇਰੇ ਕੋਲ ਲਿਸਟ ਹੈ ਜੀ।

**ਮਾਣਯੋਗ ਸਪੀਕਰ**: ਠੀਕ ਹੈ। ਬਾਜਵਾ ਜੀ, ਤੁਸੀਂ ਲਿਸਟ ਟੇਬਲ ਕਰ ਦਿਓ। ਤੁਸੀਂ ਬੈਠੋ ਹੁਣ। ਸਰਦਾਰ ਵਿਕਰਮਜੀਤ ਸਿੰਘ ਜੀ ਨੂੰ ਗੱਲ ਕਰ ਲੈਣ ਦਿਓ। Let him speak.

**ਰਾਣਾ ਗੁਰਜੀਤ ਸਿੰਘ:** ਸਰ, ਤੁਸੀਂ ਤਾਂ ਇਨਸਾਫ ਕਰੋ। ਤੁਸੀਂ ਮੇਰਾ ਤਾਂ ਟਾਈਮ ਦਿਉ।

(ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਤੁਸੀਂ ਟੇਬਲ ਕਰ ਦਿਓ। ਗੱਲ ਖਤਮ ਹੋ ਗਈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਪੜ੍ਹ ਤਾਂ ਲੈਣ ਦਿਉ।

**ਮੁੱਖ ਮੰਤਰੀ (ਬੈਠੇ ਬੈਠੇ)**: ਜੇ ਇਨ੍ਹਾਂ ਨੇ ਹੀ ਬੋਲਣਾ ਹੈ ਤਾਂ ਇਨ੍ਹਾਂ ਦੀ ਪਾਰਟੀ ਨੂੰ ਮਿਲੇ ਟਾਈਮ ਵਿੱਚੋਂ ਟਾਈਮ ਕੱਟ ਦਿਉ।

**ਮਾਣਯੋਗ ਸਪੀਕਰ** : ਇਸ ਤਰ੍ਹਾਂ ਤੁਹਾਡਾ ਟਾਈਮ ਕੱਟਿਆ ਜਾਵੇਗਾ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਠੀਕ ਹੈ ਜੀ।

**ਮਾਣਯੋਗ ਸਪੀਕਰ** : ਬੋਲ ਲਉ। ਹਾਂ ਜੀ, ਬਾਜਵਾ ਜੀ, ਤੁਸੀਂ ਬੋਲੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਉਹ ਸਾਰੇ ਸੁਪਰਡੰਟ ਇੰਜੀਨੀਅਰਜ਼ ਨੂੰ 26 ਅਗਸਤ ਨੂੰ ਚਿੱਠੀ ਲਿਖਦਾ ਹੈ ਕਿ To meet the requirements of EC Bags in Amritsar and Gurdaspur. ਲੱਖ ਬੈਗ ਮੰਗਾਉਂਦਾ ਫਿਰਦਾ ਹੈ, ਇਹ (ਜਲ ਸਰੋਤ ਮੰਤਰੀ ਵੱਲ ਇਸ਼ਾਰਾ ਕਰਦੇ ਹੋਏ) ਕਹਿੰਦੇ ਹਨ ਕਿ ਮੈਂ ਸਾਰੇ ਬੈਗਸ ਦਾ ਪ੍ਰਬੰਧ ਕੀਤਾ ਹੈ। ਸਰ, ਜਿਹੜੇ cemented bags ਉੱਥੇ ਲਗਾਉਣੇ ਸਨ, ਉਨ੍ਹਾਂ ਦਾ ਪ੍ਰਬੰਧ ਹੀ ਨਹੀਂ ਸੀ। ਸਰ, ਮੈਂ, ਕ੍ਰਿਸ਼ਨ ਕੁਮਾਰ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਆਪਣੇ ਵਿਭਾਗ ਦੇ 8000 ਆਦਮੀਆਂ ਨੂੰ ਚਾਰਜਸ਼ੀਟ ਕੀਤਾ ਹੈ। ਕੋਈ ਚੰਗਾ ਬੰਦਾ ਤਾਂ ਇਰੀਗੇਸ਼ਨ ਵਿੱਚ ਕੰਮ ਕਰਕੇ ਰਾਜ਼ੀ ਨਹੀਂ। ਸਪੀਕਰ ਸਾਹਿਬ, ਇਹ ਜਿਹੜੀਆਂ gauges ਦੱਸੀ ਜਾਂਦੇ ਹਨ, 7 ਲੱਖ ਕਿਊਸਿਕ ਪਾਣੀ ਬਿਲਕੁਲ ਛੱਡਿਆ ਗਿਆ ਹੈ ਕਿਉਂਕਿ ਜਿਹੜੇ ਫਲੱਡ ਗੇਟਸ ਹਨ, ਉਹ 6 ਲੱਖ ਕਿਊਸਿਕ ਪਾਣੀ ਤੋਂ ਉਪਰ ਟੁੱਟ ਜਾਂਦੇ ਹਨ। All the gauges are manipulated by the Irrigation Department. ਕ੍ਰਿਸ਼ਨ ਕੁਮਾਰ ਦਾ ਇੰਨਾ ਡਰ, ਇੰਨਾ ਖੌਫ ਹੈ ਕਿ ਕੋਈ ਅਸਲੀਅਤ ਦੱਸ ਕੇ ਰਾਜ਼ੀ ਹੀ ਨਹੀਂ। ਸਾਰਾ ਪੰਜਾਬ ਡੁਬਾਉਣ ਤੋਂ ਬਾਅਦ ਇੱਥੇ ਗਲਤ ਫਿਗਰਜ਼ ਦਿੰਦੇ ਹਨ। ਇਹ ਤਿੰਨੋਂ ਦਸਤਾਵੇਜ਼ ਮੇਰੇ ਕੋਲ ਹਨ, they be placed on the table of the House.

**Mr. Speaker**: Allowed.

(ਇਸ ਸਮੇਂ ਸਰਦਾਰ ਪ੍ਰਤਾਪ ਸਿੰਘ ਬਾਜਵਾ, ਲੀਡਰ ਆਫ ਆਪੋਜ਼ੀਸ਼ਨ ਨੇ ਸਬੰਧਤ ਕਾਗਜ਼ ** ਸਦਨ ਦੀ ਮੇਜ਼ ਉਤੇ ਰੱਖੇ।)

**ਮਾਣਯੋਗ ਸਪੀਕਰ** : ਧੰਨਵਾਦ। ਕਾਲਾ ਢਿੱਲੋਂ ਜੀ ਦਾ ਨਾਮ ਆਇਆ ਹੈ। ਬਾਜਵਾ ਜੀ, ਕੀ ਤੁਸੀਂ ਕਾਲਾ ਢਿੱਲੋਂ ਜੀ ਦਾ ਟਾਈਮ ਵੀ ਲੈਣਾ ਹੈ। ਵਿਕਰਮਜੀਤ ਜੀ, ਤੁਸੀਂ ਬੈਠੋ। ਤੁਹਾਡਾ ਟਾਈਮ ਬਾਜਵਾ ਜੀ ਲੈ ਗਏ ਹਨ। ਹਾਂ ਜੀ, ਰਾਣਾ ਜੀ।

**ਰਾਣਾ ਗੁਰਜੀਤ ਸਿੰਘ (ਕਪੂਰਥਲਾ)** : ਸਪੀਕਰ ਸਾਹਿਬ, ਐਲ.ਓ.ਪੀ. ਸਾਹਿਬ ਨੇ ਭਤੀਜੇ ਦਾ ਨਾਂ ਕੱਟ ਕੇ ਮੇਰਾ ਨਾਂ ਲਿਖ ਦਿੱਤਾ। ਰੂਲਿੰਗ ਪਾਰਟੀ ਨੂੰ ਟਾਈਮ ਵੱਧ ਮਿਲਣਾ ਹੈ ਕਿਉਂਕਿ ਤੁਹਾਡੇ ਮੈਂਬਰ ਵੱਧ ਹਨ। ਸਾਡੀ ਪਾਰਟੀ ਵਾਲੇ ਇਸ ਗੱਲ ਨੂੰ ਬੁਰਾ ਨਾ ਮੰਨਣ ਕਿ ਸਰਕਾਰ ਦੀ ਤਾਰੀਫ ਕਰ ਰਿਹਾ ਹੈ। ਸਰਕਾਰ ਦੀ ਤਾਰੀਫ ਕਰਨੀ ਹੀ ਹੁੰਦੀ ਹੈ ਲੇਕਿਨ ਹੜ੍ਹਾਂ ਵਿੱਚ ਲੋਕ ਬਹੁਤ ਬੁਰੀ ਤਰ੍ਹਾਂ ਮਾਰੇ ਗਏ ਹਨ, ਨੁਕਸਾਨ ਹੋਇਆ ਹੈ। ਮੈਂ ਇਕ ਗੱਲ ਕਹਿਣਾ ਚਾਹੁੰਦਾ ਹਾਂ - ਰੋਸੁ ਨ

** ਪੰਨਾ ਨੰ: 1 ਤੋਂ 14 ਰਿਵਾਇਜ਼ਰ ਸ਼ਾਖਾ ਵਿਖੇ ਹਾਰਡ ਕਾਪੀ ਤੇ ਸਾਫਟ ਕਾਪੀ ਵਜੋਂ ਰਖਵਾ ਦਿੱਤੀ ਗਈ ਹੈ ।

ਕੀਜੈ ਉਤਰੁ ਦੀਜੈ - ਗੋਇਲ ਸਾਹਿਬ, ਬਾਜਵਾ ਸਾਹਿਬ ਨੇ ਕੀ ਕਿਹਾ, ਕੀ ਨਹੀਂ ਕਿਹਾ, ਉਸ ਬਾਰੇ ਬੁਰਾ ਮੰਨਣ ਦੀ ਲੋੜ ਨਹੀਂ ਹੈ ਲੇਕਿਨ ये तो बता काफिला लुटा क्यों? ਇਹ ਤਾਂ ਦੱਸੋ ਕਿ ਹੜ੍ਹ ਕਿਵੇਂ ਆਏ? ਪੁਲੀਟੀਕਲ ਬੰਦਿਆਂ ਨੇ 15 ਦਿਨ ਪਹਿਲਾਂ ਰੌਲਾ ਪਾਇਆ ਸੀ, ਇਹ ਗੱਲ ਅਖ਼ਬਾਰਾਂ ਵਿੱਚ ਛਪੀ ਹੈ ਕਿ ਜਿਸ ਹਿਸਾਬ ਨਾਲ ਤੁਸੀਂ ਪਾਣੀ ਰੋਕ ਰਹੇ ਹੋ, ਡੈਮਾਂ ਨੂੰ ਭਰ ਰਹੇ ਹੋ, ਇਹ ਇਕ ਦਿਨ ਛੱਡਣਾ ਪੈਣਾ ਹੈ। ਡੈਮ ਬਣੇ ਕਿਸ ਵਾਸਤੇ ਹਨ? ਡੈਮ ਇਸ ਵਾਸਤੇ ਬਣੇ ਹਨ ਤਾਂ ਜੋ ਲੋਕਾਂ ਦਾ ਹੜ੍ਹਾਂ ਕਾਰਨ ਨੁਕਸਾਨ ਨਾ ਹੋਵੇ। ਡੈਮਾਂ ਦਾ ਬਾਇ ਪ੍ਰੋਡਕਟ ਕੀ ਸੀ? ਨੰਬਰ 1 - ਇਰੀਗੇਸ਼ਨ, ਨੰਬਰ 2 - ਪ੍ਰੋਡਕਸ਼ਨ ਆਫ ਪਾਵਰ। ਲੇਕਿਨ ਚਾਹੇ ਤੁਹਾਡੀ ਬੀ.ਬੀ.ਐਮ.ਬੀ ਅੱਗੇ ਬੇਬਸੀ ਸੀ, ਚਾਹੇ ਤੁਹਾਡੇ ਮਹਿਕਮੇ ਨੇ ਕੇਸ ਪਲੀਅ ਨਹੀਂ ਕੀਤਾ ਲੇਕਿਨ ਗੱਲ ਤਾਂ ਕਰਨੀ ਹੀ ਪਵੇਗੀ। ਠੀਕ ਹੈ ਕਿ ਜਿਹੜਾ ਰਾਜਾ ਹੁੰਦਾ ਹੈ, ਉਸ ਦਾ ਫੈਸਲਾ ਪੰਜਾਬ ਨੂੰ ਪ੍ਰਵਾਨ ਹੈ, ਤੁਹਾਡੀਆਂ 95 ਸੀਟਾਂ ਹਨ, ਤੁਸੀਂ ਮੁੱਖ ਮੰਤਰੀ ਹੋ, ਸਾਨੂੰ ਪ੍ਰਵਾਨ ਹੈ, ਜੋ ਕਹਿਣਗੇ ਉਹ ਹੋਵੇਗਾ but at the same time ਮੁਜਰਿਮ ਵੀ ਤੁਸੀਂ, ਦਰੋਗਾ ਵੀ ਤੁਸੀਂ ਤੇ ਜੱਜ ਵੀ ਤੁਸੀਂ। ਫੈਸਲਾ ਵੀ ਦੇ ਦਿੱਤਾ ਕਿ ਕ੍ਰਿਸ਼ਨ ਕੁਮਾਰ ਵੀ ਬਰੀ, ਉਸ ਨੇ ਕੰਮ ਠੀਕ ਕੀਤਾ ਹੈ ਅਤੇ ਗੋਇਲ ਸਾਹਿਬ ਦਾ ਵੀ ਕੋਈ ਕਸੂਰ ਨਹੀਂ ਹੈ। ਫੇਰ ਕਸੂਰ ਸਾਡਾ ਹੈ ਜਾਂ ਮਰਨ ਵਾਲਿਆਂ ਦਾ ਹੈ? ਇਹ ਵੀ ਐਪਰੀਸ਼ੀਏਟ ਕੀਤਾ ਗਿਆ ਕਿ ਡੀ.ਸੀ. ਨੇ ਬਹੁਤ ਕੰਮ ਕੀਤਾ, ਪਾਣੀ ਦੀਆਂ ਬੋਤਲਾਂ ਵੰਡੀਆਂ। Is this the Job of the D.C? ਅੰਮ੍ਰਿਤਸਰ ਵਰਗੇ ਜ਼ਿਲ੍ਹੇ ਵਿੱਚ ਉਸ ਦੇ ਥੱਲੇ ਕਿੰਨੇ ਬੰਦੇ ਹੁੰਦੇ ਹਨ? The man doesn't work, the system works but system has collapsed and we are appreciating them. ਮੁੱਖ ਮੰਤਰੀ ਸਾਹਿਬ, ਮੈਂ ਇਕ ਗੱਲ ਹੋਰ ਕਹਿਣੀ ਚਾਹਾਂਗਾ। ਇਹ ਬਦਕਿਸਮਤੀ ਸਾਡੇ ਵੇਲੇ ਵੀ ਸੀ।

**ਮਾਣਯੋਗ ਸਪੀਕਰ** : ਚੇਅਰ ਨੂੰ ਐਡਰੈੱਸ ਕਰੋ ਜੀ।

**ਰਾਣਾ ਗੁਰਜੀਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਥਰੂ ਸੀ.ਐਮ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਕੱਲ੍ਹ ਕਪੂਰਥਲਾ ਗਿਆ ਸੀ। ਉਥੇ ਥਾਣੇਦਾਰ ਕਿਸੇ ਉਤਸਵ ਦੀਆਂ ਵਧਾਈਆਂ ਦੇ ਰਿਹਾ ਸੀ ਅਤੇ ਬੋਰਡ ਤੇ ਉਸ ਦੀ ਫੋਟੋ ਸੀ। ਅਸੀਂ ਇਹ ਸਿਸਟਮ ਖ਼ਤਮ ਕਰੀਏ। ਜਿਹੜਾ ਐਡਮਨਿਸਟ੍ਰੇਸ਼ਨ ਦਾ ਕੰਮ ਹੈ, ਉਹ ਐਡਮਨਿਸਟ੍ਰੇਸ਼ਨ ਕਰੇ ਅਤੇ ਜਿਹੜਾ ਪੁਲੀਟੀਕਲ ਬੰਦਾ ਹੈ, ਉਹ ਪੁਲੀਟੀਕਲ ਗੱਲ ਕਰਨ। ਅਸੀਂ ਜਨਤਾ ਦੀ ਗੱਲ ਰੱਖੀਏ। ਜਿਹੜੀ ਗਲਤ ਗੱਲ ਹੈ, ਉਸ ਨੂੰ ਨਕਾਰ ਦਿਉ ਅਤੇ ਜਿਹੜੀ ਚੰਗੀ ਹੈ, ਉਸ ਨੂੰ ਮੰਨ ਲਉ। ਸੌਦਾ ਤਾਂ ਇਹੀ ਹੈ ਜੀ। ਡੈਮ ਹੜ੍ਹਾਂ ਨੂੰ ਰੋਕਣ ਲਈ ਬਣੇ ਸਨ, ਫੇਰ ਇਹ ਹੜ੍ਹ ਕਦੋਂ ਰੋਕਣੇ ਸਨ? ਪਹਿਲੀ ਗੱਲ, ਡੈਮ ਪੂਰਾ ਨਹੀਂ ਭਰਨਾ ਚਾਹੀਦਾ। ਆਈ.ਐਮ.ਡੀ. ਨੂੰ ਸਾਡੇ ਬੰਦਿਆਂ ਨੇ ਵੀ ਕ੍ਰਿਟੀਸਾਈਜ਼ ਕੀਤਾ ਹੈ। Why do we rely on one agency? There are international agencies, ਤੁਸੀਂ ਉਨ੍ਹਾਂ ਨੂੰ ਕੰਸਲਟ ਕਿਉਂ ਨਹੀਂ ਕਰਦੇ, ਉਨ੍ਹਾਂ ਨੂੰ ਤੁਸੀਂ ਵਿੱਚ ਕਿਉਂ ਨਹੀਂ ਲੈਂਦੇ? (ਘੰਟੀ) ਜੇਕਰ ਡਿਫਰੈਂਸ ਹੈ ਤਾਂ ਆਪਾਂ ਕੁਰੈਕਸ਼ਨ ਕਰੀਏ, ਉਥੇ ਚਰਚਾ ਕਰੀਏ। ਤੁਹਾਡੀ ਵੈਦਰ ਕਮੇਟੀ ਦੀ ਤਾਂ ਮੀਟਿੰਗ ਹੀ ਨਹੀਂ ਹੋਈ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਬੈਠੇ ਬੈਠੇ ਕੁਝ ਬੋਲ ਰਹੇ ਸਨ ਪਰੰਤੂ ਸੁਣਾਈ ਨਹੀਂ ਦੇ ਰਿਹਾ ਸੀ।)

**ਰਾਣਾ ਗੁਰਜੀਤ ਸਿੰਘ** : ਸਾਹਿਬ, ਨਹੀਂ ਹੋਈ। ਪੁੱਛ ਲਉ। ਬਾਜਵਾ ਸਾਹਿਬ, ਤੁਸੀਂ ਮੈਨੂੰ ਫਸਾ ਦੇਣਾ ਹੈ। ਹੁਣ ਉਹ ਸੁਣ ਰਹੇ ਹਨ, ਫੇਰ ਇਨ੍ਹਾਂ ਸਾਰਿਆਂ ਨੇ ਮੈਨੂੰ ਪੈ ਜਾਣਾ ਹੈ। (ਹਾਸਾ) ਕਹਿਣ ਦਾ ਭਾਵ ਇਹ ਹੈ ਕਿ ਇਹ ਗੱਲਾਂ ਵੱਖਰੀਆਂ ਹਨ। ਹੋਣਾ ਕੀ ਚਾਹੀਦਾ ਹੈ, ਇਸ ਵਾਸਤੇ ਤੁਸੀਂ ਮੈਨੂੰ 5-10 ਮਿੰਟ ਦੇ ਦਿਉ। ਮੈਂ ਕਿਸੇ ਦੀ ਸ਼ਾਨ ਦੇ ਖਿਲਾਫ ਕੋਈ ਗੱਲ ਨਹੀਂ ਕਰਾਂਗਾ।

**ਮਾਣਯੋਗ ਸਪੀਕਰ** : ਟਾਈਮ ਤਾਂ ਤੁਸੀਂ ਆਪਣੀ ਪਾਰਟੀ ਦਾ ਲੈਣਾ ਹੈ।

**ਰਾਣਾ ਗੁਰਜੀਤ ਸਿੰਘ** : ਮੈਂ ਤੁਹਾਡੇ ਤੋਂ ਵੀ ਲੈਣਾ ਸੀ। ਗੱਲ ਇਹ ਹੈ ਕਿ ਹੜ੍ਹ ਆਏ ਸਨ ਤਾਂ ਸਾਡੀ ਸਰਕਾਰ ਨੇ, ਮੰਤਰੀ ਜੀ ਨੇ ਅਤੇ ਕ੍ਰਿਸ਼ਨ ਕੁਮਾਰ ਨੇ ਕੀ ਕੀਤਾ ਹੈ? ਮੈਂ ਪਿੱਛੇ ਵਾਲਿਆਂ ਨੂੰ ਕਹਿੰਦਾ ਹਾਂ ਕਿ ਕੀ ਤੁਸੀਂ ਸੁਜੈਸਟ ਕੀਤਾ? ਤੁਸੀਂ ਤਾਂ ਕਿਰਪਾ ਕਰੋ। ਗੱਲ ਇਹ ਹੈ ਕਿ ਜਦੋਂ ਹੜ੍ਹ ਆਏ ਸਨ, ਪੰਜਾਬ ਡੁੱਬ ਰਿਹਾ ਸੀ, ਮੈਂ ਉਸ ਵੇਲੇ ਕਿਹਾ ਵੀ ਸੀ ਕਿ ਚੰਗੇ ਮਾਹਿਰਾਂ ਦੀ ਕਮੇਟੀ ਦਾ ਗਠਨ ਕਰੋ, ਜਿਹੜੀ ਇਹ ਅਸੈੱਸ ਕਰੇ ਕਿ loss ਕਿੱਥੇ ਤੱਕ ਹੋ ਰਿਹਾ ਹੈ। ਉਨ੍ਹਾਂ ਨੂੰ ਹੈਲੀਕਾਪਟਰ ਦਿਉ, ਜੋ ਵੀ ਸਾਧਨ ਉਨ੍ਹਾਂ ਲਈ ਜੁਟਾਉਣੇ ਹਨ, ਉਹ ਜੁਟਾਉ। ਉਨ੍ਹਾਂ ਨੂੰ ਸਪੋਰਟ ਕਰੋ। ਉਹ 10-15 ਦਿਨਾਂ ਵਿੱਚ ਇਸ ਸਬੰਧੀ ਰਿਪੋਰਟ ਕਰਨ। ਫਲੱਡ ਕਿਵੇਂ ਆਏ ਅਤੇ ਕਿਵੇਂ ਨਹੀਂ ਆਏ, ਇਹ ਬਾਅਦ ਵਿੱਚ ਦੇਖ ਲਵਾਂਗੇ। ਇਹ ਦੇਖਣਾ ਹੈ ਕਿ ਨੁਕਸਾਨ ਕਿੱਥੇ ਕਿੱਥੇ ਤੱਕ ਹੋਇਆ ਹੈ, ਇਹੀ ਨਹੀਂ ਸਗੋਂ ਸੈਟੇਲਾਈਟ ਮੈਪਿੰਗ ਕਰਕੇ ਹੋਇਆ ਨੁਕਸਾਨ ਚੈੱਕ ਕਰੀਏ। ਅੱਜਕੱਲ੍ਹ ਇਸ ਸਬੰਧ ਵਿੱਚ ਹੋਰ ਬੜੇ ਸਾਧਨ ਹਨ, ਉਨ੍ਹਾਂ ਸਾਧਨਾਂ ਨੂੰ ਵਰਤ ਕੇ ਅਸੈੱਸ ਕਰੀਏ ਕਿ ਹੜ੍ਹਾਂ ਕਾਰਨ ਪੰਜਾਬ ਦਾ ਨੁਕਸਾਨ ਕਿੱਥੇ ਕਿੱਥੇ, ਕਿਵੇਂ ਕਿਵੇਂ, ਕਿੰਨੇ ਕਿੰਨੇ ਫੁੱਟ ਤੱਕ ਹੋ ਚੁੱਕਿਆ ਹੈ ਅਤੇ ਹੋਰ ਕੀ ਕੁਝ ਨੁਕਸਾਨ ਹੋ ਗਿਆ ਹੈ। ਹਾਲੇ ਵੀ ਦੇਰ ਨਹੀਂ ਹੋਈ। ਇਸ ਸਬੰਧ ਵਿੱਚ ਕੋਈ ਕਮੇਟੀ ਬਣਾਉ ਜੇਕਰ ਸਾਡੇ ਕੋਲ ਨੈਸ਼ਨਲ ਲੈਵਲ ’ਤੇ ਕੋਈ ਕੰਸਲਟੈਂਟ ਨਹੀਂ ਹੈ ਜਿਹੜਾ ਸਾਡੇ ਪੰਜਾਬ ਵਿੱਚ ਆਉਣ ਵਾਲੇ ਸਮੇਂ ਵਿੱਚ ਫਲੱਡ ਪ੍ਰੋਟੈਕਸ਼ਨ ਦੀ ਗੱਲ ਕਰ ਸਕੇ ਤਾਂ ਮੇਰਾ ਸੁਝਾਅ ਹੈ ਕਿ ਅਸੀਂ ਕੋਈ ਇੰਟਰਨੈਸ਼ਨਲ ਪੱਧਰ ਦਾ ਕੰਸਲਟੈਂਟ ਲੈ ਆਈਏ। Let's hire an international consultant. ਅੱਜ ਇਸ ਦੀ ਲੋੜ ਹੈ ਐਂਰ ਇਸ ਉੱਤੇ ਇਕੱਲਾ ਪੰਜਾਬ ਹੀ ਖਰਚਾ ਕਿਉਂ ਕਰੇ? What is the Water Resources Ministry of India there for? ਹਰਿਆਣੇ ਨੂੰ ਦੇਵੇ, ਸਾਨੂੰ ਕੱਟ ਲਾਵੇ ਭਾਵੇਂ ਕਿਸੇ ਨੂੰ ਵੀ ਦੇਵੇ ਪ੍ਰੰਤੂ ਇਸ ਦਾ ਪ੍ਰਬੰਧ ਉਨ੍ਹਾਂ ਨੂੰ ਖੁਦ ਕਰਨਾ ਚਾਹੀਦਾ ਹੈ। It is the interest of the Nation. ਹੁਣ ਪਾਕਿਸਤਾਨ ਦੀ ਗੱਲ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਸਾਡਾ ਦੁਆਬਾ ਡੁੱਬਿਆ ਪ੍ਰੰਤੂ ਇੰਤਜ਼ਾਰ ਕੀਤਾ ਗਿਆ ਕਿ ਹੋਰ ਹੜ੍ਹ ਆ ਲੈਣ ਦਿਉ, ਅਸੀਂ ਫੇਰ ਫਿਰੋਜ਼ਪੁਰ ਅਤੇ ਉਸ ਤੋਂ ਬਾਅਦ ਪਾਕਿਸਤਾਨ ਨੂੰ ਡੋਬਣਾ ਹੈ। ਇਹ ਗੱਲ ਠੀਕ ਨਹੀਂ ਹੈ। ਇਸ ਮਸਲੇ ਤੇ ਭਾਵੇਂ ਸੈਸ਼ਨ ਤਾਂ ਸੱਦਿਆ ਗਿਆ ਲੇਕਿਨ ਦੋ ਘੰਟੇ ਦਾ ਸਮਾਂ ਮੈਨੂੰ ਇਕੱਲੇ ਨੂੰ ਚਾਹੀਦਾ ਹੈ, ਜੇਕਰ ਤੁਸੀਂ ਦੇਵੋ ਤਾਂ।

**ਮਾਣਯੋਗ ਸਪੀਕਰ :** ਆਪਾਂ ਕਿਤੇ ਕਰ ਲਵਾਂਗੇ। ਅਜਿਹਾ ਵੀ ਕਦੇ ਕਰ ਲਵਾਂਗੇ।

**ਰਾਣਾ ਗੁਰਜੀਤ ਸਿੰਘ :** ਸਰ, ਜੇ ਅੱਜ ਅਜਿਹਾ ਨਹੀਂ ਕਰਨਾ, ਜੇ ਪੰਜਾਬ ਡੁੱਬੇ ਤੇ ਨਹੀਂ ਕਰਨਾ ਤਾਂ ਫੇਰ ਇਹ ਮੈਟਰ ਤਾਂ ਭੁੱਲ ਜਾਣਾ ਹੈ।

**ਮਾਣਯੋਗ ਸਪੀਕਰ :** ਆਪਾਂ ਇਸ ਮੈਟਰ ਸਬੰਧੀ ਕੋਈ ਵੱਖਰੀ ਮੀਟਿੰਗ ਰੱਖ ਲਵਾਂਗੇ।

**ਰਾਣਾ ਗੁਰਜੀਤ ਸਿੰਘ :** ਸਰ, ਅਸੀਂ ਸਾਲ 2019 ਦਾ ਹੜ੍ਹ ਭੁੱਲ ਗਏ ਹਾਂ, ਅਸੀਂ ਉਸ ਤੋਂ ਕੀ ਸਿੱਖਿਆ ਲਈ ਹੈ? ਅਸੀਂ ਸਾਲ 2023 ਦਾ ਹੜ੍ਹ ਭੁੱਲ ਗਏ ਹਾਂ। ਕੀ ਸਾਲ 2023 ਵਿੱਚ ਤੁਹਾਡੀ ਸਰਕਾਰ ਨਹੀਂ ਸੀ? ਸਾਲ 2025 ਦਾ ਹੜ੍ਹ ਭੁੱਲਣ ਹੀ ਵਾਲੇ ਹਾਂ। ਹੁਣ ਥੋੜ੍ਹੇ ਦਿਨਾਂ ਤੱਕ 2025 ਦੇ ਹੜ੍ਹ ਨੂੰ ਵੀ ਭੁੱਲ ਜਾਣਾ ਹੈ।

**ਮਾਣਯੋਗ ਸਪੀਕਰ :** ਸਰਦਾਰ ਮਨਪ੍ਰੀਤ ਸਿੰਘ ਇਆਲੀ ਜੀ।

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਸਿਰਫ ਥੋੜ੍ਹੀ ਜਿਹੀ ਗੱਲ ਰਹਿੰਦੀ ਹੈ।

**ਮਾਣਯੋਗ ਸਪੀਕਰ :** ਤੁਹਾਡੀ ਗੱਲ ਹੋ ਗਈ ਹੈ। (ਵਿਘਨ)

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਮੈਨੂੰ ਵਾਈਂਡ ਅੱਪ ਕਰ ਲੈਣ ਦਿਉ ਜੀ।

**ਮਾਣਯੋਗ ਸਪੀਕਰ :** ਠੀਕ ਹੈ ਜੀ।

**ਰਾਣਾ ਗੁਰਜੀਤ ਸਿੰਘ :** ਸਰ, ਹੜ੍ਹ ਆ ਗਿਆ, ਸਾਡਾ ਨੁਕਸਾਨ ਹੋ ਗਿਆ ਅਤੇ ਦੋ-ਤਿੰਨ ਮਹੀਨਿਆਂ ਤੱਕ ਇਹ ਗੱਲ ਪੁਰਾਣੀ ਹੋ ਜਾਣੀ ਹੈ ਲੇਕਿਨ ਆਪਾਂ ਇਸ ਦੇ ਪਰਮਾਨੈਂਟ ਹੱਲ ਦੀ ਗੱਲ ਕਰੀਏ। ਡੈਮਾਂ ਤੋਂ ਪਾਣੀ ਆਉਂਦਾ ਹੈ, ਉਥੇ ਚੈਨਲਜ਼ ਬਣੀਆਂ ਹੋਈਆਂ ਹਨ, ਕੋਈ ਇਰੀਗੇਸ਼ਨ ਅਤੇ ਕੋਈ ਪਾਵਰ ਦੇ ਟਰਬਾਈਨ ਨੂੰ ਆ ਰਹੀ ਹੈ। ਕੀ ਆਪਾਂ ਕੋਈ ਇਸ ਤਰ੍ਹਾਂ ਦੀ ਗੱਲ ਨਹੀਂ ਕਰ ਸਕਦੇ ਕਿ ਇਨ੍ਹਾਂ ਨੂੰ ਡੈਮ ਦੇ ਵਿੱਚ ਫੋਰਸ ਨਾਲ ਕਰ ਸਕੀਏ। ਧਰਤੀ ਦੀ ਰਿਚਾਰਜਿੰਗ ਫੋਰਸ ਨਾਲ ਵੀ ਹੁੰਦੀ ਹੈ, ਪਾਵਰ ਲਗਦੀ ਹੈ, ਉਥੇ ਅਸੀਂ ਡੈਮ ਦੀ ਜੜ੍ਹ ਵਿੱਚ ਤਾਂ ਨਹੀਂ ਕਰ ਸਕਦੇ ਪ੍ਰੰਤੂ ਮੈਨੂੰ ਪੂਰਾ ਯਕੀਨ ਹੈ ਕਿ ਇੰਟਰਨੈਸ਼ਨਲੀ ਇਸ ਗੱਲ ਦਾ ਹੱਲ ਲੱਭਿਆ ਜਾ ਸਕਦਾ ਹੈ ਕਿ ਉਸ ਫੋਰਸ ਨੂੰ ਯੂਜ਼ ਕਰਕੇ 10-15 ਕਿਲੋਮੀਟਰ ਦੂਰੀ 'ਤੇ, ਜਿੱਥੇ ਡੈਮ ਵੀ ਬਚ ਜਾਵੇ ਅਤੇ ਰਿਚਾਰਜਿੰਗ ਵੀ ਹੋਵੇ। ਜਨਾਬ, ਤੁਸੀਂ ਸੀ.ਐਮ. ਸਾਹਿਬ ਵੱਲ ਦੇਖ ਰਹੇ ਹੋ ਅਤੇ ਮੈਂ ਤੁਹਾਨੂੰ ਐਡਰੈੱਸ ਕਰ ਰਿਹਾ ਸੀ।

**ਮਾਣਯੋਗ ਸਪੀਕਰ :** ਮੈਂ ਤੁਹਾਡੇ ਵੱਲ ਵੇਖ ਰਿਹਾ ਹਾਂ ਜੀ।

**ਰਾਣਾ ਗੁਰਜੀਤ ਸਿੰਘ :** ਅੱਛਾ ਜੀ। ਠੀਕ ਹੈ ਜੀ, ਇੱਕ ਅੱਖ ਇੱਧਰ ਤੇ ਇੱਕ ਅੱਖ ਉੱਧਰ ਹੈ। ਸਰ, ਗੱਲ ਇਹ ਹੈ ਕਿ ਕੰਮ ਤਾਂ ਬੜੇ ਕਰਨ ਵਾਲੇ ਹਨ ਔਰ ਸਮੱਸਿਆਵਾਂ ਵੀ ਬੜੀਆਂ ਹਨ ਅਤੇ ਇਨ੍ਹਾਂ ਦੇ ਹੱਲ ਵੀ ਬੜੇ ਸੌਖੇ ਹਨ। ਅੱਜ ਮੰਤਰੀ ਜੀ ਨੇ ਖੁਦ ਮੰਨਿਆ ਹੈ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਖੁਦ 76 ਪਰਸੈਂਟ ਪਾਣੀ ਯੂਟੇਲਾਈਜ਼ ਕਰੇਗਾ। ਪ੍ਰੰਤੂ ਬਾਕੀ ਦਾ 24 ਪਰਸੈਂਟ ਪਾਣੀ ਤਾਂ ਫਿਰ ਵੀ ਯੂਟੇਲਾਈਜ਼ ਨਹੀਂ ਕਰ ਰਹੇ? ਉਸ ਦਾ ਕੀ ਹੱਲ ਹੈ? ਉਸ ਦਾ ਕਿਵੇਂ ਕਰੋਗੇ?

(ਇਸ ਸਮੇਂ ਜਲ ਸਰੋਤ ਮੰਤਰੀ ਆਪਣੀ ਸੀਟ ਤੇ ਬੈਠੇ ਬੈਠੇ ਕੁਝ ਬੋਲ ਰਹੇ ਸੀ।)

**ਰਾਣਾ ਗੁਰਜੀਤ ਸਿੰਘ:** ਮੰਤਰੀ ਜੀ, ਤੁਸੀਂ ਤਾਂ ਮਹਿਕਮੇ ਦੇ ਮਾਲਕ ਹੋ। ਤੁਸੀਂ ਸਿਰਫ ਸੁਣਨਾ ਹੈ, ਬੋਲਣਾ ਅਸੀਂ ਹੈ। ਜੇ ਅਸੀਂ ਚੰਗੀ ਗੱਲ ਕਰਾਂਗੇ ਤਾਂ ਲੜ ਬੰਨ੍ਹ ਲਉ, ਨਹੀਂ ਤਾਂ ਇੱਥੇ ਡਸਟਬਿਨ ਵਿੱਚ ਪਾ ਦੇਣਾ। ਤੁਸੀਂ ਤਾਂ ਚੰਗੇ ਵਕੀਲ ਹੋ ਲੇਕਿਨ ਮੈਂ ਕਹਿਣਾ ਚਾਹੁੰਦਾ ਹਾਂ ਕਿ...

**(ਇੱਕ ਅਵਾਜ਼ :** ਤੁਸੀਂ ਉਨ੍ਹਾਂ ਨੂੰ ਹੀ ਕਹਿ ਦਿਉ।)

**ਰਾਣਾ ਗੁਰਜੀਤ ਸਿੰਘ :** ਮੈਂ ਉੱਧਰ ਵੀ ਕਰ ਦਿੰਦਾ ਹਾਂ। ਤੁਹਾਨੂੰ ਵੀ ਕਰ ਦਿੰਦਾ ਹਾਂ।

**ਮਾਣਯੋਗ ਸਪੀਕਰ :** ਕੋਈ ਵੀ ਮਾਣਯੋਗ ਮੈਂਬਰ ਸਪੀਕਰ (ਸਪੀਚ ਦੇਣ ਵਾਲਾ ਮੈਂਬਰ) ਨੂੰ ਇਹ ਨਹੀਂ ਦੱਸੇਗਾ ਕਿ ਕਿਸ ਨੂੰ ਕੀ ਕਹਿਣਾ ਹੈ। ਤੁਸੀਂ ਆਪਣਾ ਕੰਮ ਕਰੋ।

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ 76 ਪਰਸੈਂਟ ਪਾਣੀ ਯੂਟੇਲਾਈਜ਼ ਕਰਨ ਬਾਰੇ ਕਹਿ ਰਹੇ ਹਨ। ਅਜਿਹਾ ਕਿਤਾਬਾਂ ਵਿੱਚ ਹੋਵੇਗਾ but how will we utilize it upto 100%? ਤੁਸੀਂ ਇਸ ਬਾਰੇ ਦਿਮਾਗ ਲਗਾਉ। ਮੈਂ ਤੁਹਾਨੂੰ ਸੁਜੈਸ਼ਨ ਦੇ ਦਿੰਦਾ ਹਾਂ। ਤੁਸੀਂ ਲਾਗੂ ਕਰੋ। ਜਦੋਂ ਅਸੀਂ ਕਣਕ ਬੀਜ ਲੈਂਦੇ ਹਾਂ ਤਾਂ ਦੋ-ਤਿੰਨ ਪਾਣੀਆਂ ਤੋਂ ਬਾਅਦ ਕਣਕ ਦੀ ਫਸਲ ਤਿਆਰ ਹੋ ਜਾਂਦੀ ਹੈ, ਜੂਨ ਮਹੀਨੇ ਵਿੱਚ ਪਾਣੀ ਦੀ ਲੋੜ ਨਹੀਂ ਹੁੰਦੀ। ਇਹ ਲੋੜ ਕਿਉਂ ਨਹੀਂ? ਕਿਉਂਕਿ ਅਸੀਂ cotton ਬੀਜਣੀ ਤਾਂ ਖਤਮ ਹੀ ਕਰ ਦਿੱਤੀ। ਉਸ ਵੱਲ ਸਾਡੀ ਤਵੱਜੋ ਹੀ ਨਹੀਂ ਹੈ। ਇੱਥੇ ਐਗਰੀਕਲਚਰ ਮਨਿਸਟਰ ਸਾਹਿਬ ਬੈਠੇ ਹਨ। ਉਨ੍ਹਾਂ ਨੂੰ ਕਹੋ ਕਿ ਇਸ ਪਾਸੇ ਵੱਲ ਤਵੱਜੋ ਦੇਣ। ਇਸ ਦਾ ਆਲਟਰਨੇਟਿਵ ਕੀ ਹੈ? ਹੁਣ ਤੁਸੀਂ ਕਹੋਗੇ ਕਿ ਰਾਣੇ ਨੇ ਮੱਕੀ ਬਿਜਵਾਉਣੀ ਹੈ ਪ੍ਰੰਤੂ ਰਾਣਾ ਫੇਰ ਕਹਿੰਦਾ ਹੈ ਕਿ ਜੇ ਪੰਜਾਬ ਦੇ ਜ਼ਿੰਮੀਦਾਰ ਦੀ ਆਮਦਨ ਵਧਾਉਣੀ ਹੈ ਤਾਂ ਕਣਕ ਦੀ ਜਗ੍ਹਾ ਮੱਕੀ ਬਿਜਵਾਉ। ਹੁਣ ਮੈਂ ਨਹਿਰੀ ਪਾਣੀ ਦੀ ਗੱਲ ਕਰਦਾ ਹਾਂ। ਸਪੀਕਰ ਸਾਹਿਬ, ਮੈਂ ਤੁਹਾਡੇ ਥਰੂ ਮੰਤਰੀ ਜੀ ਨੂੰ ਕਹਿਣ ਲੱਗਾ ਹਾਂ।

**ਮਾਣਯੋਗ ਸਪੀਕਰ :** ਜੀ।

**ਰਾਣਾ ਗੁਰਜੀਤ ਸਿੰਘ :** ਇਸ ਗੱਲ ਉੱਤੇ ਗੌਰ ਕਰਿਉ। ਬੇਨਤੀ ਹੈ, ਜੇਕਰ ਚੰਗੀ ਲੱਗੇ ਤਾਂ ਮੰਨ ਲਉ। ਨਹੀਂ ਤਾਂ ਛੱਡ ਦੇਣਾ।

**ਮਾਣਯੋਗ ਸਪੀਕਰ :** ਥੈਂਕ ਯੂ।

**ਰਾਣਾ ਗੁਰਜੀਤ ਸਿੰਘ :** ਸੀ.ਐਮ. ਸਾਹਿਬ, ਮੈਂ ਇੱਕ ਗੱਲ ਕਰਨੀ ਚਾਹੁੰਦਾ ਹਾਂ।

**ਮਾਣਯੋਗ ਸਪੀਕਰ :** ਸੀ.ਐਮ. ਸਾਹਿਬ ਤੁਹਾਡੇ ਉੱਤੇ ਬੜੇ ਮਿਹਰਬਾਨ ਹਨ। ਮਿਲ ਕੇ ਗੱਲ ਕਰ ਲੈਣਾ। ਹੁਣ ਆਪਾਂ ਦੂਜਿਆਂ ਨੂੰ ਬੋਲ ਲੈਣ ਦੇਈਏ। ਬੈਠੋ ਜੀ, ਪਲੀਜ਼।

**ਰਾਣਾ ਗੁਰਜੀਤ ਸਿੰਘ :** ਕੁਝ ਗੱਲਾਂ ਆਪਾਂ publicly ਕਰਨੀਆਂ ਹੁੰਦੀਆਂ ਹਨ। ਮੈਂ, ਕਦੇ ਸੀ.ਐਮ. ਸਾਹਿਬ ਨੂੰ ਇਨ ਪਰਸਨ ਇਕੱਲਾ ਨਹੀਂ ਮਿਲਿਆ।

**ਮਾਣਯੋਗ ਸਪੀਕਰ :** ਤੁਸੀਂ ਮਿਲ ਲੈਣਾ। ਸੀ.ਐਮ. ਸਾਹਿਬ ਤਾਂ ਸਾਰਿਆਂ ਦੇ ਹਨ।

**ਰਾਣਾ ਗੁਰਜੀਤ ਸਿੰਘ :** ਉਹ ਇੰਦਰ ਪ੍ਰਤਾਪ ਸਿੰਘ ਦਾ ਸੀ.ਐਮ. ਹੈ, ਮੇਰਾ ਨਹੀਂ, ਭਾਵੇਂ ਮੇਰਾ ਵੀ ਸੀ.ਐਮ. ਹੈ ਲੇਕਿਨ ਮਿਲਦਾ ਇੰਦਰ ਹੀ ਹੈ। (ਹਾਸਾ) ਸੀ.ਐਮ. ਸਾਹਿਬ, ਗੱਲ ਇਹ ਹੈ ਕਿ ਲੋਕ ਦੁੱਖ ਵਿੱਚ ਹਨ, ਇਹ ਦੁੱਖ ਭੁੱਲਣਾ ਨਹੀਂ ਹੈ। ਆਪਾਂ ਵਿੰਡੋ ਐਡਰੈਸਿੰਗ ਕੋਈ ਮਾੜੀ ਨਹੀਂ ਕੀਤੀ, ਬਹੁਤ ਅੱਛੀ ਕੀਤੀ ਹੈ। ਸਾਰੇ ਜਣੇ ਬਹੁਤ ਵਧੀਆ ਬੋਲੇ ਹਨ। ਆਮ ਆਦਮੀ ਪਾਰਟੀ ਵਾਲਿਆਂ ਨੇ ਸਰਕਾਰ ਨੂੰ ਡਿਫੈਂਡ ਕੀਤਾ ਹੈ ਅਤੇ ਬਣਦਾ ਵੀ ਹੈ ਲੇਕਿਨ ਮੈਂ ਇੱਕ ਗੱਲ ਸਮਝਦਾ ਹਾਂ ਕਿ ਕਬਰ ਖੋਦੀ ਜਾ ਚੁੱਕੀ ਹੈ।

**ਮਾਣਯੋਗ ਸਪੀਕਰ :** ਵਾਹਿਗੁਰੂ।

**ਰਾਣਾ ਗੁਰਜੀਤ ਸਿੰਘ :** ਸੱਚੀ ਕਬਰ ਖੋਦੀ ਜਾ ਚੁੱਕੀ ਹੈ। ਉਸ ਵਿਚ ਚਾਹੇ ਕ੍ਰਿਸ਼ਨ ਕੁਮਾਰ ਅਤੇ ਮੰਤਰੀ ਜੀ ਨੂੰ ਪਾ ਦਿਉ, ਚਾਹੇ ਆਮ ਆਦਮੀ ਪਾਰਟੀ ਨੂੰ ਪਾ ਦਿਉ। ਮਰਜ਼ੀ ਤੁਹਾਡੀ ਹੈ। ਜੈ ਹਿੰਦ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ) :** ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਜਿਹੜੇ ਪੰਜਾਬ ਵਿਚ ਹੜ੍ਹ ਆਏ ਹਨ, ਉਨ੍ਹਾਂ ਤੇ 26 ਤਾਰੀਖ ਨੂੰ ਵੀ ਬਹਿਸ ਹੋਈ ਹੈ ਅਤੇ ਅੱਜ ਦੁਬਾਰਾ ਡਿਸਕਸ਼ਨ ਹੋ ਰਹੀ ਹੈ। ਸਾਡੇ ਸਤਿਕਾਰਯੋਗ ਮੈਂਬਰ ਸਾਹਿਬਾਨਾਂ ਵੱਲੋਂ ਬਹੁਤ ਵਧੀਆ ਸੁਝਾਅ ਦਿੱਤੇ ਜਾ ਰਹੇ ਹਨ। ਹੜ੍ਹਾਂ ਦੇ ਕਾਰਨ ਕੀ ਹਨ, ਕਿਉਂ ਆਏ, ਕਿੰਨਾ ਨੁਕਸਾਨ ਹੋਇਆ ਅਤੇ ਅਸੀਂ ਕਿਸ ਤਰ੍ਹਾਂ ਆਉਣ ਵਾਲੇ ਸਮੇਂ ਵਿਚ ਇਨ੍ਹਾਂ ਹੜ੍ਹਾਂ ਤੋਂ ਪੰਜਾਬ ਦੀ ਕਿਸਾਨੀ ਨੂੰ, ਕਿਸਾਨਾਂ ਦੀਆਂ ਫਸਲਾਂ ਨੂੰ ਬਚਾ ਸਕਦੇ ਹਾਂ। ਮੈਂ ਉਸ ਦਿਨ ਵੀ ਸੁਝਾਅ ਦਿੱਤਾ ਸੀ ਕਿ ਇਸ ਵਾਸਤੇ ਵਿਧਾਨ ਸਭਾ ਦੀ ਇੱਕ ਸਾਂਝੀ ਕਮੇਟੀ ਜ਼ਰੂਰ ਬਣਾਈ ਜਾਵੇ, ਜੋ ਇਸ ਤੇ ਕੰਮ ਕਰੇ। ਹੜ੍ਹਾਂ ਦੇ ਕਾਰਨ, ਇਸ ਦੇ ਨੁਕਸਾਨ ਅਤੇ ਆਉਣ ਵਾਲੇ ਸਮੇਂ ਵਿਚ ਇਸ ਨੂੰ ਕਿਸ ਤਰ੍ਹਾਂ ਰੋਕ ਸਕਦੇ ਹਾਂ, ਇਨ੍ਹਾਂ ਗੱਲਾਂ ਤੇ ਵਿਚਾਰ ਕਰਨ ਲਈ ਇਕ ਮਾਹਿਰ ਕਮੇਟੀ ਬਣਾਈ ਜਾਣੀ ਚਾਹੀਦੀ ਹੈ। ਜਿਵੇਂ ਮੇਰੇ ਤੋਂ ਪਹਿਲਾਂ ਮੈਂਬਰ ਸਾਹਿਬ ਨੇ ਗੱਲ ਕੀਤੀ ਹੈ, ਮੈਂ ਵੀ ਦੁਹਰਾਉਂਦਾ ਹਾਂ ਕਿ ਨੈਸ਼ਨਲ ਲੈਵਲ ਦੇ ਜਾਂ ਇੰਟਰਨੈਸ਼ਨਲ ਲੈਵਲ ਦੇ ਮਾਹਿਰਾਂ ਨੂੰ ਉਸ ਕਮੇਟੀ ਵਿਚ ਪਾਇਆ ਜਾਵੇ। ਮੈਂ ਉਸ ਦਿਨ ਵੀ ਸੁਝਾਅ ਦਿੱਤਾ ਸੀ ਕਿ ਜਿਹੜੇ ਸਾਡੇ ਦਰਿਆ ਹਨ, ਉਹ ਵਿਚਾਲਿਉਂ ਉੱਚੇ ਹਨ। ਉਨ੍ਹਾਂ ਵਿਚ ਰੇਤ ਐਨੀ ਭਰ ਚੁੱਕੀ ਹੈ ਕਿ ਮੇਰਾ ਖਿਆਲ ਹੈ ਕਿ ਬਾਹਰਲੇ ਲੈਵਲ ਨਾਲੋਂ ਸੈਂਟਰ ਉੱਚਾ ਹੋਵੇਗਾ, ਸਾਰਾ ਪਾਣੀ ਬੰਨ੍ਹਾਂ ਦੇ ਨਾਲ ਚੱਲ ਰਿਹਾ ਹੈ, ਜਿਸ ਕਰਕੇ ਬੰਨ੍ਹਾਂ ਤੇ ਸਾਰਾ ਪਰੈਸ਼ਰ ਹੈ। ਜੇਕਰ ਇਸ ਦੀ ਪਰਾਪਰ ਪੁਟਾਈ ਹੋ ਜਾਵੇ ਅਤੇ ਦਰਿਆ ਘੱਟੋ ਘੱਟ 10 ਕਿੱਲੇ ਚੌੜਾ ਹੋਵੇ, ਉਹ ਜ਼ਮੀਨ ਸਰਕਾਰ ਦੀ ਹੋਣੀ ਚਾਹੀਦੀ ਹੈ। ਇਸ ਵਾਸਤੇ ਜ਼ਮੀਨ ਐਕਵਾਇਰ ਹੋਣੀ ਚਾਹੀਦੀ ਹੈ ਅਤੇ ਕਿਸਾਨਾਂ ਨੂੰ ਮੁਆਵਜ਼ਾ ਮਿਲਣਾ ਚਾਹੀਦਾ ਹੈ। ਗੋਦਾਵਰੀ ਨਦੀ ਤਕਰੀਬਨ 70-80 ਫੁੱਟ ਡੂੰਘੀ ਚੱਲ ਰਹੀ ਹੈ ਅਤੇ ਸਾਡਾ ਸਤਲੁਜ ਜ਼ਮੀਨ ਤੋਂ ਉੱਚਾ ਚੱਲ ਰਿਹਾ ਹੈ। ਜੇਕਰ ਉਸ ਦੀ ਪੁਟਾਈ ਹੋਵੇਗੀ ਤਾਂ ਧਰਤੀ ਹੇਠਲੇ ਪਾਣੀ ਦੀ ਰਿਚਾਰਜਿੰਗ ਵੀ ਹੋਵੇਗੀ। ਇਸ ਤੋਂ ਇਲਾਵਾ ਚੈੱਕ ਡੈਮ ਬਣਨੇ ਚਾਹੀਦੇ ਹਨ। ਆਫ਼ ਸੀਜ਼ਨ ਵਿਚ ਵੀ ਇਨ੍ਹਾਂ ਦਰਿਆਵਾਂ ਵਿਚ ਪਾਣੀ ਹਮੇਸ਼ਾ ਖੜ੍ਹਾ ਰਹਿਣ ਚਾਹੀਦਾ ਹੈ ਤਾਂ ਜੋ ਰਿਚਾਰਜਿੰਗ ਹੋਵੇ। ਸੋ, ਇਸ ਪਾਸੇ ਸਾਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਜੇਕਰ ਸਾਡੇ ਦਰਿਆਵਾਂ ਦੀ ਪੁਟਾਈ ਹੋ ਜਾਵੇ ਤਾਂ ਬੰਨ੍ਹਾਂ ਤੱਕ ਤਾਂ ਪਾਣੀ ਕਦੇ ਟੱਚ ਵੀ ਨਹੀਂ ਹੋਣਾ, ਹੜ੍ਹ ਆਉਣੇ ਤਾਂ ਬਹੁਤ ਦੂਰ ਦੀ ਗੱਲ ਹੈ। ਕਈ ਜਗ੍ਹਾ ਅਸੀਂ ਦੇਖਦੇ ਹਾਂ ਕਿ ਸਤਲੁਜ ਦਰਿਆ ਕਈ ਥਾਵਾਂ ਤੇ ਇੱਕ ਕਿਲੋਮੀਟਰ ਚੌੜਾ ਚੱਲ ਰਿਹਾ ਹੈ ਅਤੇ ਕਈ ਥਾਵਾਂ ਤੇ 3 ਕਿਲੋਮੀਟਰ ਅਤੇ ਕਈ ਥਾਵਾਂ ਤੇ 5 ਕਿਲੋਮੀਟਰ ਚੌੜਾ ਚੱਲ ਰਿਹਾ ਹੈ। ਜਦੋਂ ਸਰਦਾਰ ਪ੍ਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਸਨ, ਉਸ ਵੇਲੇ ਬੰਨ੍ਹਾਂ ਦੇ ਸਰਵੇ ਹੋਏ ਸਨ ਲੇਕਿਨ ਉਹ ਬੰਨ੍ਹ ਮੁੜ ਕੇ ਬੰਨ੍ਹੇ ਨਹੀਂ ਗਏ। ਜਦੋਂ ਵੀ ਪਾਣੀ ਆਉਂਦਾ ਹੈ ਤਾਂ ਲੋਕਾਂ ਦੀ ਫਸਲ ਮਾਰੀ ਜਾਂਦੀ ਹੈ। ਸੋ, ਅੱਜ ਲੋੜ ਹੈ ਕਿ ਆਉਣ ਵਾਲੀ ਫਸਲ

ਬੀਜਣ ਤੋਂ ਪਹਿਲਾਂ ਖੇਤਾਂ ਵਿਚੋਂ ਰੇਤ ਕੱਢਣ ਲਈ ਕਿਸਾਨਾਂ ਨੂੰ ਪੂਰਾ ਸਮਾਂ ਦੇਣਾ ਚਾਹੀਦਾ ਹੈ, ਜਦੋਂ ਤੱਕ ਖੇਤ ਖਾਲੀ ਨਹੀਂ ਹੋ ਜਾਂਦੇ, ਉਦੋਂ ਤੱਕ ਸਮਾਂ ਵਧਾਇਆ ਜਾਵੇ। ਦੂਜਾ, ਕਿਸਾਨਾਂ ਨੂੰ ਆਉਣ ਵਾਲੀ ਕਣਕ ਬੀਜਣ ਲਈ ਖਾਦ ਅਤੇ ਬੀਜ ਦੀ ਲੋੜ ਹੈ, ਡੀਜ਼ਲ ਦੀ ਲੋੜ ਹੈ, ਉਹ ਮੁਹੱਈਆ ਕਰਵਾਇਆ ਜਾਵੇ। ਇਸ ਤੋਂ ਇਲਾਵਾ ਜਿਹੜੇ ਲੋਕਾਂ ਦੇ ਘਰਾਂ ਦੀਆਂ ਛੱਤਾਂ ਡਿੱਗ ਗਈਆਂ ਹਨ, ਉਨ੍ਹਾਂ ਨੂੰ ਮਦਦ ਦੀ ਅੱਜ ਲੋੜ ਹੈ। ਇਹ ਨਾ ਹੋਵੇ ਕਿ ਛੇ ਮਹੀਨੇ ਬਾਅਦ ਮਦਦ ਹੋਵੇ। ਮੈਂ ਆਪਣੇ ਹਲਕੇ ਵਿਚ ਕੋਸ਼ਿਸ਼ ਕੀਤੀ ਹੈ, ਪਿੰਡ ਦੇ ਲੋਕਾਂ ਨੂੰ ਨਾਲ ਲੈ ਕੇ ਜਿਹੜੇ ਘਰਾਂ ਦੀਆਂ ਛੱਤਾਂ ਡਿੱਗੀਆਂ ਹਨ, ਅਸੀਂ ਉਹ ਘਰ ਦੁਬਾਰਾ ਬਣਨੇ ਸ਼ੁਰੂ ਕਰਵਾ ਦਿੱਤੇ ਹਨ। ਇੱਕ ਮਹੀਨੇ ਵਿਚ ਸਾਰੇ ਘਰਾਂ ਦੀਆਂ ਛੱਤਾਂ ਪੈ ਜਾਣਗੀਆਂ। ਸੋ, ਅਸੀਂ ਲੋਕਾਂ ਨੂੰ ਨਾਲ ਲੈ ਕੇ ਇਹ ਸਭ ਕਰ ਰਹੇ ਹਾਂ ਲੇਕਿਨ ਸਰਕਾਰ ਦੇ ਹਾਲੇ ਤੱਕ ਸਰਵੇ ਹੋ ਰਹੇ ਹਨ। ਜਦ ਨੂੰ ਸਰਕਾਰ ਦੀ ਮਦਦ ਆਉਣੀ ਹੈ, ਉਦੋਂ ਤੱਕ ਸਮਾਜ ਸੇਵੀਆਂ, ਐਨ.ਆਰ.ਆਈਜ਼. ਅਤੇ ਐਨ.ਜੀ.ਓਜ਼. ਨੇ ਘਰ ਬਣਾ ਦੇਣੇ ਹਨ। ਮੇਰਾ ਖਿਆਲ ਹੈ ਕਿ ਇੱਕ ਪਿੰਡ ਵਿਚ ਇੱਕ ਜਾਂ ਦੋ ਘਰ ਅਜਿਹੇ ਹੋਣਗੇ, ਜਿਨ੍ਹਾਂ ਨੂੰ ਫੌਰੀ ਤੌਰ ਤੇ ਮਦਦ ਦੀ ਜ਼ਰੂਰਤ ਹੈ, ਉਹ ਲੋਕ ਧਰਮਸ਼ਾਲਾਵਾਂ ਜਾਂ ਗੁਰਦੁਆਰਾ ਸਾਹਿਬ ਦੀਆਂ ਇਮਾਰਤਾਂ ਵਿਚ ਬੈਠੇ ਹਨ। ਸੋ, ਇਸ ਪਾਸੇ ਸਰਕਾਰ ਵਿਸ਼ੇਸ਼ ਧਿਆਨ ਦੇਵੇ ਤਾਂ ਜੋ ਉਨ੍ਹਾਂ ਲੋੜਵੰਦਾਂ ਦੀ ਸਹੀ ਮਦਦ ਹੋ ਸਕੇ। ਧੰਨਵਾਦ ਜੀ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ) :** ਸਪੀਕਰ ਸਾਹਿਬ, ਬਹੁਤ ਧੰਨਵਾਦ। ਪੰਜਾਬ ਨੂੰ ਹੜ੍ਹਾਂ ਦੀ ਮਾਰ ਬਹੁਤ ਬੁਰੀ ਤਰ੍ਹਾਂ ਪਈ ਹੈ। ਪਹਿਲਾਂ ਵੀ ਪਈ ਹੈ ਪਰ ਇਸ ਵਾਰ ਤਾਂ ਜ਼ਿਆਦਾ ਮਾਰ ਪਈ ਹੈ। ਸਪੀਕਰ ਸਾਹਿਬ, ਮੈਂ 1980 ਵਿਚ ਡਾਕਟਰੀ ਪਾਸ ਕਰਕੇ ਸੇਵਾ ਸ਼ੁਰੂ ਕੀਤੀ ਸੀ। ਮੈਂ 1988 ਦੇ ਹੜ੍ਹਾਂ ਵਿੱਚ ਵੀ ਕੰਮ ਕੀਤਾ, 1993 ਦੇ ਹੜ੍ਹਾਂ ਵਿਚ ਵੀ ਕੰਮ ਕੀਤਾ, 2023 ਅਤੇ 2025 ਦੇ ਹੜ੍ਹਾਂ ਵਿਚ ਵੀ ਕੰਮ ਕੀਤਾ ਹੈ। ਸਪੀਕਰ ਸਾਹਿਬ, ਮੈਂ ਪਿਛਲੇ ਇੱਕ ਮਹੀਨੇ ਤੋਂ ਲਗਾਤਾਰ ਬਾਰਡਰ ਤੇ ਪੈਂਦੇ ਜ਼ਿਲ੍ਹਿਆਂ ਵਿੱਚ ਰਿਹਾ ਹਾਂ, ਮੈਂ ਪਿੰਡਾਂ ਵਿਚ ਵੀ ਗਿਆ। ਸਪੀਕਰ ਸਾਹਿਬ, ਗਨੀਮਤ ਇਹ ਸੀ ਕਿ 2023 ਦੇ ਹੜ੍ਹਾਂ ਤੋਂ ਬਾਅਦ ਮੁੱਖ ਮੰਤਰੀ ਜੀ ਨੇ ਸਾਡੀ ਸਟੇਟ ਪੱਧਰ ਉੱਤੇ ਇੱਕ ਕਮੇਟੀ ਬਣਾਈ ਸੀ, ਜਿਸ ਵਿਚ ਸਿਹਤ ਮੰਤਰੀ, ਸਥਾਨਕ ਸਰਕਾਰ ਮੰਤਰੀ ਅਤੇ ਐਨੀਮਲ ਹਸਬੈਂਡਰੀ ਮੰਤਰੀ ਦੀ ਇਕ ਸਾਂਝੀ ਕਮੇਟੀ ਬਣਾਈ ਸੀ। ਉਹ ਹਰ ਸਾਲ ਅਡਵਾਂਸ ਤਿਆਰੀ ਕਰਦੀ ਹੈ। ਅਸੀਂ ਇਸ ਸਾਲ ਵੀ 818 ਟੀਮਾਂ ਬਣਾਈਆਂ ਸਨ। ਇਨ੍ਹਾਂ ਟੀਮਾਂ ਵਿੱਚ 458 ਰੈਪਿਡ ਰਿਸਪਾਂਸ ਟੀਮਾਂ ਤੇ 360 ਮੋਬਾਇਲ ਮੈਡੀਕਲ ਟੀਮਾਂ ਸਨ। ਜਦੋਂ 12 ਤਾਰੀਖ ਤੋਂ ਹੜ੍ਹ ਆਉਣਾ ਸ਼ੁਰੂ ਹੋਇਆ ਸੀ, ਉਸੇ ਦਿਨ ਤੋਂ ਸਾਡੀਆਂ ਟੀਮਾਂ ਐਕਟਿਵ ਹੋ ਗਈਆਂ ਸਨ। 18 ਅਗਸਤ ਨੂੰ ਪਿੰਡ ਲੱਖ ਵਰਿਆ, ਜਿੱਥੋਂ ਤੱਕ ਐਬੂਲੈਂਸ ਜਾਂਦੀ ਸੀ, ਉੱਥੇ ਸਕੂਲ ਵੀ ਬਣਾ ਦਿੱਤਾ ਸੀ, ਵੈਟਰਨਰੀ ਦਾ ਹਸਪਤਾਲ ਵੀ ਬਣਾ ਦਿੱਤਾ ਸੀ, ਉੱਥੇ ਫੀਡ ਵੀ ਪਹੁੰਚ ਗਈ ਸੀ। ਇੱਥੇ ਮੁੱਖ ਮੰਤਰੀ ਸਾਹਿਬ ਦੀ ਦੂਰਅੰਦੇਸ਼ੀ ਸਾਡੇ ਕੰਮ ਆਈ। ਸਰ, ਹੁਣ ਤੱਕ 4740 ਕੈਂਪ ਲੱਗ ਚੁੱਕੇ ਹਨ, ਜਿਨ੍ਹਾਂ ਵਿੱਚ ਢਾਈ ਲੱਖ ਲੋਕਾਂ ਨੂੰ ਦਵਾਈ ਮਿਲੀ ਹੈ। ਬਹੁਤ ਸਾਰੇ ਲੋਕਾਂ ਨੂੰ ਸਕਿਨ ਇਨਫੈਕਸ਼ਨਜ਼ ਹੋਈਆਂ, ਬੁਖਾਰ ਹੋਇਆ, ਗੈਸਟਰੋਰਾਈਟਸ ਹੋਇਆ ਅਤੇ ਡਾਇਰੀਆ ਹੋਇਆ, ਤਕਰੀਬਨ 20-25 ਹਜ਼ਾਰ ਲੋਕਾਂ ਦਾ ਇਲਾਜ ਕੀਤਾ ਗਿਆ, ਕੋਈ ਮੇਜਰ ਆਊਟ ਬ੍ਰੇਕ ਨਹੀਂ ਹੋਣ ਦਿੱਤੀ ਗਈ। ਇਸ ਦੇ ਨਾਲ ਨਾਲ ਸਾਡੇ ਕੋਲ 170 ਐਂਬੂਲੈਂਸ ਸਨ, 108 ਵਾਲੀਆਂ ਐਂਬੂਲੈਂਸ ਵੀ ਸਨ। ਇਸ ਦੇ ਨਾਲ ਨਾਲ ਮੁੱਖ ਮੰਤਰੀ ਸਾਹਿਬ ਖੁਦ ਫੀਲਡ ਵਿੱਚ ਗਏ ਅਤੇ ਸਾਡੇ ਸਾਰੇ ਮੰਤਰੀ, ਐਮ.ਐਲ.ਏਜ਼. ਅਤੇ ਅਫਸਰ ਸਾਹਿਬਾਨ ਵੀ ਫੀਲਡ ਵਿੱਚ ਗਏ।

ਇਸ ਵੇਲੇ ਪੰਜਾਬ, ਪੰਜਾਬੀਅਤ ਨੂੰ ਬਚਾਉਣ ਦੀ ਲੋੜ ਹੈ, ਲੋਕਾਂ ਨੂੰ ਬਚਾਉਣ ਦੀ ਗੱਲ ਹੈ। ਪੰਜਾਬ ਦੇ ਲੋਕਾਂ ਦੇ ਜ਼ਖਮ ਅੱਲ੍ਹੇ ਹਨ, ਸੱਟ ਤਾਜ਼ੀ ਹੈ, ਬਹੁਤ ਭੈੜੀ ਅਤੇ ਡੂੰਘੀ ਹੈ। ਜਦੋਂ ਆਪਰੇਸ਼ਨ ਸਿੰਧੂਰ ਆਇਆ ਸੀ ਤਾਂ ਸਾਰੇ ਮੋਦੀ

ਜੀ ਦੇ ਨਾਲ ਖੜ੍ਹੇ ਸੀ। ਇਸ ਵੇਲੇ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਭਗਵੰਤ ਮਾਨ ਨਾਲ ਖੜ੍ਹਨ ਦੀ ਲੋੜ ਹੈ। (ਥੰਪਿੰਗ) ਬਾਬਾ ਨਾਨਕ ਦਾ ਸਿਧਾਂਤ, ਇੱਕ ਓਅੰਕਾਰ, ਸਾਨੂੰ ਇੱਕ ਹੋਣ ਦੀ ਲੋੜ ਹੈ। ਅਸੀਂ ਲਗਾਤਾਰ ਉਪਰਾਲੇ ਕਰ ਰਹੇ ਹਾਂ। ਮੈਂ ਇੰਡੀਅਨ ਮੈਡੀਕਲ ਐਸੋਸ਼ੀਏਸ਼ਨ ਦੀ ਸ਼ਲਾਘਾ ਕਰਦਾ ਹਾਂ ਕਿ ਉਨ੍ਹਾਂ ਨੇ ਸਾਨੂੰ ਗੁਰਦਾਸਪੁਰ, ਅੰਮ੍ਰਿਤਸਰ ਲਈ 250 ਐਂਬੂਲੈਂਸਾਂ ਹੋਰ ਦਿੱਤੀਆਂ, ਜਿਸ ਨਾਲ ਸਾਡੇ ਕੋਲ ਕੁੱਲ 356 ਐਂਬੂਲੈਂਸਾਂ ਹੋ ਗਈਆਂ। ਡਾਕਟਰਾਂ ਨੇ ਦਵਾਈਆਂ ਵੀ ਦਿੱਤੀਆਂ। ਮੈਡੀਕਲ ਕਾਲਿਜਜ਼ ਵਾਲੇ ਲੋਕਾਂ ਨੇ ਸੇਵਾ ਕੀਤੀ। ਮੁੱਖ ਮੰਤਰੀ ਸਾਹਿਬ ਨੇ ਖੁਦ ਕਿਹਾ ਕਿ ਜਿਹੜੇ ਰਾਵੀ ਤੋਂ ਪਾਰ ਪਿੰਡ ਹਨ, ਉਹ ਕੱਟ-ਆਫ ਹੋ ਗਏ ਹਨ, ਜਿਨ੍ਹਾਂ ਨੂੰ ਉਸ ਪਾਰ ਪਿੰਡ ਕਿਹਾ ਜਾਂਦਾ ਹੈ, ਉਸ ਜਗ੍ਹਾ ਤੇ ਦੋ ਪਿੰਡ ਨਸਿਆਣ ਅਤੇ ਕੌਂਜਲਾ ਪਿੰਡ ਕਟਾਰੂਚੱਕ ਜੀ ਦੇ ਵੀ ਹਨ ਅਤੇ ਬਾਕੀ ਪਿੰਡ ਦੀਨਾਨਗਰ ਵਿੱਚ ਪੈਂਦੇ ਹਨ। ਉਨ੍ਹਾਂ ਪਿੰਡਾਂ ਵਿੱਚ 9 ਪ੍ਰੈਗਨੈਂਟ ਲੇਡੀਜ਼ ਸਨ, ਉੱਥੇ ਸਾਡੀਆਂ ਟੀਮਾਂ ਗਸ਼ਿੰਗ ਵਾਟਰ ਵਿੱਚੋਂ ਹੋ ਕੇ ਗਈਆਂ। ਮੈਂ, ਡੀ.ਸੀ. ਸਾਹਿਬ ਨੂੰ ਕਿਹਾ ਕਿ ਮੈਂ ਵੀ ਜਾਣਾ ਹੈ ਪਰ ਉਹ ਕਹਿਣ ਲੱਗੇ ਕਿ ਤੁਸੀਂ ਨਾ ਜਾਉ, ਜੇਕਰ ਤੁਸੀਂ ਜਾਉਗੇ ਤਾਂ ਸਾਨੂੰ ਪ੍ਰਾਬਲਮ ਆਏਗੀ। ਮੈਂ ਕਿਹਾ ਠੀਕ ਹੈ, ਨਹੀਂ ਜਾਂਦਾ ਪਰ ਸਾਡੀਆਂ ਟੀਮਾਂ ਗਈਆਂ, 4 ਲੇਡੀਜ਼ ਦੀ ਡਿਲੀਵਰੀ ਕਰਵਾ ਕੇ ਉਨ੍ਹਾਂ ਨੂੰ ਉਨ੍ਹਾਂ ਦੇ ਘਰ ਪਹੁੰਚਾਇਆ। ਅੱਜ ਜੱਚਾ-ਬੱਚਾ ਦੋਨੋਂ ਠੀਕ ਹਨ। ਇਸੇ ਤਰ੍ਹਾਂ ਫਿਰੋਜ਼ਪੁਰ ਵਿੱਚ 28 ਔਰਤਾਂ ਦਾ ਕੇਸ ਸੀ। ਜਿਸ ਵਾਸਤੇ ਸੀ.ਐਮ. ਸਾਹਿਬ ਨੇ ਵੀ ਸ਼ਾਬਾਸ਼ੀ ਦਿੱਤੀ ਹੈ। ਇਸ ਵੇਲੇ ਸਾਡੇ ਇੰਪਲਾਈਜ਼ ਨੂੰ ਸ਼ਾਬਾਸ਼ੀ ਦੇਣ ਦੀ ਲੋੜ ਹੈ। ਇਸੇ ਤਰ੍ਹਾਂ ਫਿਰੋਜ਼ਪੁਰ ਦੇ ਪਿੰਡ ਭੈਣੀ ਡੰਗਰ, ਮੁਹਾਰ ਜਮਸ਼ੇਰ ਵਿੱਚ 4 ਲੇਡੀਜ਼ ਪਾਣੀ ਨਾਲ ਘਿਰ ਗਈਆਂ ਸਨ। ਉਨ੍ਹਾਂ ਨੂੰ ਪਹਿਲਾਂ ਐਂਬੂਲੈਂਸ ਤੇ ਫਿਰ ਟਰੈਕਟਰ, ਉਸ ਤੋਂ ਬਾਅਦ ਬੇੜੀਆਂ ਨਾਲ ਕੱਢ ਕੇ ਲਿਆਂਦਾ ਗਿਆ। 23 ਪੇਸ਼ੈਂਟਸ ਨੂੰ ਸੱਪ ਲੜ ਗਿਆ ਸੀ, ਉਨ੍ਹਾਂ ਨੂੰ ਲਿਆ ਕੇ ਮੈਡੀਕਲ ਕਾਲਜ ਵਿੱਚ ਐਡਮਿਟ ਕਰਵਾਇਆ, ਉਨ੍ਹਾਂ ਵਿੱਚੋਂ ਸਿਰਫ 2 ਮੌਤਾਂ ਹੋਈਆਂ ਸਨ, ਜਿਨ੍ਹਾਂ ਦਾ ਸਾਨੂੰ ਲੇਟ ਪਤਾ ਲੱਗਿਆ ਸੀ। ਅਸੀਂ ਲੋਕਾਂ ਨੂੰ 104 ਨੰਬਰ ਤੇ ਸਹਾਇਤਾ ਪ੍ਰਾਪਤ ਕਰਨ ਲਈ ਆਖਿਆ। ਅਸੀਂ ਕਿਹਾ ਕਿ 10 ਮਿੰਟ ਵਿੱਚ ਤੁਹਾਨੂੰ ਕਾਲ ਆ ਜਾਏਗੀ ਅਤੇ 25-30 ਮਿੰਟ ਵਿੱਚ ਤੁਹਾਡੇ ਕੋਲ ਐਂਬੂਲੈਂਸ, ਮੈਡੀਕਲ ਟੀਮ ਪਹੁੰਚ ਜਾਏਗੀ। ਐਨ.ਡੀ.ਟੀ.ਵੀ. ਅਤੇ ਪ੍ਰਾਈਮ ਏਸ਼ੀਆ ਆਦਿ ਜਿੰਨੇ ਵੀ ਆਪਣੇ ਪੰਜਾਬੀ ਦੇ ਚੈਨਲ ਹਨ, ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਸਾਨੂੰ ਇਨਫਰਮੇਸ਼ਨ ਦਿੱਤੀ ਕਿ ਫਲਾਣੀ ਜਗ੍ਹਾ ਤੇ ਬੰਦੇ ਫਸੇ ਹੋਏ ਹਨ। ਇੱਕ ਬੱਚਾ ਵੀ ਫਸਿਆ ਹੋਇਆ ਸੀ। ਮੁੱਖ ਮੰਤਰੀ ਸਾਹਿਬ ਨੇ ਮੈਨੂੰ ਟਵੀਟ ਵੀ ਕੀਤਾ ਸੀ ਕਿ ਇੱਕ 8 ਸਾਲ ਦਾ ਬੱਚਾ, ਜਿਸ ਦੇ ਗੁਰਦੇ ਖਰਾਬ ਹਨ, ਉਹ ਫਸਿਆ ਹੋਇਆ ਹੈ। ਉਸ ਨੂੰ 3 ਘੰਟੇ ਵਿੱਚ ਲਿਆ ਕੇ ਗੌਰਮਿੰਟ ਮੈਡੀਕਲ ਕਾਲਜ, ਅੰਮ੍ਰਿਤਸਰ ਵਿੱਚ ਐਡਮਿਟ ਕੀਤਾ ਗਿਆ, ਸਟੇਬਲਾਈਜ਼ ਕਰਕੇ ਉਸ ਨੂੰ ਪੀ.ਜੀ.ਆਈ. ਸ਼ਿਫਟ ਕੀਤਾ।

ਜਦੋਂ ਆਪਰੇਸ਼ਨ ਸਿੰਧੂਰ ਹੋਇਆ ਸੀ ਤਾਂ ਮੁੱਖ ਮੰਤਰੀ ਸਾਹਿਬ ਨੇ ਕਿਹਾ ਸੀ ਕਿ ਫਿਰੋਜ਼ਪੁਰ ਵਿੱਚ ਜਿਹੜੇ ਘਰਾਂ ਵਿੱਚ ਡਰੋਨ ਆ ਕੇ ਗਿਰੇ ਸਨ, ਆਪਣੇ ਉਨ੍ਹਾਂ ਬੰਦਿਆਂ ਦਾ ਇਲਾਜ ਕਿਸ ਤਰ੍ਹਾ ਹੋਏਗਾ? ਮੈਂ ਕਿਹਾ ਕਿ ਇਹ 'ਫਰਿਸ਼ਤੇ' ਸਕੀਮ ਦੇ ਅੰਡਰ ਕਵਰ ਨਹੀਂ ਹੁੰਦਾ। ਮੁੱਖ ਮੰਤਰੀ ਸਾਹਿਬ ਨੇ ਖੜ੍ਹੇ ਪੈਰ ਕਾਨੂੰਨ ਚੇਂਜ ਕਰਦਿਆਂ ਕਿਹਾ ਕਿ road victims ਦੇ ਨਾਲ ਨਾਲ victims of violence and victims of war and victims of terrorists' violence ਵੀ ਕਵਰ ਹੋਣਗੇ। (ਥੰਪਿੰਗ) ਇਸ ਤਰ੍ਹਾਂ ਕਾਨੂੰਨ ਨੂੰ ਚੇਂਜ ਕਰਕੇ ਉਨ੍ਹਾਂ ਦਾ ਇਲਾਜ ਕਰਵਾਇਆ ਗਿਆ ਪਰ ਅਸੀਂ ਉਨ੍ਹਾਂ ਦੀ ਜਾਨ ਨਹੀਂ ਬਚਾ ਸਕੇ। ਜਦੋਂ ਸਾਡੇ ਪ੍ਰਧਾਨ ਮੰਤਰੀ ਆਏ, ਉਨ੍ਹਾਂ ਨੂੰ ਉਸ ਵੇਲੇ ਵੀ ਫੁਰਸਤ ਨਹੀਂ ਸੀ ਜਦਕਿ ਉਨ੍ਹਾਂ ਨੂੰ ਤਾਂ ਪਹਿਲਾਂ ਇੱਥੇ ਆਉਣਾ ਚਾਹੀਦਾ ਸੀ, ਜਿੱਥੇ ਡਰੋਨਾਂ ਡਿੱਗਦੀਆਂ ਸਨ। ਸਰ, ਉਹ ਬੰਦੇ ਸਾਡੇ ਕਰਮਚਾਰੀ ਹਨ, ਸਾਡੇ ਆਸ਼ਾ ਵਰਕਰ, ਸਾਡੇ ਸੀ.ਐਚ.ਓ., ਨਰਸ, ਏ.ਐਨ.ਐਮ. ਅਤੇ ਡਾਕਟਰ ਹਨ ਜਿਹੜੇ ਬੇੜੀਆਂ ਉਤੇ ਜਾ ਕੇ ਲੋਕਾਂ ਨੂੰ ਸੇਵਾ ਦੇ ਰਹੇ ਸਨ। ਜਦੋਂ ਪਹਿਲਾਂ ਉਥੇ mortar, ਬੰਬ, ਡਰੋਨ ਡਿੱਗ ਰਹੇ ਸਨ, ਉਹ

ਉਦੋਂ ਵੀ ਸੇਵਾ ਦੇ ਰਹੇ ਸਨ। ਅਸੀਂ Union Health Minister ਨੂੰ ਦੋ ਚਿੱਠੀਆਂ ਲਿਖੀਆਂ ਕਿ ਸਾਨੂੰ 20-50 ਐਂਬੂਲੈਂਸਜ਼ ਦੇ ਦਿਉ। ਪਹਿਲਾਂ ਸਾਡੇ ਬਾਰਡਰ ਏਰੀਏ ਦੇ ਵਰਕਰ ਨੂੰ ਹਾਈ ਰਿਸਕ ਅਲਾਊਂਸ ਵੀ ਮਿਲਦਾ ਹੁੰਦਾ ਸੀ, ਚਾਹੇ ਉਹ ਸਿਹਤ ਮਹਿਕਮੇ ਦੇ, ਚਾਹੇ ਵੈਟਰਨਰੀ ਵਿਭਾਗ ਦੇ ਹਨ, ਜਿਹੜੇ ਵੀ ਬਾਰਡਰ ਤੇ ਕੰਮ ਕਰਦੇ ਹਨ, ਉਨ੍ਹਾਂ ਨੂੰ ਬਾਰਡਰ ਏਰੀਏ ਦਾ ਹਾਈ ਰਿਸਕ ਅਲਾਊਂਸ ਮਿਲਦਾ ਹੁੰਦਾ ਸੀ, ਜਿਹੜਾ ਕੇਂਦਰ ਸਰਕਾਰ ਨੇ 2021 ਵਿੱਚ ਬੰਦ ਕਰ ਦਿੱਤਾ, ਉਹ ਮਿਲਣਾ ਚਾਹੀਦਾ ਹੈ। ਸਾਡੇ ਇਹ ਮੁੱਦੇ ਹਨ। ਸਾਡੇ ਜਿਹੜੇ ਵੀ ਵਰਕਰ ਉਥੇ ਕੰਮ ਕਰਦੇ ਹਨ, ਆਸ਼ਾ ਵਰਕਰ ਇਕੱਲੇ ਇਕੱਲੇ ਘਰ ਗਏ ਹਨ। ਸੀ.ਐਮ. ਸਾਹਿਬ ਨੇ ਮੈਨੂੰ 2303 ਪਿੰਡਾਂ ਦੀ ਇੱਕ ਲਿਸਟ ਭੇਜੀ ਸੀ, ਜਿਹੜੇ ਹੜ੍ਹਾਂ ਕਾਰਨ ਡੁੱਬ ਗਏ ਸਨ, ਉਨ੍ਹਾਂ ਵਿੱਚ ਸਪੈਸ਼ਲ ਕੈਂਪ ਲੱਗੇ ਹਨ। 4,86,000 ਲੋਕਾਂ ਦੀ ਓ.ਪੀ.ਡੀ. ਕੀਤੀ ਗਈ ਹੈ। ਸਾਡਾ ਸਟਾਫ ਸਾਰੇ ਘਰਾਂ ਵਿੱਚ ਗਿਆ, ਸਾਰੇ ਪਿੰਡਾਂ ਵਿੱਚ ਸਪਰੇਅ ਕੀਤਾ ਗਿਆ। ਅਸੀਂ ਡੇਂਗੂ ਫੈਲਣ ਨਹੀਂ ਦਿੱਤਾ। 2023 ਵਿੱਚ ਡੇਂਗੂ ਦੇ 5000 ਕੇਸ ਹੋਏ ਸਨ ਪਰ ਇਸ ਵਾਰ ਸਿਰਫ 1000 ਕੇਸ ਹੋਏ ਹਨ। ਸਰ, ਗੱਲ ਸਿਰਫ ਇੰਨੀ ਹੀ ਨਹੀਂ ਹੈ। ਰਾਣਾ ਜੀ ਬੋਲ ਕੇ ਚਲੇ ਗਏ ਹਨ ਕਿ ਹੜ੍ਹ ਕਿਉਂ ਆਏ? ਖੱਡਾਂ ਦੀ ਗੱਲ ਹੋ ਗਈ, ਉਹ ਵੀ ਪ੍ਰਾਬਲਮ ਹੈ, ਦਰਿਆਵਾਂ ਦੀ ਗੱਲ ਹੋ ਗਈ, ਉਹ ਵੀ ਪ੍ਰਾਬਲਮ ਹੈ, ਡੈਮਾਂ ਦੀ ਵੀ ਪ੍ਰਾਬਲਮ ਹੈ ਅਤੇ ਸਾਡੇ ਵਿੱਚ ਕੋਈ ਕਮੀ-ਪੇਸ਼ੀ ਹੋ ਸਕਦੀ ਹੈ। ਗੱਲ ਸਿਰਫ ਇੰਨੀ ਹੀ ਨਹੀਂ ਹੈ। ਗੱਲ ਇਹ ਹੈ ਕਿ ਉਪਰ ਹਿਮਾਚਲ ਪ੍ਰਦੇਸ਼ ਵਿੱਚ ਕਾਂਗਰਸ ਦੀ ਸਰਕਾਰ ਹੈ, ਉਥੇ ਇਸ ਵਾਰ 145 ਲੈਂਡ ਸਲਾਈਡਜ਼ ਹੋਈਆਂ ਹਨ। ਹੁਣ ਪਾਣੀ ਨਹੀਂ ਆਉਂਦਾ ਸਗੋਂ ਗਾਦ ਆਉਂਦੀ ਹੈ। ਇਹ ਡੈਮ ਵੀ ਇੱਕ ਦਿਨ ਡੈਮੇਜ ਹੋ ਜਾਣਗੇ, ਰਿਵਰ ਵੀ ਡੈਮੇਜ ਹੋ ਜਾਣਗੇ ਅਤੇ ਨਹਿਰਾਂ ਵੀ ਜਾਮ ਹੋ ਜਾਣਗੀਆਂ। ਇਹ ਵਰਤਾਰਾ ਕਿਉਂ ਹੋ ਰਿਹਾ ਹੈ? 45 cloud-burst ਹੋਏ ਹਨ, ਕਦੇ ਇੱਕ ਅੱਧਾ ਹੁੰਦਾ ਸੀ। ਉੱਤਰਾਖੰਡ ਵੀ ਰੁੜ੍ਹਦਾ ਪਿਆ ਹੈ। ਸਰ, ਇਹ deforestation ਦਾ ਇਸ਼ੂ ਹੈ, ਇਹ ਗਲੋਬਲ ਇਸ਼ੂ ਹੈ। ਟੈਕਸਾਸ ਵਿੱਚ ਹੜ੍ਹ ਆਏ ਹਨ, ਚਾਈਨਾ ਵਿੱਚ ਹੜ੍ਹ ਆਏ ਹਨ। ਇਹ ਕੋਈ ਲੋਕਲ ਪੰਜਾਬ ਦੀ ਪ੍ਰਾਬਲਮ ਨਹੀਂ ਹੈ, ਇਹ ਗਲੋਬਲ ਇਸ਼ੂ ਹੈ। ਜਿਹੜੇ ਬੰਦੇ ਇਸ ਹਾਲ ਵਿੱਚ ਬੈਠੇ ਹਨ, ਉਨ੍ਹਾਂ ਦਾ ਗਲੋਬਲ ਪ੍ਰਸਪੈਕਟਿਵ ਹੋਣਾ ਚਾਹੀਦਾ ਹੈ। They have to think globally, have a national perspective, then act locally. ਫਿਰ ਆਪਾਂ ਕਾਮਯਾਬ ਹੋਵਾਂਗੇ। ਇਕੱਲੇ ਖੱਡਾਂ ਬਾਰੇ ਗੱਲ ਕਰਕੇ ਨਹੀਂ ਹੋਣਾ। ਸਾਡੇ ਲੀਡਰ ਕੋਲ ਵਿਜ਼ਨ ਹੈ ਅਤੇ ਇਹ ਭਗਵੰਤ ਮਾਨ ਅਤੇ ਕੇਜਰੀਵਾਲ ਜੀ ਨਾਲ ਬਹਿ ਜਾਣ, ਇਨ੍ਹਾਂ ਨੂੰ ਸਮਝਾ ਦਿੱਤਾ ਜਾਵੇਗਾ। ਇਹ ਵੀ ਮੋਨਟੇਕ ਆਹਲੂਵਾਲੀਆ ਨੂੰ ਲੈ ਕੇ ਆਏ ਸਨ, ਉਹ ਸਿਆਣਾ ਬੰਦਾ ਹੈ, ਸੈਮ ਪਿਤਰੋਦਾ ਨੂੰ ਲੈ ਕੇ ਆਏ ਸਨ। ਜੇ ਕੋਈ ਚੰਗਾ ਬੰਦਾ ਹੋਵੇ ਤਾਂ ਉਸ ਦੀ ਗੱਲ ਮੰਨਣੀ ਵੀ ਚਾਹੀਦੀ ਹੈ ਪਰ ਇਨ੍ਹਾਂ ਨੇ ਮੰਨੀ ਨਹੀਂ ਹੈ। ਉਦੋਂ ਤੋਂ ਪਹਿਲਾਂ ਵਾਲਿਆਂ ਨੇ ਵੀ ਸਰਦਾਰਾ ਸਿੰਘ ਜੌਹਲ ਦੀਆਂ ਦੋ ਕਮੇਟੀਆਂ ਬਣਾਈਆਂ ਸਨ, ਉਨ੍ਹਾਂ ਦੀ ਵੀ ਕੋਈ ਗੱਲ ਨਹੀਂ ਮੰਨੀ, ਜੇ ਉਨ੍ਹਾਂ ਦੀਆਂ ਗੱਲਾਂ ਮੰਨੀਆਂ ਹੁੰਦੀਆਂ ਤਾਂ ਪੰਜਾਬ ਦਾ ਇਹ ਹਾਲ ਨਹੀਂ ਹੋਣਾ ਸੀ। ਸਰ, ਗੱਲ ਸਿਰਫ ਇੱਥੇ ਹੀ ਨਹੀਂ ਮੁੱਕਦੀ।

**ਮਾਣਯੋਗ ਸਪੀਕਰ** : ਵਾਈਂਡ ਅੱਪ ਕਰ ਲਉ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ** : ਸਰ, ਮੈਂ ਵਾਈਂਡ ਅੱਪ ਕਰ ਰਿਹਾ ਹਾਂ।

ਸਰ, ਤੁਸੀਂ 'ਨਮਾਮੇ ਗੰਗੇ' ਪ੍ਰਾਜੈਕਟ ਸੁਣਿਆ ਹੋਣਾ ਹੈ। ਗੰਗਾ ਦੀ ਸਫਾਈ ਵਾਸਤੇ 42,000 ਕਰੋੜ ਰੁਪਿਆ ਰੱਖਿਆ ਗਿਆ ਹੈ। ਕੋਸੀ ਨਦੀ ਵਾਸਤੇ 11500 ਕਰੋੜ ਰੁਪਿਆ ਅਤੇ ਮਖਾਣਾ ਕੋਟਲੀ ਵਾਸਤੇ 450 ਕਰੋੜ ਰੁਪਿਆ ਰੱਖਿਆ ਗਿਆ ਹੈ ਪਰ ਪੰਜਾਬ ਵਾਸਤੇ? ਉਥੇ ਔਰਤਾਂ ਦੇ ਖਾਤੇ ਵਿੱਚ 7500 ਕਰੋੜ ਰੁਪਿਆ ਪਾ ਦਿੱਤਾ ਪਰ ਔਰਤਾਂ

ਡੁੱਬੀਆਂ ਤਾਂ ਪੰਜਾਬ ਵਿੱਚ ਸਨ। ਇੱਥੇ ਬੰਬ ਡਿੱਗੇ ਸਨ। ਇੱਥੇ ਉਨ੍ਹਾਂ ਦੇ ਪਰਿਵਾਰ ਡੁੱਬੇ ਹੋਏ ਸਨ। ਮੈਂ ਪਿੰਡਾਂ ਵਿੱਚ ਜਾ ਕੇ ਆਇਆ ਹਾਂ। ਮੈਂ, ਕੁਲਦੀਪ ਧਾਲੀਵਾਲ ਜੀ ਨਾਲ ਜਾ ਕੇ ਆਇਆ ਹਾਂ। ਇੱਕ ਦਾਦੀ ਆਪਣੇ ਪੋਤੇ ਨੂੰ ਲੈ ਕੇ ਬੈਠੀ ਹੋਈ ਸੀ, ਉਸ ਦੇ ਘਰ ਦੀਆਂ ਕੰਧਾਂ ਡਿੱਗ ਗਈਆਂ ਸਨ, ਛੱਤ ਲਟਕ ਰਹੀ ਹੈ ਅਤੇ ਪੋਤਿਆਂ ਨੂੰ ਫੜ ਕੇ ਉਹ ਤੰਬੂ ਵਿੱਚ ਬੈਠੀ ਹੋਈ ਸੀ। ਲੋਕਾਂ ਦੀਆਂ ਅੱਖਾਂ ਵਿੱਚ ਹੰਝੂ ਹਨ। ਉਸ ਦਿਨ ਉਥੇ ਲਕਸ਼ਮੀ ਕਾਂਤਾ ਚਾਵਲਾ ਜੀ ਵੀ ਪਹੁੰਚ ਗਏ ਸਨ। ਸਰ, ਮੈਂ ਕਿਹੜੇ ਕਿਹੜੇ ਪਿੰਡ ਦੀ ਗੱਲ ਕਰਾਂ? ਲੋਕਾਂ ਦੇ ਹੰਝੂਆਂ ਦਾ ਹੜ੍ਹ ਆਇਆ ਹੋਇਆ ਹੈ। ਇੱਥੇ ਇੱਕ ਹੋਰ ਹੜ੍ਹ ਆਇਆ ਹੋਇਆ ਹੈ, ਜਿਹੜੇ ਕੇਂਦਰ ਦੇ ਛੋਟੇ ਮੰਤਰੀ ਹਨ, ਮਨਿਸਟਰ ਆਫ ਸਟੇਟ, ਮਨਿਸਟਰ ਆਫ ਫਲਾਣਾ, ਉਹ ਤੁਰੇ ਫਿਰਦੇ ਹਨ। ਡੀ.ਸੀਜ਼. ਨੂੰ ਕੰਮ ਨਹੀਂ ਕਰਨ ਦਿੰਦੇ। ਸਿਵਾਏ ਭਗਵੰਤ ਮਾਨ ਨੂੰ ਬੁਰਾ ਭਲਾ ਕਹਿਣ ਦੇ ਉਹ ਕੀ ਕਰਦੇ ਹਨ? ਹੁਣ ਕਹਿੰਦੇ ਹਨ ਕਿ ਪੈਸੇ ਸਿੱਧੇ ਖਾਤੇ ਵਿੱਚ ਪਾ ਦਿਆਂਗੇ। ਕੀ ਇਸ ਤਰ੍ਹਾਂ ਕਦੇ ਹੋਇਆ ਹੈ? Where is the federalism? This is the issue. ਇੱਥੇ ਏਕੇ ਦੀ ਲੋੜ ਹੈ, ਇਕੱਠੇ ਹੋ ਕੇ ਖੜ੍ਹਨ ਦੀ ਲੋੜ ਹੈ, ਮਾਨ ਸਾਹਿਬ ਦੇ ਨਾਲ ਖੜ੍ਹਨ ਦੀ ਲੋੜ ਹੈ, ਇਨ੍ਹਾਂ ਦੀ ਸੱਜੀ ਬਾਂਹ ਬਣਨ ਦੀ ਲੋੜ ਹੈ। ਸਰ, ਜਿਨ੍ਹਾਂ ਨੇ ਅਜ਼ਾਦੀ ਵਾਸਤੇ ਖ਼ੂਨ ਵਹਾਇਆ, ਉਨ੍ਹਾਂ ਨਾਲ ਵਿਤਕਰਾ ਹੈ, ਕਾਣੀ ਵੰਡ ਹੈ। ਮੈਂ ਪੀ.ਐਲ.84 ਕਣਕ ਦੀ ਗੱਲ ਕਰਨੀ ਹੈ।

**ਮਾਣਯੋਗ ਸਪੀਕਰ** : ਕਰ ਲਉ ਜੀ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ** : ਜਦੋਂ 1965 ਦੀ ਲੜਾਈ ਹੋਈ, ਉਦੋਂ ਮੈਂ ਛੋਟਾ ਬੱਚਾ ਸੀ ਸ਼ਾਇਦ ਆਪੋਜ਼ੀਸ਼ਨ ਵਿਚੋਂ ਵੀ ਕਈਆਂ ਨੂੰ ਉਸ ਵੇਲੇ ਦੀ ਸਮਝ ਹੋਵੇਗੀ, ਉਦੋਂ ਅਮਰੀਕਾ ਨੇ ਸਾਨੂੰ ਕਣਕ ਦੇਣੀ ਬੰਦ ਕਰ ਦਿੱਤੀ ਸੀ। ਇੰਦਰਾ ਗਾਂਧੀ ਕਹਿੰਦੀ ਕਿ ਜਾਉ, ਠੂਠਾ ਲੈ ਕੇ ਮੰਗ ਕੇ ਆਉ। ਐਗਰੀਕਲਚਰ ਮਨਿਸਟਰ ਸਾਰੀ ਦੁਨੀਆ ਵਿੱਚ ਘੁੰਮ ਕੇ ਜਦੋਂ ਏਅਰ ਪੋਰਟ ਉਤੇ ਆਇਆ ਤਾਂ ਪ੍ਰੈਸ ਕਾਨਫਰੰਸ ਦੌਰਾਨ ਉਹ ਧਾਹਾਂ ਮਾਰ ਕੇ ਰੋਣ ਲੱਗ ਪਿਆ। ਉਹ ਕਹਿੰਦਾ ਕਿ ਰੱਬ ਸਾਨੂੰ ਇਹ ਦਿਨ ਨਾ ਦਿਖਾਵੇ ਕਿ ਮੈ ਜਾਵਾਂ ਤੇ ਖਾਲੀ ਹੱਥ ਵਾਪਸ ਆਵਾਂ। ਸਪੀਕਰ ਸਾਹਿਬ, ਸਾਡੇ ਲੋਕਾਂ ਲਈ ਅਕਾਲ ਪੈ ਗਿਆ ਸੀ, ਬੰਗਾਲ ਵਿੱਚ ਬੰਦੇ ਮਰ ਰਹੇ ਸਨ। ਪੰਜਾਬ ਦੇ ਲੋਕਾਂ ਨੇ ਦੋ ਟਾਈਮ ਖਾਣਾ ਖਾਧਾ ਅਤੇ ਇੱਕ ਟਾਈਮ ਦਾ ਖਾਣਾ ਬਚਾ ਕੇ ਉਨ੍ਹਾਂ ਨੂੰ ਭੇਜਿਆ ਸੀ। ਇਹ ਉਹ ਪੰਜਾਬ ਹੈ ਜਿਸ ਨੂੰ ਅੱਜ ਲੋੜ ਪਈ ਹੈ। ਸਰ, ਜੋ ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਹੈ, ਮੈਨੂੰ ਸਭ ਤੋਂ ਜ਼ਿਆਦਾ ਇਸ ਗੱਲ ਦਾ ਦੁੱਖ ਹੋਇਆ ਹੈ। ਇਨ੍ਹਾਂ ਨੇ ਲੋਕਾਂ ਨੂੰ ਕਿਹਾ ਹੈ ਕਿ ਤੁਸੀਂ ਚੜ੍ਹਦੀ ਕਲਾ ਮਿਸ਼ਨ ਲਈ rangla.punjab.gov.in ਤੇ ਪੈਸੇ ਨਾ ਦਿਉ। ਸਰ, ਜਿਸ ਦਿਨ ਮੈਂ ਅੰਮ੍ਰਿਤਸਰ ਵਿੱਚ eye surgeons ਦੀ ਕਾਨਫਰੰਸ ਲਈ ਗਿਆ ਸੀ, ਮੈਂ ਉਸੇ ਦਿਨ ਮੰਗ ਲਏ ਸਨ। All India Opthalmological Society ਦੀ ਕਾਨਫਰੰਸ ਸੀ, ਸਾਰੇ ਦੇਸ਼ ਦੇ eye surgeons ਉਥੇ ਆਏ ਹੋਏ ਸਨ। ਮੈਂ ਉਨ੍ਹਾਂ ਨਾਲ ਥੋੜ੍ਹੀ ਜਿਹੀ ਗੱਲ ਕੀਤੀ ਤਾਂ ਉਨ੍ਹਾਂ ਨੇ ਦਸ ਲੱਖ ਰੁਪਿਆ ਮੌਕੇ ਤੇ ਹੀ ਚੜ੍ਹਦੀ ਕਲਾ ਮਿਸ਼ਨ ਵਾਸਤੇ ਦੇ ਦਿੱਤਾ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਅੱਜ ਦੁਨੀਆ ਦੇ ਤਿੰਨ ਕਰੋੜ ਪੰਜਾਬੀ ਭਗਵੰਤ ਮਾਨ ਜੀ ਨਾਲ ਖੜ੍ਹੇ ਹਨ, ਸਾਰਾ ਦੇਸ਼ ਨਾਲ ਖੜ੍ਹਾ ਹੈ।

**ਮਾਣਯੋਗ ਸਪੀਕਰ** : ਸਰ, ਤੁਸੀਂ ਸਾਰੀਆਂ ਹੀ ਗੱਲਾਂ ਚੰਗੀਆਂ ਕਰਦੇ ਹੋ ਅਤੇ ਬਹੁਤ ਵਧੀਆ ਕਰਦੇ ਹੋ ਪਰ ਆਪਣੇ ਕੋਲ ਸਮਾਂ ਲਿਮਟਿਡ ਹੈ। ਮੈਨੂੰ ਪਤਾ ਹੈ ਕਿ ਜੇ ਤੁਹਾਨੂੰ ਬੋਲਣ ਵਾਸਤੇ ਖੁੱਲ੍ਹਾ ਸਮਾਂ ਛੱਡ ਦੇਈਏ ਤਾਂ ਤੁਸੀਂ ਸ਼ਾਮ ਤੱਕ ਬੋਲ ਸਕਦੇ ਹੋ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ** : ਨਹੀਂ ਸਰ, ਮੈਂ ਲੰਮਾ ਨਹੀਂ ਬੋਲਦਾ।

**ਮਾਣਯੋਗ ਸਪੀਕਰ** : ਆਪਣੇ ਦੂਜੇ ਸਾਥੀ ਰਹਿ ਜਾਣੇ ਹਨ, ਤੁਸੀਂ ਹੁਣ ਵਾਈਂਡ ਅੱਪ ਕਰ ਲਉ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ** : ਸਰ, ਮੈਂ ਬੱਸ ਇਹੀ ਕਹਿਣਾ ਹੈ ਕਿ ਜਿਵੇਂ ਓਪਰੇਸ਼ਨ ਸਿੰਧੂਰ ਵੇਲੇ ਅਸੀਂ ਸਾਰੇ ਪ੍ਰਧਾਨ ਮੰਤਰੀ ਨਾਲ ਖੜ੍ਹੇ ਸੀ, ਇਸ ਵੇਲੇ ਬਿਨਾਂ ਕਿਸੇ ਕਿੰਤੂ-ਪਰੰਤੂ ਦੇ ਕੇਂਦਰ ਸਰਕਾਰ ਨੂੰ ਕਹਿਣ ਦੀ ਲੋੜ ਹੈ ਕਿ ਸਾਡਾ ਹੱਕ ਇੱਥੇ ਰੱਖ। ਇਹ ਸਾਨੂੰ ਇਕੱਠੇ ਹੋ ਕੇ ਕਹਿਣ ਦੀ ਲੋੜ ਹੈ। ਅਸੀਂ ਅਫਸਰਾਂ ਨੂੰ ਬਾਅਦ ਵਿੱਚ ਦੇਖ ਲਵਾਂਗੇ, ਆਪਸ ਵਿੱਚ ਬਾਅਦ ਵਿੱਚ ਉਲਝਾਂਗੇ। ਜੇ ਇੱਥੋਂ ਇੱਕ ਆਵਾਜ਼ ਜਾਏਗੀ ਤਾਂ ਸਾਡੀਆਂ ਚਿੱਠੀਆਂ ਦੇ ਜਵਾਬ ਵੀ ਉਨ੍ਹਾਂ ਨੂੰ ਦੇਣੇ ਪੈਣਗੇ।

**ਮਾਣਯੋਗ ਸਪੀਕਰ**: ਧੰਨਵਾਦ। ਜਿਹੜੀ ਤੁਸੀਂ ਫੈਡਰਲ ਸਟ੍ਰੱਕਚਰ ਦੀ ਗੱਲ ਕੀਤੀ ਹੈ, ਇਹ ਸਾਡੇ ਦੇਸ਼ ਦੀ ਸਟ੍ਰੈਂਥ ਹੈ, ਇਸ ਨੂੰ ਜ਼ਰੂਰ ਪ੍ਰੋਟੈਕਟ ਕਰਨਾ ਚਾਹੀਦਾ ਹੈ। ਹੁਣ ਸਰਦਾਰ ਦਲਬੀਰ ਸਿੰਘ ਟੌਂਗ ਜੀ ਪੰਜ ਮਿੰਟ ਵਿੱਚ ਆਪਣੀ ਗੱਲ ਕਰਨਗੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਵਿਕਰਮਜੀਤ ਸਿੰਘ ਚੌਧਰੀ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਚੌਧਰੀ ਸਾਹਿਬ, ਤੁਹਾਡਾ ਟਾਈਮ ਤੁਹਾਡੇ ਸੀਨੀਅਰ ਨੇਤਾ ਲੈ ਗਏ ਹਨ। ਤੁਸੀਂ ਮੇਰੇ ਵੱਲ ਬੜੀ ਉਮੀਦ ਨਾਲ ਦੇਖ ਰਹੇ ਹੋ, ਮੇਰਾ ਜੀਅ ਕਰਦਾ ਸੀ ਕਿ ਤੁਹਾਨੂੰ ਟਾਈਮ ਦੇਵਾਂ ਪਰ ਹੁਣ ਕੀ ਕਰੀਏ? ਹਾਂ ਜੀ, ਸਰਦਾਰ ਦਲਬੀਰ ਸਿੰਘ ਟੌਂਗ ਜੀ।

**ਸਰਦਾਰ ਦਲਬੀਰ ਸਿੰਘ ਟੌਂਗ (ਬਾਬਾ ਬਕਾਲਾ, ਐਸ.ਸੀ.)**: ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਮੌਕੇ ਤੇ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਇੱਕ ਅਜਿਹਾ ਸੂਬਾ ਹੈ ਜਿਸ ਨੇ ਹਰ ਆਫਤ ਵਿੱਚ ਅੱਗੇ ਹੋ ਕੇ, ਅੱਗੇ ਵੱਧ ਕੇ ਲੜਾਈਆਂ ਲੜੀਆਂ ਹਨ, ਚਾਹੇ ਧਾੜਵੀਆਂ ਦਾ ਸਮਾਂ ਆਇਆ, ਅੰਗਰੇਜ਼ੀ ਹਕੂਮਤ ਦਾ ਸਮਾਂ ਆਇਆ ਜਾਂ ਮੁਗਲ ਰਾਜ ਦਾ ਸਮਾਂ ਆਇਆ। ਮੈਂ ਅੱਜ ਬਾਬਾ ਬਕਾਲਾ ਸਾਹਿਬ ਹਲਕੇ ਦੀ ਗੱਲ ਕਰਨੀ ਹੈ। ਬਾਬਾ ਬਕਾਲਾ ਸਾਹਿਬ ਵਿੱਚ ਲਗਭਗ 50 ਤੋਂ 60 ਕਿਲੋਮੀਟਰ ਲੰਮਾ ਬਿਆਸ ਦਰਿਆ ਪੈਂਦਾ ਹੈ। ਸਰ, ਕੱਲ੍ਹ ਗੱਲ ਚੱਲ ਰਹੀ ਸੀ ਕਿ ਸੀ.ਐਮ. ਸਾਹਿਬ ਨੇ ਕੁਝ ਦਿੱਤਾ ਨਹੀਂ ਹੈ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ 2 ਤਰੀਕ ਦੇ ਦਿਨ ਪਿੰਡ ਸਠਿਆਲਾ ਦੇ ਪੰਜ ਮੈਂਬਰਾਂ ਦੇ ਇੱਕ ਪਰਿਵਾਰ ਉਤੇ ਛੱਤ ਡਿੱਗਣ ਕਾਰਨ ਇੱਕ 12 ਸਾਲ ਦੀ ਬੱਚੀ ਦੀ ਮੌਤ ਹੋ ਗਈ। ਸਰ, 2 ਤਰੀਕ ਨੂੰ ਉਸ ਲੜਕੀ ਦੀ ਮੌਤ ਹੁੰਦੀ ਹੈ ਤੇ 6 ਤਰੀਕ ਨੂੰ ਚਾਰ ਲੱਖ ਰੁਪਏ ਦਾ ਚੈੱਕ ਮਾਨ ਸਾਹਿਬ ਵੱਲੋਂ ਦਿੱਤਾ ਗਿਆ, ਇਹ ਚੈੱਕ ਮੈਂ ਆਪ ਆਪਣੇ ਹੱਥੀਂ ਉਨ੍ਹਾਂ ਨੂੰ ਦੇ ਕੇ ਆਇਆ ਹਾਂ। (ਥੰਪਿੰਗ) ਉਸ ਤੋਂ ਬਾਅਦ ਪਸ਼ੂਆਂ ਦੇ ਮੁਆਵਜ਼ੇ ਦੀ ਗੱਲ ਆਈ ਹੈ। ਪਿਛਲੀਆਂ ਸਰਕਾਰਾਂ ਵੇਲੇ ਮੁਆਵਜ਼ੇ ਦਾ ਨਾਂ ਵੀ ਨਹੀਂ ਲਿਆ ਜਾਂਦਾ ਸੀ ਪਰ ਸਾਡੇ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਵੱਲੋਂ 20,000 ਰੁਪਿਆ ਪ੍ਰਤੀ ਏਕੜ ਮੁਆਵਜ਼ਾ ਦੇਣ ਦੀ ਗੱਲ ਕੀਤੀ ਗਈ ਤਾਂ ਇਸ ਦਾ ਮਜ਼ਾਕ ਉਡਾਇਆ ਗਿਆ। ਸਰ, ਹੁਣ ਗੱਲ ਚੱਲ ਰਹੀ ਸੀ ਕਿ ਬਿਆਸ ਦਰਿਆ ਨੂੰ ਘੜਿਆਲ ਤੇ ਡੋਲਫਿਨ ਕਰਕੇ ਰਾਮਸਰ ਸਾਈਟ ਐਲਾਨਿਆ ਗਿਆ ਹੈ ਪਰ ਇਸ ਸਮੇਂ ਬਿਆਸ

ਦਰਿਆ ਦੇ ਟੁੱਟਣ ਵਾਲੇ ਬੰਨ੍ਹ ਨਾਲ ਬੜੇ ਮਾੜੇ ਹਾਲਾਤ ਹੋਣੇ ਹਨ। ਇਸ ਵਿੱਚ ਮੇਰਾ ਛੇ ਕਿਲੋਮੀਟਰ ਦਾ ਏਰੀਆ ਪੈਂਦਾ ਹੈ ਜਿੱਥੇ ਸਾਡਾ ਗੋਇੰਦਵਾਲ ਸਾਹਿਬ ਥਰਮਲ ਪਲਾਂਟ ਵੀ ਹੈ, ਉੱਥੇ ਲਗਭਗ 400 ਦੇ ਕਰੀਬ ਟਰੱਕ ਲਗਾ ਕੇ ਉਸ ਬੰਨ੍ਹ ਨੂੰ ਰੋਕਿਆ ਗਿਆ ਹੈ। ਜੇ ਉਹ ਬੰਨ੍ਹ ਟੁੱਟ ਜਾਂਦਾ ਤਾਂ ਕਈ ਪਿੰਡ ਨੁਕਸਾਨੇ ਜਾਣੇ ਸੀ। ਇਹ ਸਾਡੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ, ਸਾਡੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਅਤੇ ਪੰਜਾਬ ਦੇ ਲੋਕਾਂ ਨੇ ਰਲ ਕੇ ਉਸ ਧੁੱਸੀ ਬੰਨ੍ਹ ਨੂੰ ਟੁੱਟਣ ਤੋਂ ਬਚਾਇਆ ਹੈ। ਅੱਜ ਵੀ ਉਸ ਤੇ ਕੰਮ ਚੱਲ ਰਿਹਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਹੜ੍ਹਾਂ ਕਰਕੇ ਜਿੱਥੇ ਲੋਕਾਂ ਦਾ ਇੰਨਾ ਨੁਕਸਾਨ ਹੋਇਆ ਹੈ, ਉੱਥੇ ਹੀ ਹਰ ਇੱਕ ਵਰਗ ਨੇ ਸਾਡਾ ਸਾਥ ਦਿੱਤਾ ਹੈ, ਚਾਹੇ ਉਹ ਧਾਰਮਿਕ ਸ਼ਖਸੀਅਤਾਂ ਹਨ, ਚਾਹੇ ਉਹ ਰਾਜਨੀਤਕ ਲੋਕ ਹਨ, ਚਾਹੇ ਉਹ ਆਮ ਲੋਕ ਹਨ, ਹਰ ਪਲ ਲੋਕਾਂ ਨੇ ਹੜ੍ਹਾਂ ਵਿੱਚ ਸੇਵਾ ਕੀਤੀ ਹੈ।

**ਮਾਣਯੋਗ ਸਪੀਕਰ** : ਧੰਨਵਾਦ ਜੀ।

**ਸਰਦਾਰ ਦਲਬੀਰ ਸਿੰਘ ਟੌਂਗ :** ਸਰ, ਆਮ ਆਦਮੀ ਪਾਰਟੀ ਵੱਲੋਂ, ਸਾਡੇ ਐਡਮਨਿਸਟ੍ਰੇਸ਼ਨ ਦੇ ਅਧਿਕਾਰੀ, ਸਾਡੇ ਵਰਕਰ, ਵੱਖ ਵੱਖ ਆਗੂਆਂ ਨੇ ਹੜ੍ਹਾਂ ਵਿੱਚ ਬਹੁਤ ਸੇਵਾ ਕੀਤੀ ਹੈ। ਮੈਂ ਆਪਣੀ ਗੱਲ ਸੀਮਿਤ ਕਰਕੇ ਛੋਟੀ ਜਿਹੀ ਬੇਨਤੀ ਕਰਦਾ ਹਾਂ ਕਿ ਜਿਹੜੀ ਪੰਜਾਬ ਵਿੱਚ 20,000 ਰੁਪਏ ਪ੍ਰਤੀ ਏਕੜ ਮੁਆਵਜ਼ੇ ਦੀ ਗੱਲ ਕੀਤੀ ਗਈ ਹੈ, ਇਸ ਨੂੰ ਵਧਾਇਆ ਜਾਵੇ ਅਤੇ ਜਿਹੜੇ ਗਰੀਬ ਪਰਿਵਾਰਾਂ ਦੇ ਘਰਾਂ ਦੀਆਂ ਛੱਤਾਂ ਟੁੱਟੀਆਂ ਹਨ, ਜਿਸ ਦਾ 35-40 ਹਜ਼ਾਰ ਰੁਪਏ ਮੁਆਵਜ਼ਾ ਦੇਣ ਦੀ ਗੱਲ ਕੀਤੀ ਹੈ, ਇੰਨੇ ਰੁਪਿਆਂ ਵਿੱਚ ਛੱਤ ਨਹੀਂ ਪੈਂਦੀ, ਇਸ ਨੂੰ ਵੀ ਵਧਾਇਆ ਜਾਵੇ। ਪੂਰਾ ਘਰ ਟੁੱਟਣ ਦਾ ਮੁਆਵਜ਼ਾ ਵੀ ਵਧਾ ਕੇ 4-5 ਲੱਖ ਰੁਪਏ ਦੇ ਕਰੀਬ ਕੀਤਾ ਜਾਵੇ ਤਾਂ ਜੋ ਜਿਹੜੇ ਬੇਘਰੇ ਲੋਕਾਂ ਦੀਆਂ ਛੱਤਾਂ ਟੁੱਟ ਚੁੱਕੀਆਂ ਹਨ, ਜਿਹੜੇ ਘਰ ਨਹੀਂ ਪਾ ਸਕਦੇ ਉਨ੍ਹਾਂ ਦੀ ਮਦਦ ਹੋ ਸਕੇ। ਸਪੀਕਰ ਸਾਹਿਬ, ਜ਼ਿੰਦਗੀ ਵਿੱਚ ਇੱਕ ਵਾਰ ਘਰ ਬਣਦਾ ਹੈ, ਜਿਹੜੇ ਕਿਸੇ ਗਰੀਬ ਦਾ ਕੁਦਰਤੀ ਆਫਤ ਕਰਕੇ ਘਰ ਟੁੱਟ ਗਿਆ ਹੈ, ਉਸ ਦੇ ਘਰ ਦਾ ਮੁੜ ਵਸੇਬਾ ਕੀਤਾ ਜਾਵੇ। ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਸਾਡੇ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਹੜ੍ਹਾਂ ਤੇ ਵਧੀਆ ਤਰੀਕੇ ਨਾਲ ਕੰਮ ਕੀਤਾ ਹੈ। ਧੰਨਵਾਦ।

---

## OBSERVATION BY THE HON'BLE SPEAKER

**ਮਾਣਯੋਗ ਸਪੀਕਰ:** ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਇੱਕ ਬੇਨਤੀ ਕਰਦਾ ਹਾਂ ਕਿ ਇਹ ਬੜਾ ਕੀਮਤੀ ਸਮਾਂ ਹੈ, ਪੰਜਾਬ ਦੇ ਲੋਕਾਂ ਨੇ ਸਾਨੂੰ ਇੱਥੇ ਬੜੀਆਂ ਉਮੀਦਾਂ ਨਾਲ ਭੇਜਿਆ ਹੈ। ਮੇਰੀ ਬੜੀ ਹੰਬਲੀ ਰਿਕੁਐਸਟ ਹੈ ਕਿ ਆਪਾਂ ਕਿਸੇ ਗੱਲ ਨੂੰ ਰਿਪੀਟ ਨਾ ਕਰੀਏ, ਜੇਕਰ ਇੱਕੋ ਗੱਲ ਨੂੰ ਰਿਪੀਟ ਕਰੀ ਜਾਂਦੇ ਹਾਂ ਤਾਂ ਫਿਰ ਉਸ ਦਾ ਕੋਈ ਫਾਇਦਾ ਨਹੀਂ ਹੈ। ਆਪਾਂ ਵੀਡੀਓ ਬਣਾ ਲਵਾਂਗੇ ਤੇ ਚਲਾ ਲਵਾਂਗੇ, ਉਸ ਦਾ ਕੀ ਫਾਇਦਾ ਹੈ ਜੀ। ਜੇ ਤੁਹਾਨੂੰ ਐਮ.ਐਲ.ਏ. ਹੀ ਬਣਾ ਦਿੱਤਾ ਹੈ ਤਾਂ ਸਭ ਠੀਕ ਹੈ, ਲੋਕਾਂ ਨੇ ਇੰਨੀ ਵੱਡੀ ਜ਼ਿੰਮੇਵਾਰੀ ਦਿੱਤੀ ਹੈ ਕਿ ਵੀਡੀਓ ਤਾਂ ਆਪਣੇ ਆਪ ਹੀ ਬਣ ਜਾਣੀ ਹੈ। ਜੇ ਕੋਈ ਵੱਖਰੀ ਗੱਲ ਹੈ, ਨਵੀਂ ਗੱਲ ਹੈ, ਪੰਜਾਬ ਦੀ ਭਲਾਈ ਵਾਲੀ ਗੱਲ ਹੈ, ਉਹ ਆਪਾਂ ਇੱਥੇ ਕਰੀਏ।

---

**RESUMPTION OF DISCUSSION ON RESOLUTION ON REHABILITATION OF PUNJAB, CONDEMNING UNION GOVERNMENT'S FAILURE TO PROVIDE COMMENSURATE FLOOD RELIEF PACKAGE AND DEMANDING IMMEDIATE Rs. 1,600 CRORE RELEASE PLUS ENHANCED PACKAGE OF Rs. 20,000 CRORE (*Resumption*)**

**ਸ੍ਰੀ ਸੰਦੀਪ ਜਾਖੜ (ਅਬੋਹਰ):** ਸਪੀਕਰ ਸਾਹਿਬ, ਧੰਨਵਾਦ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਲਈ ਮੌਕਾ ਦਿੱਤਾ ਹੈ। ਜਿਵੇਂ ਪਰਸੋਂ ਤੁਸੀਂ ਗੱਲ ਕੀਤੀ ਸੀ ਕਿ ਪੰਜਾਬ ਹੜ੍ਹਾਂ ਦੀ ਮਾਰ ਹੇਠ ਆਇਆ ਹੈ, ਇਸ ਦੇ ਸਲਿਊਸ਼ਨਜ਼ ਕੀ ਹਨ? ਤੁਸੀਂ ਇਹ ਗੱਲ ਵੀ ਕੀਤੀ ਸੀ ਕਿ ਜਿਹੜੀ ਵੀ ਗੱਲ ਕਰੀਏ ਉਸ ਵਿੱਚ ਰਾਜਨੀਤੀ ਨਾ ਝਲਕੇ। ਸਪੀਕਰ ਸਾਹਿਬ, ਮੈਂ ਕੁਝ ਸੁਝਾਅ ਦੇਣੇ ਚਾਹੁੰਦਾ ਹਾਂ। ਹੁਣੇ ਡਾਕਟਰ ਸਾਹਿਬ ਨੇ ਜੌਹਲ ਸਾਹਿਬ ਦੀ ਗੱਲ ਕੀਤੀ ਸੀ। ਜੌਹਲ ਸਾਹਿਬ ਨੇ 1980 ਵਿੱਚ ਰਿਪੋਰਟਾਂ ਲਿਖਣੀਆਂ ਸ਼ੁਰੂ ਕੀਤੀਆਂ ਸਨ। ਸਰ, ਮੈਂ ਪੰਜਾਬ ਸਟੇਟ ਐਗਰੀਕਲਚਰ ਪਾਲਿਸੀ ਨਾਲ ਲੈ ਕੇ ਆਇਆ ਹਾਂ ਜਿਹੜੀ ਕਿ ਸਾਲ 2025 ਦੀ ਹੈ। ਮੇਰਾ ਇੱਕ ਸੁਝਾਅ ਹੈ। ਜੇਕਰ ਮੈਂ ਹੜ੍ਹਾਂ ਨਾਲ ਰਿਲੇਟਿਡ ਟੇਬਲ ਆਫ ਕੰਟੈਂਟਸ ਵਿੱਚ ਜਾਵਾਂ ਤਾਂ ਇਸ ਦੇ ਵਿੱਚ natural calamities, risk management, insurance, regional issues, credit distress, farm workers, water and energy, ਹਰੇਕ ਮਸਲੇ ਦੀ ਆਪਾਂ ਗੱਲ ਕਰ ਰਹੇ ਹਾਂ, ਆਪਾਂ ਫੋਰਕਾਸਟਿੰਗ ਦੀ ਗੱਲ ਕਰ ਰਹੇ ਹਾਂ ਕਿ ਆਪਾਂ ਨੂੰ ਫੋਰਕਾਸਟਿੰਗ ਸਹੀ ਨਹੀਂ ਮਿਲ ਰਹੀ ਹੈ। ਉਸ ਦੇ ਸਲਿਊਸ਼ਨਜ਼ ਇਸ ਵਿੱਚ ਮੈਨਸ਼ਨ ਹਨ। ਇਸ ਤੋਂ ਪਹਿਲਾਂ ਵੀ ਬਹੁਤ ਰਿਪੋਰਟਾਂ ਬਣੀਆਂ ਸਨ, ਉਹ ਰੱਦੀ ਵਿੱਚ ਪਈਆਂ ਹਨ। ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੇਰਾ ਖੁੱਡੀਆਂ ਸਾਹਿਬ ਨੂੰ ਸੁਝਾਅ ਹੈ ਕਿ ਜਿਸ ਤਰੀਕੇ ਨਾਲ ਪੰਜਾਬ ਸਰਕਾਰ ਨੇ ਕੁਝ ਦਿਨ ਪਹਿਲਾਂ ਬਰਨਾਲਾ, ਤਰਨਤਾਰਨ ਵਿੱਚ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਉਤੇ ਕੰਮ ਕੀਤਾ ਹੈ, ਕਿਉਂ ਨਾ ਆਪਾਂ ਇੱਕ ਜ਼ਿਲ੍ਹੇ ਵਿੱਚ ਫਸਲ ਬੀਮਾ ਯੋਜਨਾ ਤੇ ਪਾਇਲਟ ਪ੍ਰਾਜੈਕਟ ਕਰੀਏ ਕਿਉਂਕਿ ਆਪਾਂ ਲਿਮਟਿਡ ਮੁਆਵਜ਼ਾ ਦੇ ਸਕਦੇ ਹਾਂ। ਆਪਾਂ ਉਹ ਸਕੀਮ ਲੈ ਕੇ ਆਈਏ, ਉਹ ਇੱਕ ਪਾਇਲਟ ਪ੍ਰਾਜੈਕਟ ਕਰ ਲਈਏ, ਬੇਸ਼ੱਕ ਸਾਡੇ ਅਬੋਹਰ ਵਿੱਚ ਆ ਕੇ ਕਰ ਲਵੋ। ਪੰਜਾਬ ਦਾ ਸਭ ਤੋਂ ਡਾਈਵਰਸੀਫਾਈਡ ਏਰੀਆ ਸਾਡਾ ਹੈ। ਉੱਥੇ ਬਾਗ, ਗੰਨਾ, ਨਰਮਾ ਵੀ ਹੈ, ਉੱਥੇ ਹਰੇਕ ਫਸਲ ਹੈ। ਉੱਥੇ ਪਾਇਲਟ ਪ੍ਰਾਜੈਕਟ ਕਰਕੇ ਦੇਖੀਏ ਕਿ ਉਹ ਕਾਮਯਾਬ ਹੈ ਜਾਂ ਨਹੀਂ ਹੈ ਤਾਂ ਕਿ ਜੇ ਕੱਲ੍ਹ ਨੂੰ ਵਾਪਸ ਹੜ੍ਹ ਆਉਂਦੇ ਹਨ ਤਾਂ ਸਾਡੀ ਪਹਿਲਾਂ ਹੀ ਤਿਆਰੀ ਹੋਵੇ। ਪਹਿਲੀ ਅਗਸਤ ਨੂੰ ਸਿਰਫ ਛੇ ਘੰਟਿਆਂ ਵਿੱਚ ਪੂਰੇ ਮਹੀਨੇ ਜਿੰਨਾ ਮੀਂਹ ਪੈ ਗਿਆ ਸੀ।

ਮੇਰਾ ਦੂਜਾ ਸੁਝਾਅ ਹੈ ਜਿਵੇਂ ਇਆਲੀ ਸਾਹਿਬ ਨੇ ਗੱਲ ਕੀਤੀ ਸੀ ਕਿ ਮਕਾਨਾਂ ਦਾ ਨੁਕਸਾਨ ਹੁੰਦਾ ਹੈ। ਸਰ, ਉਸ ਦਾ ਕੋਈ ਮਾਪਦੰਡ ਤਾਂ ਬਣਾਈਏ। ਹੁਣ ਜੋ ਸਰਵੇ ਹੋ ਰਿਹਾ ਹੈ, ਉਸ ਦਾ ਕੋਈ ਮਾਪਦੰਡ ਹੀ ਨਹੀਂ ਹੈ। ਮੇਰਾ ਇੱਕ ਸੁਝਾਅ ਹੈ ਕਿ ਸਾਡੇ ਉੱਥੇ ਰੀਜਨਲ ਇਸ਼ੂਜ਼ ਹਨ, ਸਾਡੇ ਉੱਥੇ ਸੇਮ ਦੀ ਬਹੁਤ ਵੱਡੀ ਸਮੱਸਿਆ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਖੁੱਡੀਆਂ ਸਾਹਿਬ ਨੂੰ ਰਿਕੁਐਸਟ ਕਰਦਾ ਹਾਂ ਕਿ ਆਪਾਂ ਸੈਟੇਲਾਈਟ ਰਾਹੀਂ ਮੈਪਿੰਗ ਕਰਕੇ ਪਹਿਲਾਂ ਪਤਾ ਤਾਂ ਕਰੀਏ ਕਿ ਸੇਮ ਦੀ ਦਿੱਕਤ ਕਿੱਥੇ ਹੈ, ਕਿੰਨੀ ਹੈ, ਕਿੱਥੇ ਸੇਮ ਵੱਧ ਰਹੀ ਹੈ ਤਾਂ ਕਿ ਉਸ ਦਾ ਕੋਈ ਫੁਲ-ਟਾਈਮ ਪਰਮਾਨੈਂਟ ਹੱਲ ਕਰ ਸਕੀਏ। ਮੇਰੀ ਇਹੀ ਰਿਕੁਐਸਟ ਹੈ।

ਮੈਂ ਲੇਬਰ ਦੀ ਗੱਲ ਕਰਨੀ ਚਾਹੁੰਦਾ ਹਾਂ, ਉਸ ਦੀ ਕੋਈ ਡਾਇਰੈਕਟਰੀ ਹੀ ਨਹੀਂ ਹੈ। ਹੁਣ ਸਾਡੇ ਉੱਥੇ ਚੋਣੀਆਂ (ਨਰਮਾ ਚੁਗਣ ਵਾਲੀ ਲੇਬਰ) ਦਾ ਨੁਕਸਾਨ ਹੋ ਗਿਆ ਕਿਉਂਕਿ ਨਰਮਾ ਡੈਮੇਜ ਹੋ ਗਿਆ। ਬਾਗ ਦਾ ਸੀਜ਼ਨ ਆਉਣ ਵਾਲਾ ਹੈ ਅਤੇ ਕੋਈ ਡਾਇਰੈਕਟਰੀ ਹੀ ਨਹੀਂ ਹੈ ਕਿ ਆਪਣੇ ਬਾਗ ਤੋੜਨ ਵਾਲੀ ਲੇਬਰ ਕਿਹੜੀ ਹੈ, ਚੋਣੀਆਂ

ਕਿਹੜੀਆਂ ਹਨ, ਮੁਆਵਜ਼ਾ ਕਿਸ ਨੂੰ ਮਿਲੇਗਾ? ਖੁੱਡੀਆਂ ਸਾਹਿਬ, ਮੇਰਾ ਇੱਕ ਇਹ ਸੁਝਾਅ ਵੀ ਹੈ ਕਿ ਉਸ ਦੀ ਇੱਕ ਡਾਇਰੈਕਟਰੀ ਤਾਂ ਹੋਵੇ। ਕੱਲ੍ਹ ਨੂੰ ਖੁਦਾ ਨਾ ਖਾਸਤਾ ਫਿਰ ਆਫਤ ਆਉਂਦੀ ਹੈ ਤਾਂ ਮੁਆਵਜ਼ਾ ਕਿਸ ਨੂੰ ਦੇਣਾ ਹੈ? ਮੇਰੇ ਇੰਨੇ-ਕੁ ਸੁਝਾਅ ਸੀ। ਸਪੀਕਰ ਸਾਹਿਬ, ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ।

**ਮਾਣਯੋਗ ਸਪੀਕਰ:** ਵਿਕਰਮਜੀਤ ਸਿੰਘ ਜੀ, ਤੁਸੀਂ ਬੜੀ ਉਮੀਦ ਨਾਲ ਮੇਰੇ ਵੱਲ ਵੇਖ ਰਹੇ ਹੋ ਪਰ ਤੁਹਾਡੇ ਲੀਡਰ ਤੁਹਾਡਾ ਟਾਈਮ ਲੈ ਗਏ ਹਨ। ਚਲੋ ਆ ਜਾਉ ਤੁਹਾਨੂੰ ਸਮਾਂ ਦੇ ਦਿੰਦੇ ਹਾਂ।

**ਸਰਦਾਰ ਵਿਕਰਮਜੀਤ ਸਿੰਘ ਚੌਧਰੀ (ਫਿਲੌਰ, ਐਸ.ਸੀ.):** ਸਪੀਕਰ ਸਾਹਿਬ, ਬਹੁਤ ਧੰਨਵਾਦ। ਗੱਲਾਂ ਤਾਂ ਬਹੁਤ ਕਰਨੀਆਂ ਸੀ ਔਰ ਬੜਾ ਅਫਸੋਸ ਹੈ ਕਿ ਪਿਛਲੇ ਦੋ ਦਿਨਾਂ ਤੋਂ ਟਰੇਜ਼ਰੀ ਬੈਂਚਿਜ਼ ਤੋਂ ਇੱਕੋ ਹੀ ਵਿਅਕਤੀ, ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਟਾਰਗੈੱਟ ਕੀਤਾ ਜਾ ਰਿਹਾ ਹੈ। ਤੁਸੀਂ ਗੱਲ ਕਰ ਰਹੇ ਹੋ ਕਿ ਉਹ ਕਿਸੇ ਵਹੀਕਲ ਵਿੱਚ...... (ਵਿਘਨ) ਪਲੀਜ਼, ਮੈਨੂੰ ਦੱਸ ਦੇਣ ਦਿਉ। ਉਹ ਇੱਕ all terrain vehicle ਹੈ, ਡੇਢ ਕਰੋੜ ਰੁਪਏ ਦੀ ਗੱਡੀ ਹੈ। ਮੇਰਾ ਦੋਸਤ ਹੈ, ਉਸ ਨੂੰ ਬੇਨਤੀ ਕਰਕੇ ਅਸੀਂ ਸਰਕਾਰ ਦੀ ਮਦਦ ਵਾਸਤੇ ਉਹ ਗੱਡੀ ਲੈ ਕੇ ਆਏ ਸੀ। ਕੋਈ ਉਸ ਵਹੀਕਲ ਨੂੰ ਬੰਬੂਕਾਟ ਕਹਿ ਰਿਹਾ ਹੈ, ਕੋਈ ਉਸ ਵਹੀਕਲ ਨੂੰ ਜੌਂਗਾ ਕਹਿ ਰਿਹਾ ਹੈ ਅਤੇ ਕੋਈ ਉਸ ਵਹੀਕਲ ਨੂੰ ਘੜੂੱਕਾ ਕਹਿ ਰਿਹਾ ਹੈ। ਤੁਸੀਂ ਸਾਰੇ ਬਹੁਤ ਸੂਝਵਾਨ ਲੋਕ ਹੋ। ਹੁਣ ਚੀਫ ਸੈਕਟਰੀ ਸਾਹਿਬ ਉੱਠ ਕੇ ਚਲੇ ਗਏ ਹਨ।

**ਸ੍ਰੀਮਤੀ ਇੰਦਰਜੀਤ ਕੌਰ ਮਾਨ (ਬੈਠੇ ਬੈਠੇ):** ਕੀ ਇਹ ਹੜ੍ਹਾਂ ਤੇ ਗੱਲ ਹੋ ਰਹੀ ਹੈ?

**ਸਰਦਾਰ ਵਿਕਰਮਜੀਤ ਸਿੰਘ ਚੌਧਰੀ:** ਮੈਂ ਹੜ੍ਹਾਂ ਦੀ ਗੱਲ ਹੀ ਕਰ ਰਿਹਾ ਹਾਂ। ਤੁਸੀਂ ਵਿੱਚ ਨਾ ਬੋਲੋ। ਇਹ ਜਿਹੜਾ ਵਹੀਕਲ ਹੈ, ਇਸ ਨੂੰ ਖਰੀਦਣ ਲਈ ਚੀਫ ਸੈਕਟਰੀ ਸਾਹਿਬ ਅਤੇ ਅੰਮ੍ਰਿਤਸਰ ਸਾਹਿਬ ਦੇ ਡੀ.ਸੀ. ਵੱਲੋਂ ਗਵਰਨਰ ਸਾਹਿਬ ਨੂੰ ਰਿਕੁਮੈਂਡ ਕੀਤਾ ਗਿਆ ਹੈ ਕਿ ਪੰਜਾਬ ਸਰਕਾਰ ਇਸ ਵਹੀਕਲ ਨੂੰ ਜਲਦ ਤੋਂ ਜਲਦ ਖਰੀਦੇ। ਕੀ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਇਸ ਵਹੀਕਲ ਨੂੰ ਉਥੇ ਲਿਜਾ ਕੇ ਕੋਈ ਗਲਤੀ ਕਰ ਦਿੱਤੀ ਹੈ? ਲੀਡਰ ਆਫ ਆਪੋਜ਼ੀਸ਼ਨ ਦਾ ਕੰਮ ਬੰਦੇ ਰੈਸਕਿਊ ਕਰਨਾ ਨਹੀਂ ਹੈ। ਚੀਫ ਮਨਿਸਟਰ ਸਾਹਿਬ ਦਾ ਕੰਮ ਬੰਦੇ ਰੈਸਕਿਊ ਕਰਨਾ ਨਹੀਂ ਹੈ। ਇਨ੍ਹਾਂ ਦਾ ਕੰਮ ਹੈ, ਉਥੇ ਜਾ ਕੇ ਜਾਇਜ਼ਾ ਲੈਣਾ। ਤੁਸੀਂ ਕਹਿੰਦੇ ਹੋ ਕਿ ਬਾਜਵਾ ਸਾਹਿਬ ਇਹ ਗੱਡੀ ਲੈ ਕੇ ਕਿੰਨੇ ਬੰਦੇ ਨਾਲ ਲੈ ਗਏ ਸਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਸੀ.ਐਮ. ਸਾਹਿਬ ਉਥੇ ਹੈਲੀਕਾਪਟਰ ਲੈ ਕੇ ਗਏ ਸਨ ਤਾਂ ਕਿੰਨੇ ਬੰਦੇ ਨਾਲ ਲੈ ਕੇ ਗਏ ਸਨ?

(**ਕੁਝ ਆਵਾਜ਼ਾਂ**: ਉਹ ਹੈਲੀਕਾਪਟਰ ਛੱਡ ਆਏ ਸਨ।)

**ਸਰਦਾਰ ਵਿਕਰਮਜੀਤ ਸਿੰਘ ਚੌਧਰੀ:** ਉਹ ਹੈਲੀਕਾਪਟਰ ਛੱਡ ਆਏ। ਕਲਸੀ ਸਾਹਿਬ, ਗੱਲ ਸੁਣ ਲਉ। ਲੀਡਰ ਆਫ ਦਿ ਆਪੋਜ਼ੀਸ਼ਨ ਤੇ ਤੁਸੀਂ ਟਾਰਗੈੱਟ ਕਰਨਾ ਹੈ ਤਾਂ ਕਰੋ। ਅਮਨ ਅਰੋੜਾ ਜੀ, ਤੁਸੀਂ ਵੱਡੇ ਭਰਾ ਹੋ। ਸਪੀਕਰ ਸਾਹਿਬ, ਪਿਛਲੇ ਡੇਢ ਦਿਨ ਵਿੱਚ ਕਿਸੇ ਨੇ ਕੋਈ ਸੁਝਾਅ ਦਿੱਤਾ ਹੈ ਕਿ ਆਪਾਂ ਪੰਜਾਬ ਨੂੰ ਇਸ ਦੌਰ ਵਿੱਚੋਂ ਕਿਵੇਂ ਕੱਢਣਾ ਹੈ? ਕਿਸੇ ਨੇ ਕੋਈ ਸੁਝਾਅ ਨਹੀਂ ਦਿੱਤਾ। ਸੀ.ਐਮ. ਸਾਹਿਬ ਉੱਠ ਕੇ ਚਲੇ ਗਏ ਹਨ। ਮੈਂ ਖਾਸ ਕਰਕੇ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਸੀ ਭਾਵੇਂ ਤੁਸੀਂ ਕਰ ਸਾਡਾ ਭਲਾ ਹੀ ਰਹੇ ਹੋ ਪਰ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਐਮ.ਐਲ.ਏ. ਸਾਹਿਬਾਨ ਤਾਂ ਸੈਸ਼ਨ ਅਟੈਂਡ ਕਰ ਰਹੇ ਹਨ ਪਰ ਜਿਹੜੇ ਐਮ.ਐਲ.ਏ. ਨਹੀਂ ਬਣੇ ਹਨ, ਜਿਹੜੇ ਲੀਡਰ ਹਨ, ਉਨ੍ਹਾਂ ਬਾਰੇ ਦੱਸਾਂ

ਤਾਂ ਮੈਂ ਕੱਲ੍ਹ ਆਪਣੇ ਹਲਕੇ ਵਿੱਚ ਗਿਆ ਤਾਂ ਉਥੇ ਮੈਨੂੰ ਕੈਮਿਸਟ, ਕਰਿਆਨਾ, ਮਨਿਆਰੀ ਅਤੇ ਹਲਵਾਈ ਵਾਲਿਆਂ ਦੀਆਂ ਚਾਰ ਐਸੋਸੀਏਸ਼ਨਾਂ ਮਿਲੀਆਂ ਕਿ ਉਥੋਂ ਦੇ ਲੀਡਰ ਗੁੰਡਾ ਟੈਕਸ ਲੈਣ ਲੱਗ ਪਏ ਹਨ। ਸੀ.ਐਮ. ਸਾਹਿਬ ਦਾ ਇੱਕ ਵੀਡੀਉ ਹੈ, ਜਿਸ ਵਿੱਚ ਸੀ.ਐਮ. ਸਾਹਿਬ ਕਹਿ ਰਹੇ ਹਨ ਕਿ ਸਰਕਾਰ ਦੇ ਖਜ਼ਾਨੇ ਖਤਮ ਨਹੀਂ ਹੁੰਦੇ ਔਰ ਉਸ ਵੀਡੀਉ ਨਾਲ ਇੱਕ ਮੈਸੇਜ ਜਾ ਰਿਹਾ ਹੈ ਕਿ ਭਗਵੰਤ ਮਾਨ ਜੀ ਕਹਿ ਰਹੇ ਹਨ ਕਿ ਖਜ਼ਾਨੇ ਖਤਮ ਨਹੀਂ ਹੋ ਸਕਦੇ ਪਰ ਇਨ੍ਹਾਂ ਦੇ ਵਿਧਾਨ ਸਭਾ ਦੇ ਜਿਹੜੇ ਲੀਡਰ ਹਨ, ਉਹ 50-50 ਲੱਖ ਰੁਪਏ ਦੀ ਫਿਰੌਤੀ ਲੈ ਰਹੇ ਹਨ। ਮੇਰੀ ਤੁਹਾਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਭਾਵੇਂ ਇਸ ਕੰਮ ਨਾਲ ਕਾਂਗਰਸ ਨੂੰ ਫਾਇਦਾ ਹੋਣਾ ਹੈ ਪਰ ਤੁਸੀਂ ਪੂਰੇ ਦੇਸ਼, ਪੂਰੀ ਦੁਨੀਆ ਵਿੱਚ ਪੰਜਾਬੀਆਂ ਦੀ ਸ਼ਾਨ ਨੂੰ ਦਾਗ ਲਗਾ ਰਹੇ ਹੋ। ਮੇਰੀ ਇੰਨੀ ਬੇਨਤੀ ਹੈ ਕਿ ਜਲਦ ਤੋਂ ਜਲਦ ਇਹ ਕੰਮ ਛੱਡੋ। ਦੂਸਰਾ, ਮੇਰਾ ਕਾਂਸਟੀਚਿਊਐਂਸੀ ਦੇ ਰਿਲੇਟਿਡ ਕੰਮ ਹੈ, ਸਾਹਮਣੇ ਮੰਤਰੀ ਸਾਹਿਬ ਬੈਠੇ ਹਨ। ਮੇਰੇ ਗੁਆਂਢੀ ਹਨ ਅਤੇ ਸਾਹਨੇਵਾਲ ਇਨ੍ਹਾਂ ਦੀ ਕਾਂਸਟੀਚਿਊਐਂਸੀ ਹੈ।

**ਮਾਣਯੋਗ ਸਪੀਕਰ:** ਤੁਹਾਨੂੰ ਕੰਮ ਪਹਿਲਾਂ ਦੱਸਣਾ ਚਾਹੀਦਾ ਸੀ।

**ਸਰਦਾਰ ਵਿਕਰਮਜੀਤ ਸਿੰਘ ਚੌਧਰੀ:** ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਸੀਂ ਕੋਈ ਹਿੰਦੁਸਤਾਨ ਅਤੇ ਪਾਕਿਸਤਾਨ ਤਾਂ ਨਹੀਂ ਹਾਂ। ਸਪੀਕਰ ਸਾਹਿਬ, ਮੇਰੀ ਕਾਂਸਟੀਚੂਐਂਸੀ ਦੇ ਲਸਾੜਾ, ਕਟਾਣਾ ਅਤੇ ਝੰਡੀਪੀਰ ਪਿੰਡ ਵਿਖੇ 4 ਸਤੰਬਰ ਨੂੰ ਲੁਧਿਆਣਾ ਐਡਮਨਿਸਟਰੇਸ਼ਨ ਵੱਲੋਂ ਪੋਕਲੇਨ ਮਸ਼ੀਨ ਆਈ, ਗੱਡੀਆਂ ਆ ਗਈਆਂ, ਨਾਲ 50-60 ਬੰਦੇ ਪੁਲਿਸ ਦੇ ਆ ਗਏ ਅਤੇ ਕਹਿੰਦੇ ਕਿ ਲੁਧਿਆਣਾ ਬਚਾਉਣਾ ਹੈ ਅਤੇ ਜਲੰਧਰ ਨੂੰ ਡੋਬ ਦਿਓ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਸ ਦੀ ਜਾਣਕਾਰੀ ਲੈ ਕੇ, ਜਿਹੜਾ ਵੀ ਅਫਸਰ ਹੈ, ਉਸ ਤੇ ਐਕਸ਼ਨ ਲਿਆ ਜਾਵੇ।

---

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ:** ਜ਼ਰਾ, ਇੱਕ ਮਿੰਟ ਜੀ। ਅੱਜ ਮੈਨੂੰ ਬੜੀ ਖੁਸ਼ੀ ਹੋਈ ਕਿ ਮੇਰੀਆਂ ਭੈਣਾਂ, ਜਿਹੜੀਆਂ ਆਸ਼ਾ ਵਰਕਰਜ਼ ਹਨ, ਉਨ੍ਹਾਂ ਦੀ ਪ੍ਰਸ਼ੰਸਾ ਸਾਡੇ ਹੈਲਥ ਮਨਿਸਟਰ ਸਾਹਿਬ ਵੱਲੋਂ ਵੀ ਕੀਤੀ ਗਈ ਹੈ। ਸੋ, ਕੋਟਕਪੂਰੇ ਤੋਂ ਆਸ਼ਾ ਵਰਕਰਜ਼ ਵੀ ਇਸ ਸੈਸ਼ਨ ਨੂੰ ਵੇਖਣ ਆਈਆਂ ਹਨ। ਆਓ, ਉਨ੍ਹਾਂ ਦਾ ਸਵਾਗਤ ਕਰੀਏ। (ਥੰਪਿੰਗ) ਸੋ, ਬਹੁਤ ਮਿਹਰਬਾਨੀ।

---

## RESUMPTION OF DISCUSSION ON RESOLUTION ON REHABILITATION OF PUNJAB, CONDEMNING UNION GOVERNMENT'S FAILURE TO PROVIDE COMMENSURATE FLOOD RELIEF PACKAGE AND DEMANDING IMMEDIATE Rs. 1,600 CRORE RELEASE PLUS ENHANCED PACKAGE OF Rs. 20,000 CRORE (*Resumption*)

**ਮਾਣਯੋਗ ਸਪੀਕਰ** : ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ ਜੀ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਐਸ.ਸੀ.) :** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ "ਪੰਜਾਬ ਦਾ ਪੁਨਰਵਾਸ" ਸਰਕਾਰੀ ਮਤੇ ਤੇ ਬੋਲਣ ਦਾ ਸਮਾਂ ਦਿੱਤਾ ਹੈ। ਅਸੀਂ ਜਿਹੜੇ ਪੰਜ ਮਤੇ ਕੇਂਦਰ ਸਰਕਾਰ ਨੂੰ ਭੇਜ ਰਹੇ ਹਾਂ, ਉਸ ਤੇ ਬੋਲਣ ਦਾ ਮੌਕਾ ਮਿਲਿਆ ਹੈ। ਸਪੀਕਰ ਸਾਹਿਬ, ਮੈਂ ਬੜੇ ਦਿਨਾਂ ਤੋਂ ਦੇਖ ਰਿਹਾ ਹਾਂ ਕਿ ਜਿਹੜੇ ਵਿਰੋਧੀ ਹਨ, ਉਹ ਸਿਰਫ ਤੇ ਸਿਰਫ ਤੱਥਾਂ ਹੀਣ ਗੱਲਾਂ ਕਰਦੇ ਹਨ। ਮੈਨੂੰ ਲੱਗਦਾ ਹੈ ਕਿ ਨਾ ਤਾਂ ਉਹ ਰੱਬ ਨੂੰ ਮੰਨਦੇ ਹਨ ਤੇ ਨਾ ਹੀ ਉਹ ਕੁਦਰਤ ਨੂੰ ਮੰਨਦੇ ਹਨ। ਉਨ੍ਹਾਂ ਵੱਲੋਂ ਇਸ ਤਰ੍ਹਾਂ ਦੀਆਂ ਕੁਦਰਤੀ ਆਫਤਾਂ ਨੂੰ ਇਸ ਤਰੀਕੇ ਨਾਲ ਪੇਸ਼ ਕੀਤਾ ਜਾ ਰਿਹਾ ਹੈ ਕਿ ਇਹ man made ਹਨ ਭਾਵ ਬੰਦੇ ਦੁਆਰਾ। ਮੈਂ ਇਸ ਗੱਲ ਤੋਂ ਬਹੁਤ ਹੈਰਾਨ ਹਾਂ ਕਿ ਪੰਜਾਬ ਵਿੱਚ ਇਸ ਸਾਲ ਤਕਰੀਬਨ ਸਵਾ ਮਹੀਨਾ ਲਗਾਤਾਰ ਮੀਂਹ ਪੈਂਦੇ ਰਹੇ ਹਨ। ਇਕੱਲੇ ਪੰਜਾਬ ਵਿੱਚ ਹੀ ਨਹੀਂ ਬਲਕਿ ਹਿਮਾਚਲ ਵਿੱਚ ਵੀ ਬੱਦਲ ਫਟੇ ਹਨ। ਜੰਮੂ ਕਸ਼ਮੀਰ ਅਤੇ ਉੱਤਰਾਖੰਡ ਵਿੱਚ ਜਿਸ ਤਰੀਕੇ ਨਾਲ ਤਬਾਹੀ ਮਚੀ ਹੈ, ਇਸ ਤਬਾਹੀ ਨੂੰ ਸਿਰਫ ਤੇ ਸਿਰਫ ਵਿਰੋਧੀਆਂ ਤੇ ਦੂਸ਼ਣਬਾਜ਼ੀ ਲਗਾਉਣ ਲਈ ਮੈਨ ਮੇਡ ਦਾ ਨਾਅਰਾ ਦੇ ਕੇ ਕੇਂਦਰ ਸਰਕਾਰ ਨੂੰ ਸੁਰਖਰੂ ਕੀਤਾ ਗਿਆ ਹੈ, ਇਹ ਇੱਕ ਵੱਖਰੀ ਗੱਲ ਹੈ ਅਤੇ ਉਨ੍ਹਾਂ ਨਾਲ ਤੁਹਾਡੀ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਕੀ ਸਾਂਝ ਹੈ, ਉਨ੍ਹਾਂ ਨਾਲ ਤੁਹਾਡੀ ਕੀ ਨੇੜਤਾ ਹੈ, ਤੁਸੀਂ ਉੱਥੇ ਜਾਂਦੇ ਹੋ, ਕੀ ਕਰਦੇ ਹੋ, ਇਹ ਇੱਕ ਵੱਖਰਾ ਵਿਸ਼ਾ ਹੈ। ਪੰਜਾਬ ਦੇ ਲੋਕ ਇਸ ਬਾਰੇ ਸਭ ਕੁਝ ਜਾਣਦੇ ਹਨ, ਮੈਂ ਇਸ ਬਹਿਸ ਵਿੱਚ ਨਹੀਂ ਪੈਣਾ ਚਾਹੁੰਦਾ। ਦੂਜੀ ਗੱਲ, ਪੰਜਾਬ ਦੇ ਹਰੇਕ ਪਿੰਡ ਵਿੱਚ ਇਸ ਮੀਂਹ ਨਾਲ ਬਹੁਤ ਨੁਕਸਾਨ ਹੋਇਆ ਹੈ, ਚਾਹੇ ਕਿਤੇ ਹੜ੍ਹ ਆਏ ਹਨ, ਚਾਹੇ ਨਹੀਂ ਵੀ ਆਏ। ਸਾਰੇ ਇਲਾਕਿਆਂ ਵਿੱਚ ਘਰਾਂ ਦਾ ਬਹੁਤ ਨੁਕਸਾਨ ਹੋਇਆ ਹੈ, ਕਈ ਘਰ ਡਿੱਗੇ ਹਨ। ਮੇਰੇ ਹਲਕੇ ਵਿੱਚ ਚਾਹੇ ਹੜ੍ਹ ਨਹੀਂ ਆਇਆ ਪਰ ਸਾਡੇ ਇਲਾਕੇ ਦੇ ਬੁਆਣੀ ਪਿੰਡ ਵਿੱਚ ਘਰ ਡਿੱਗ ਗਿਆ, ਜਿਸ ਕਾਰਨ ਇੱਕ ਬਜ਼ੁਰਗ ਮਾਤਾ ਦੀ ਮੌਤ ਹੋ ਗਈ, ਕੀ ਇਹ ਵੀ ਮੈਨ ਮੇਡ ਸੀ? ਸਾਡੇ ਐਮ.ਐਲ.ਏ. ਸਾਹਿਬ ਸੰਗੋਵਾਲ ਸਾਹਿਬ ਬੈਠੇ ਹਨ। ਮੀਂਹ ਪੈਣ ਕਰਕੇ ਇਨ੍ਹਾਂ ਦੇ ਹਲਕੇ ਦੇ ਇਕ ਘਰ ਵਿੱਚ ਕਰੰਟ ਆ ਗਿਆ ਕਿਉਂਕਿ ਕੱਚੇ ਘਰ ਹਨ, ਦੋ ਨੌਜਵਾਨਾਂ ਨੂੰ ਕਰੰਟ ਲੱਗ ਗਿਆ ਅਤੇ ਦੋਹਾਂ ਦੀ ਮੌਤ ਹੋ ਗਈ, ਕੀ ਇਹ ਮੈਨ ਮੇਡ ਸੀ? ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਇਸ ਤਰ੍ਹਾਂ ਦੀਆਂ ਸਟੇਟਮੈਂਟਾਂ ਹਨ, ਇਹ ਕਿਤੇ ਨਾ ਕਿਤੇ ਪੰਜਾਬੀਆਂ ਨੂੰ hurt ਕਰਦੀਆਂ ਹਨ ਕਿਉਂਕਿ ਅਸੀਂ ਗੁਰੂ ਨੂੰ ਮੰਨਣ ਵਾਲੇ ਲੋਕ ਹਾਂ। ਗੁਰਬਾਣੀ ਵਿੱਚ ਵੀ ਸਾਨੂੰ ਦੱਸਿਆ ਗਿਆ ਹੈ ਕਿ ਉਸ ਪ੍ਰਮਾਤਮਾ ਅੱਗੇ ਕਿਸੇ ਦਾ ਵੀ ਜ਼ੋਰ ਨਹੀਂ ਹੈ -

ਆਖਣਿ ਜੋਰੁ ਚੁਪੈ ਨਹ ਜੋਰੁ ॥
ਜੋਰੁ ਨ ਮੰਗਣਿ ਦੇਣਿ ਨ ਜੋਰੁ ॥
ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥
ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥
ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥
ਜੋਰੁ ਨ ਜੁਗਤੀ ਛੁਟੈ ਸੰਸਾਰੁ ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥
ਨਾਨਕ ਉਤਮੁ ਨੀਚੁ ਨ ਕੋਇ ॥੩੩॥

ਸਾਨੂੰ ਵੀ ਇਹ ਚੀਜ਼ ਸਮਝਣੀ ਪੈਣੀ ਹੈ। ਦੂਜੀ ਗੱਲ, ਪੰਜਾਬ ਵਿੱਚ ਹੜ੍ਹਾਂ ਦੌਰਾਨ ਜਿਸ ਤਰ੍ਹਾਂ ਦੀ ਦੂਸ਼ਣਬਾਜ਼ੀ ਕੀਤੀ ਗਈ, ਸਾਡੀ ਪਾਰਟੀ ਨੂੰ ਟਾਰਗੈੱਟ ਕਰਕੇ ਮਾੜਾ ਮਾਹੌਲ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਅਸੀਂ ਇਨ੍ਹਾਂ ਦੇ

ਨਾਲ ਨਹੀਂ ਖੜ੍ਹੇ। ਸਪੀਕਰ ਸਾਹਿਬ, ਇਹ ਪੰਜਾਬੀਆਂ ਦੇ ਖ਼ੂਨ ਵਿੱਚ ਹੈ ਕਿ ਜੇਕਰ ਘਰ ਉੱਤੇ ਕੋਈ ਬਿਪਤਾ ਪੈ ਜਾਵੇ ਤਾਂ ਸਾਰਾ ਪਰਿਵਾਰ ਭਾਵੇਂ ਲੜਿਆ ਹੋਵੇ, ਚਾਚੇ-ਤਾਏ ਭਾਵੇਂ ਲੜੇ ਹੋਣ, ਉਹ ਸਾਰੇ ਡਾਂਗਾਂ ਉਲਾਰ ਕੇ ਬਾਹਰ ਆ ਜਾਂਦੇ ਹਨ ਪਰ ਇਹ ਤਾਂ ਕੇਂਦਰ ਸਰਕਾਰ ਨਾਲ ਹੀ ਮਿਲ ਗਏ। ਕਹਿੰਦੇ ਹਨ ਕਿ ਮੋਦੀ ਜੀ ਤਾਂ ਤੁਹਾਨੂੰ ਪੈਸੇ ਦੇ ਗਏ। ਮੋਦੀ ਜੀ ਤਾਂ ਇਹ ਪੈਸੇ ਵੀ ਨਾ ਦੇਣ। ਮੈਂ ਕਹਿੰਦਾ ਹਾਂ ਕਿ ਮੋਦੀ ਬੇਸ਼ੱਕ ਕੋਈ ਪੈਸਾ ਨਾ ਦੇਵੇ, ਉਹ 1600 ਕਰੋੜ ਰੁਪਿਆ ਕਹਿ ਕੇ ਗਿਆ ਪਰ ਸਾਡੇ ਕੋਲ ਇੱਕ ਵੀ ਪੈਸਾ ਨਹੀਂ ਆਇਆ। ਮਾਣਯੋਗ ਵਿੱਤ ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਉਸ ਵਿੱਚੋਂ ਇੱਕ ਪੈਸਾ ਵੀ ਪੰਜਾਬ ਲਈ ਨਹੀਂ ਆਇਆ ਤੇ ਤੁਸੀਂ ਸਾਰੇ ਹੱਸਦੇ ਹੋ ਕਿ ਉਹ ਨਾ ਦੇਣ। ਤੁਸੀਂ ਇਹ ਸਾਢੇ ਤਿੰਨ ਕਰੋੜ ਪੰਜਾਬੀਆਂ ਲਈ ਕਹਿ ਰਹੇ ਹੋ। ਪੰਜਾਬੀ ਭਾਵੇਂ ਡੁੱਬ ਜਾਣ, ਪੰਜਾਬੀ ਭਾਵੇਂ ਮਰ ਜਾਣ ਪਰ ਸਾਡੀ ਰਾਜਨੀਤੀ ਚਲਦੀ ਰਹਿਣੀ ਚਾਹੀਦੀ ਹੈ। ਇਨ੍ਹਾਂ ਨੂੰ ਸਿਰਫ ਅਤੇ ਸਿਰਫ ਆਪਣੀ ਰਾਜਨੀਤੀ ਨਾਲ ਮਤਲਬ ਹੈ, ਜਿਨ੍ਹਾਂ ਦੇ ਘਰ ਡੁੱਬੇ ਹਨ, ਉਨ੍ਹਾਂ ਨਾਲ ਕੋਈ ਮਤਲਬ ਨਹੀਂ ਹੈ, ਜਿਨ੍ਹਾਂ ਦੇ ਘਰਾਂ ਦੇ ਘਰ ਵਹਿ ਗਏ, ਪਸ਼ੂ ਵਹਿ ਗਏ, ਮਕਾਨ ਵਹਿ ਗਏ, ਡੰਗਰ ਵਹਿ ਗਏ, ਜਿਨ੍ਹਾਂ ਦੇ ਖੇਤ ਵਹਿ ਗਏ, ਉਨ੍ਹਾਂ ਨਾਲ ਸਾਨੂੰ ਕੋਈ ਮਤਲਬ ਨਹੀਂ ਹੈ। ਮੇਰੇ ਇਲਾਕੇ ਵਿੱਚ, ਮੇਰੇ ਹਲਕੇ ਵਿੱਚ ਭਾਵੇਂ ਹੜ੍ਹ ਨਹੀਂ ਆਇਆ ਪਰ 700 ਘਰਾਂ ਦਾ ਨੁਕਸਾਨ ਹੋਇਆ ਹੈ। ਮੈਂ ਇਕੱਲੇ ਇਕੱਲੇ ਪਿੰਡ ਵਿੱਚ ਜਾ ਕੇ ਆਇਆ ਹਾਂ, ਕਿਸੇ ਦਾ ਘਰ ਡਿੱਗ ਗਿਆ, ਕਿਸੇ ਦੇ ਘਰ ਦੇ ਚਾਰ ਬਾਲੇ ਡਿੱਗ ਗਏ, ਕਿਸੇ ਦੀ ਕੰਧ ਡਿੱਗ ਗਈ, ਉਨ੍ਹਾਂ ਦੇ ਨੁਕਸਾਨ ਦੀ ਭਰਪਾਈ ਕੌਣ ਕਰੇਗਾ?

**ਮਾਣਯੋਗ ਸਪੀਕਰ:** ਵਾਈਂਡ ਅੱਪ ਕਰੋ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਅੱਜ ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਆਪਣੇ ਦਮ ਤੇ ਇੱਕ ਰੰਗਲਾ ਪੰਜਾਬ ਬਣਾਇਆ ਹੈ, ਉਨ੍ਹਾਂ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਸਾਨੂੰ ਪੈਸੇ ਨਹੀਂ ਦਿੰਦੀ ਪਰ ਪੰਜਾਬੀ ਇਕੱਠੇ ਹੋ ਕੇ ਖੜ੍ਹਦੇ ਹਨ, ਚਾਹੇ ਹੜ੍ਹ ਆਉਣ, ਚਾਹੇ ਕੋਈ ਜ਼ੁਲਮ ਹੋਵੇ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਸਰਦਾਰ ਹਰਦੀਪ ਸਿੰਘ ਮੁੰਡੀਆਂ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ ਬਿਨਾਂ ਇਜਾਜ਼ਤ ਬੋਲ ਰਹੇ ਸਨ ਪਰ ਮਾਈਕ ਬੰਦ ਹੋਣ ਕਾਰਨ ਕੁਝ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਣਯੋਗ ਸਪੀਕਰ:** ਗਿਆਸਪੁਰਾ ਸਾਹਿਬ, ਬੈਠੋ। ਤੁਸੀਂ ਬੈਠ ਜਾਉ ਜੀ। ਹੁਣ ਫਿਰ ਮੈਂ ਖੜ੍ਹਾ ਹੋਵਾਂ?

**ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ (ਸਰਦਾਰ ਹਰਦੀਪ ਸਿੰਘ ਮੁੰਡੀਆਂ):** ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਭਿਆਨਕ ਹੜ੍ਹਾਂ ਦੀ ਮਾਰ ਕਾਰਨ ਪੰਜਾਬ ਦਾ ਕਰੋੜਾਂ-ਅਰਬਾਂ ਰੁਪਏ ਦਾ ਨੁਕਸਾਨ ਹੋਇਆ ਹੈ। ਹੜ੍ਹਾਂ ਨਾਲ 2581 ਪਿੰਡਾਂ ਦੇ 3.89 ਲੱਖ ਲੋਕ ਪ੍ਰਭਾਵਿਤ ਹੋਏ ਹਨ ਅਤੇ 59 ਲੋਕਾਂ ਦੀਆਂ ਜਾਨਾਂ ਚਲੀਆਂ ਗਈਆਂ ਹਨ। 5 ਲੱਖ ਏਕੜ ਜ਼ਮੀਨ ਦਾ ਨੁਕਸਾਨ ਅਤੇ 13,289 ਕਰੋੜ ਰੁਪਏ ਦੇ ਬੁਨਿਆਦੀ ਢਾਂਚੇ ਦਾ ਨੁਕਸਾਨ ਹੋਇਆ ਹੈ। ਸਾਰੇ ਮਾਣਯੋਗ ਮੈਂਬਰ ਸਾਹਿਬਾਨਾਂ ਨੇ ਦੱਸਿਆ ਹੈ ਕਿ ਸਕੂਲ, ਹਸਪਤਾਲ, ਸੜਕਾਂ, ਘਰਾਂ ਅਤੇ ਪਸ਼ੂ ਧਨ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਵਿਰੋਧੀ ਪਾਰਟੀ ਦੇ ਨੇਤਾ ਜਾਂ ਸਾਰੇ ਭਰਾਵਾਂ ਨੇ, ਬੀ.ਜੇ.ਪੀ. ਅਤੇ ਅਕਾਲੀ ਦਲ ਨੇ ਇਨ੍ਹਾਂ ਹੜ੍ਹਾਂ ਦੇ ਦਿਨਾਂ ਦੌਰਾਨ ਸਿਆਸੀ ਰੋਟੀਆਂ ਸੇਕਣ ਦੀ ਕੋਸ਼ਿਸ਼ ਕੀਤੀ। ਮੈਂ, ਮੁੱਖ

ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ, ਪੂਰੀ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਦਾ ਧੰਨਵਾਦ ਕਰਦਾ ਹਾਂ, ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਜੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਸਾਡੇ ਹਰੇਕ ਵਰਕਰ ਦੀ ਪਹਿਲੇ ਦਿਨ ਤੋਂ ਹੀ ਡਿਊਟੀ ਲਗਾ ਦਿੱਤੀ ਕਿ ਤੁਸੀਂ ਹੜ੍ਹਾਂ ਵਾਲੇ ਪਿੰਡਾਂ ਵਿੱਚ ਜਾਉ। ਸਭ ਤੋਂ ਪਹਿਲਾਂ ਲੋਕਾਂ ਦੀਆਂ ਜਾਨਾਂ ਬਚਾਉ, ਪਸ਼ੂਆਂ ਦੀਆਂ ਜਾਨਾਂ ਬਚਾਉ, ਉਨ੍ਹਾਂ ਦੇ ਰੋਟੀ-ਪਾਣੀ ਦਾ ਬੰਦੋਬਸਤ ਕਰੋ, ਉਨ੍ਹਾਂ ਨੂੰ ਰਾਸ਼ਨ-ਪਾਣੀ ਪਹੁੰਚਾਉ। ਚਾਰੇ ਦਾ ਬੰਦੋਬਸਤ ਕਰਕੇ ਡੰਗਰਾਂ ਲਈ ਚਾਰਾ ਪਹੁੰਚਾਇਆ ਜਾਵੇ, ਕਿਸ਼ਤੀਆਂ ਦਾ ਪ੍ਰਬੰਧ ਕੀਤਾ ਜਾਵੇ। ਮੁੱਖ ਮੰਤਰੀ ਸਾਹਿਬ ਵੱਲੋਂ ਮੇਰੀ ਡਿਊਟੀ ਸੁਲਤਾਨਪੁਰ ਲੋਧੀ ਵਿਖੇ ਲਗਾਈ ਗਈ ਸੀ। ਸਰ, ਮੈਂ ਰਾਣਾ ਜੀ ਦਾ ਵੀ ਧੰਨਵਾਦੀ ਹਾਂ, ਰਾਣਾ ਜੀ ਵੀ ਉੱਥੇ ਆਏ (ਅਜ਼ਾਦ ਮੈਂਬਰ, ਰਾਣਾ ਇੰਦਰ ਪ੍ਰਤਾਪ ਸਿੰਘ ਵੱਲ ਇਸ਼ਾਰਾ ਕਰਦੇ ਹੋਏ) ਅਤੇ ਉਨ੍ਹਾਂ ਨੇ ਸ਼ਾਬਾਸ਼ ਦਿੱਤੀ ਕਿ ਤੁਸੀਂ ਬਹੁਤ ਵਧੀਆ ਕੰਮ ਕਰ ਰਹੇ ਹੋ। ਇਨ੍ਹਾਂ ਨੇ ਨਾਲ ਦੀ ਨਾਲ ਇੱਕ-ਦੋ ਬੇਨਤੀਆਂ ਸਰਕਾਰ ਨੂੰ ਕੀਤੀਆਂ, ਉਨ੍ਹਾਂ ਬੇਨਤੀਆਂ ਨੂੰ ਵੀ ਨਾਲ ਦੀ ਨਾਲ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਂਦਾ ਗਿਆ। ਸਾਡਾ ਮਕਸਦ ਸੀ ਹੜ੍ਹਾਂ ਵਾਲੇ ਦਿਨਾਂ ਦੌਰਾਨ ਲੋਕਾਂ ਦੀ ਸੇਵਾ ਕਰਨਾ, ਉਥੇ ਚਾਹੇ ਵਿਰੋਧੀ ਪਾਰਟੀ ਹੈ, ਚਾਹੇ ਸਾਡੀ ਪਾਰਟੀ ਹੈ। ਸਾਡੀ ਸਰਕਾਰ ਵਿੱਚ ਅਸੀਂ ਸਾਰੇ ਹੀ ਰਲ-ਮਿਲ ਕੇ ਬਹੁਤ ਸੇਵਾ ਕਰਦੇ ਰਹੇ। ਸੋ, ਬਹੁਤਿਆਂ ਦੇ ਦਿਮਾਗ ਵਿੱਚ ਇਹ ਗੱਲ ਆ ਗਈ, ਜਿਵੇਂ ਮੇਰਾ ਭਰਾ ਮਨਵਿੰਦਰ ਸਿੰਘ ਗਿਆਸਪੁਰਾ ਵੀ ਕਹਿ ਰਿਹਾ ਸੀ ਕਿ ਵਿਰੋਧੀਆਂ ਨੇ ਰੋਟੀਆਂ ਹੀ ਸੇਕਣੀਆਂ ਹਨ। ਉਹ ਕੋਸ਼ਿਸ਼ ਕਰ ਰਹੇ ਸੀ ਕਿ ਸ਼ਾਇਦ ਇਸ ਤਰੀਕੇ ਨਾਲ ਰੋਟੀਆਂ ਸੇਕ ਕੇ ਸਾਡੀਆਂ ਵੋਟਾਂ ਬਣ ਜਾਣਗੀਆਂ ਪਰ ਜਿਹੜੇ ਹਾਲਾਤ ਚੱਲ ਰਹੇ ਸੀ, ਉਨ੍ਹਾਂ ਦਿਨਾਂ ਵਿੱਚ ਇਹੋ ਜਿਹੀ ਘਟੀਆ ਰਾਜਨੀਤੀ ਨਹੀਂ ਕਰਨੀ ਚਾਹੀਦੀ ਸੀ। ਸਾਨੂੰ ਹਮੇਸ਼ਾ ਆਪਣੇ ਗੁਰੂਆਂ-ਪੀਰਾਂ ਤੋਂ, ਆਪਣੇ ਬਜ਼ੁਰਗਾਂ ਤੋਂ ਇਹ ਵਿਰਾਸਤ ਮਿਲੀ ਹੈ ਕਿ ਜੇਕਰ ਪੰਜਾਬ ਵਿੱਚ ਕੋਈ ਦੁੱਖ ਆਵੇ ਤਾਂ ਸਭ ਤੋਂ ਅੱਗੇ ਹੋ ਕੇ ਉਸ ਦਾ ਦੁੱਖ ਵੰਡਾਉ। ਇਸ ਦੁੱਖ ਦੀ ਘੜੀ ਵਿੱਚ ਸਾਡੇ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਸਾਡੀ ਡਿਊਟੀ ਲਗਾਈ ਕਿ ਤੁਸੀਂ ਇਕੱਲੇ ਇਕੱਲੇ ਭੈਣ-ਭਰਾਵਾਂ ਅਤੇ ਉਨ੍ਹਾਂ ਦੇ ਬੱਚਿਆਂ ਦੀਆਂ ਜਾਨਾਂ ਬਚਾਉ। ਸੋ, ਸਾਡੀ ਪੂਰੀ ਆਮ ਆਦਮੀ ਪਾਰਟੀ ਦਾ ਹਰ ਵਰਕਰ, ਸਰਕਾਰ ਦਾ ਹਰ ਲੀਡਰ, ਪ੍ਰਸ਼ਾਸਨ ਨੂੰ ਨਾਲ ਲੈ ਕੇ ਉੱਥੇ ਲੱਗੇ ਰਹੇ। ਇਕੱਲੇ ਇਕੱਲੇ ਘਰ ਜਾ ਕੇ, ਕਿਸ਼ਤੀ ਵਿੱਚ ਜਾ ਕੇ ਮਦਦ ਕੀਤੀ। ਸਪੀਕਰ ਸਾਹਿਬ, ਜਦੋਂ ਮਾਵਾਂ-ਭੈਣਾਂ ਦੇ ਹਾਲਾਤ ਵੇਖੇ ਤਾਂ ਉੱਥੇ ਰੋਣਾ ਆਉਂਦਾ ਸੀ, ਕਿਵੇਂ ਮਾਵਾਂ ਗਲ਼ ਲੱਗ ਕੇ ਰੋਂਦੀਆਂ ਸਨ। ਸਾਡੀਆਂ ਭੈਣਾਂ ਅਤੇ ਸਾਡੀਆਂ ਬੱਚੀਆਂ ਰੋਂਦੀਆਂ ਸੀ। ਮੁੱਖ ਮੰਤਰੀ ਸਾਹਿਬ ਜੀ ਨੇ ਜਿਵੇਂ ਕੱਲ੍ਹ ਦੱਸਿਆ ਸੀ ਕਿ ਕਿਤਾਬਾਂ ਰੁੜ੍ਹ ਗਈਆਂ। ਮੈਨੂੰ ਵੀ ਬਹੁਤ ਸਾਰੀਆਂ ਬੱਚੀਆਂ ਮਿਲੀਆਂ, ਜਿਹੜੀਆਂ ਕਹਿੰਦੀਆਂ ਸੀ ਕਿ ਸਾਡੀਆਂ ਕਿਤਾਬਾਂ ਰੁੜ੍ਹ ਗਈਆਂ ਹਨ, ਅਸੀਂ ਕਿਵੇਂ ਪੜ੍ਹਾਂਗੀਆਂ? ਅਸੀਂ ਕਿਵੇਂ ਸਕੂਲ ਜਾਵਾਂਗੇ? ਅਸੀਂ ਤਾਂ 13-14 ਹਜ਼ਾਰ ਕਰੋੜ ਰੁਪਏ ਦਾ ਆਈਡੀਆ ਲਗਾਈ ਬੈਠੇ ਹਾਂ ਕਿ ਸਾਡਾ ਇੰਨਾ ਨੁਕਸਾਨ ਹੋ ਗਿਆ ਪਰ ਵਾਕਿਆ ਹੀ ਜਿਵੇਂ ਕੱਲ੍ਹ ਮੁੱਖ ਮੰਤਰੀ ਸਾਹਿਬ ਜੀ ਨੇ ਵੀ ਦੱਸਿਆ ਹੈ ਕਿ ਬਹੁਤ ਸਾਰੇ ਲੋਕਾਂ ਦੇ ਸੁਪਨੇ ਰੁੜ੍ਹ ਗਏ, ਬੱਚਿਆਂ ਦੇ ਸੁਪਨੇ ਰੁੜ੍ਹ ਗਏ। ਸੋ, ਅਸੀਂ ਉਨ੍ਹਾਂ ਸੁਪਨਿਆਂ ਵਾਸਤੇ, ਉਸ ਹੋਏ ਨੁਕਸਾਨ ਵਾਸਤੇ, ਪੰਜਾਬ ਦੇ 2581 ਪਿੰਡਾਂ ਦੇ ਭੈਣ-ਭਰਾਵਾਂ ਨਾਲ, ਬਜ਼ੁਰਗਾਂ ਨਾਲ ਵਾਅਦਾ ਕਰਦੇ ਹਾਂ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪਹਿਲੇ ਦਿਨ ਤੋਂ ਹੀ ਸੇਵਾ ਭਾਵਨਾ ਨਾਲ, ਨਿਮਰਤਾ ਨਾਲ ਸੇਵਾ ਨਿਭਾ ਰਹੀ ਹੈ ਅਤੇ ਅਸੀਂ ਸੇਵਾ ਨਿਭਾਵਾਂਗੇ।

**ਮਾਣਯੋਗ ਸਪੀਕਰ :** ਧੰਨਵਾਦ ਜੀ।

**ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ :** ਸਪੀਕਰ ਸਾਹਿਬ, ਪੰਜ ਮਿੰਟ ਹੋਰ ਦੇ ਦਿਉ ਜੀ।

**ਮਾਣਯੋਗ ਸਪੀਕਰ :** ਮੰਤਰੀ ਜੀ, ਤੁਸੀਂ ਬਹੁਤ ਹੀ ਸਤਿਕਾਰਯੋਗ ਹੋ। ਤੁਸੀਂ ਕੰਮ ਵੀ ਬਹੁਤ ਕੀਤਾ ਹੈ ਲੇਕਿਨ ਆਪਣੇ ਹੋਰ ਸਾਥੀ ਰਹਿ ਜਾਣੇ ਹਨ।

**ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ :** ਸਰ, ਤਿੰਨ ਮਿੰਟ ਦੇ ਦਿਉ।

**ਮਾਣਯੋਗ ਸਪੀਕਰ :** ਠੀਕ ਹੈ ਜੀ।

**ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ:** ਮੈਂ ਵਾਅਦਾ ਕਰਦਾ ਹਾਂ ਕਿ ਸਾਡੀ ਸਰਕਾਰ ਇਸੇ ਤਰ੍ਹਾਂ ਨਿਮਾਣੀ ਬਣ ਕੇ, ਸੇਵਾਦਾਰ ਬਣ ਕੇ, ਜਿਸ ਤਰ੍ਹਾਂ ਸੇਵਾ ਨਿਭਾ ਰਹੀ ਹੈ, ਅਸੀਂ ਅੱਗੇ ਵੀ ਸੇਵਾ ਨਿਭਾਵਾਂਗੇ। ਹਰ ਘਰ ਵਿੱਚ ਖਾਣਾ ਵੀ ਬਣੇਗਾ, ਹਰ ਢੱਠੇ ਘਰ ਦੀ ਛੱਤ ਵੀ ਬਣੇਗੀ। ਲੋਕਾਂ ਨੂੰ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਤੇ ਮਾਣ ਹੈ, ਵਿਸ਼ਵਾਸ ਹੈ ਅਤੇ ਇਹ ਸਾਰੇ ਕੰਮ ਅਸੀਂ ਕਰਾਂਗੇ। ਸਪੀਕਰ ਸਾਹਿਬ, ਮੈਂ ਇੱਕ ਗੱਲ ਦੱਸਣੀ ਚਾਹਾਂਗਾ ਜਿਸ ਦਾ ਸਾਨੂੰ ਬੜਾ ਦੁੱਖ ਲੱਗਾ। ਸਾਨੂੰ ਪਤਾ ਲੱਗਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਆ ਰਹੇ ਹਨ। ਅਸੀਂ ਲੋਕਾਂ ਦਾ ਦੁੱਖ ਲੈ ਕੇ, ਕਿਸਾਨ ਭਰਾਵਾਂ ਦਾ, ਪੰਜਾਬ ਦੇ ਲੋਕਾਂ ਦਾ ਦੁੱਖ ਲੈ ਕੇ ਪਹੁੰਚੇ। ਉਸ ਟਾਈਮ ਪਹਿਲਾਂ ਤਾਂ ਬੜੀ ਖੁਸ਼ੀ ਹੋਈ ਕਿ ਪ੍ਰਧਾਨ ਮੰਤਰੀ ਜੀ ਕੁਝ ਨਾ ਕੁਝ ਪੰਜਾਬ ਲਈ ਅਤੇ ਪੰਜਾਬੀਆਂ ਲਈ ਦੇ ਕੇ ਜਾਣਗੇ। ਮੈਂ ਸ਼ਾਰਟ ਕੱਟ ਵਿੱਚ ਦੱਸ ਰਿਹਾ ਹਾਂ ਕਿ ਜਦੋਂ ਉਨ੍ਹਾਂ ਨੇ 1600 ਕਰੋੜ ਰੁਪਏ ਦਾ ਐਲਾਨ ਕੀਤਾ ਤਾਂ ਮੈਂ ਬੇਨਤੀ ਲਈ ਖੜ੍ਹਾ ਹੋਇਆ। ਪਹਿਲਾਂ ਤਾਂ ਮੈਨੂੰ ਪ੍ਰੋਟੋਕੋਲ ਦੇ ਗਲਤ ਗਲਤ ਇਸ਼ਾਰੇ ਆ ਰਹੇ ਸੀ ਕਿ ਨਹੀਂ ਜੀ, ਤੁਸੀਂ ਬੋਲ ਨਹੀਂ ਸਕਦੇ ਪਰ ਪੰਜਾਬੀਆਂ ਲਈ ਬੋਲਣਾ, ਇਸ ਮੁਸੀਬਤ ਦੀ ਘੜੀ ਵਿੱਚ ਬੋਲਣਾ ਮੈਂ ਆਪਣਾ ਹੱਕ ਸਮਝਿਆ ਅਤੇ ਮੈਂ ਖੜ੍ਹਾ ਹੋ ਕੇ ਬੋਲਿਆ। ਸੋ, ਉਸ ਬਾਰੇ ਸਾਰੇ ਜਾਣਦੇ ਹੀ ਹਨ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਜਵਾਬ ਦਿੱਤਾ। ਹੰਕਾਰ ਭਰੇ ਲਹਿਜ਼ੇ ਵਿੱਚ, ਮਜ਼ਾਕ ਭਰੇ ਲਹਿਜ਼ੇ ਵਿੱਚ ਕਿਹਾ ਕਿ ਹਿੰਦੀ ਨਹੀਂ ਆਉਂਦੀ? ਬੜਾ ਦੁੱਖ ਲੱਗਾ, ਜੇ ਅਸੀਂ ਪ੍ਰਧਾਨ ਮੰਤਰੀ ਅੱਗੇ ਪੰਜਾਬੀਆਂ ਲਈ ਆਪਣੀ ਮੰਗ ਨਹੀਂ ਰੱਖ ਸਕਦੇ ਤਾਂ ਫਿਰ ਉਹ ਪੰਜਾਬ ਕਿਉਂ ਆਏ?

**ਮਾਣਯੋਗ ਸਪੀਕਰ:** ਠੀਕ ਹੈ।

**ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ:** ਸਪੀਕਰ ਸਾਹਿਬ, ਉਸ ਤੋਂ ਬਾਅਦ ਹੋਰ ਬੜਾ ਦੁੱਖ ਲੱਗਾ। ਸਾਢੇ 3 ਸਾਲ-ਪੌਣੇ 4 ਸਾਲ ਹੋ ਗਏ ਹਨ, ਜਦੋਂ ਵੀ ਸੈਸ਼ਨ ਲੱਗਦਾ ਹੈ, ਅਸੀਂ ਇਸ ਪਵਿੱਤਰ ਸਦਨ ਵਿੱਚ ਬੈਠ ਰਹੇ ਹਾਂ ਅਤੇ ਪੂਰੇ ਪੰਜਾਬ ਦੀ ਸੇਵਾ ਨਿਭਾਅ ਰਹੇ ਹਾਂ। ਜਿਹੜੇ ਇਸ ਪਵਿੱਤਰ ਸਦਨ ਵਿੱਚੋਂ ਹੋ ਕੇ ਚਲੇ ਗਏ, ਵਿਰੋਧੀ ਧਿਰ ਦੇ ਪ੍ਰਧਾਨ ਜੀ, ਉਹ ਕਹਿ ਰਹੇ ਹਨ ਕਿ ਮੈਂ ਮੁੰਡੀਆਂ ਨੂੰ ਨਹੀਂ ਜਾਣਦਾ। ਬੀ.ਜੇ.ਪੀ. ਦੇ ਪ੍ਰਧਾਨ ਸੁਨੀਲ ਜਾਖੜ ਜੀ ਕਹਿ ਰਹੇ ਸੀ ਕਿ ਮੈਂ ਮੁੰਡੀਆਂ ਨੂੰ ਨਹੀਂ ਜਾਣਦਾ। ਮੈਂ ਜਦੋਂ ਸੁਲਤਾਨਪੁਰ ਲੋਧੀ ਸੇਵਾ ਕਰ ਰਿਹਾ ਸੀ, ਉੱਥੇ ਸਾਡੇ ਐਲ.ਓ.ਪੀ. ਸਾਹਿਬ ਚਾਹੇ ਗੁੱਸਾ ਕਰਨ, ਇਹ ਵੀ ਉੱਥੇ ਆਏ, ਉੱਥੇ ਪੱਤਰਕਾਰ ਵੀਰਾਂ ਨੇ ਕਿਹਾ ਕਿ ਮਨਿਸਟਰ ਸਾਹਿਬ ਅੰਦਰ ਰਾਸ਼ਨ ਪਹੁੰਚਾ ਰਹੇ ਹਨ, ਕਹਿੰਦੇ, ਇਨ੍ਹਾਂ ਨੂੰ ਕੌਣ ਪੁੱਛਦਾ ਹੈ। ਐਲ.ਓ.ਪੀ. ਸਾਹਿਬ, ਸਾਨੂੰ ਲੋਕ ਪੁੱਛਣਗੇ।

**ਮਾਣਯੋਗ ਸਪੀਕਰ:** ਚੇਅਰ ਨੂੰ ਐਡਰੈੱਸ ਕਰੋ।

**ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ:** ਸਪੀਕਰ ਸਾਹਿਬ, ਬੇਨਤੀ ਹੈ ਅਸੀਂ ਸੇਵਾਦਾਰ ਬਣ ਕੇ ਸੇਵਾ ਨਿਭਾਅ ਰਹੇ ਹਾਂ। ਜੇ ਬੀ.ਜੇ.ਪੀ., ਕਾਂਗਰਸ ਦੇ ਮਾਣਯੋਗ ਮੈਂਬਰ ਸਾਹਿਬਾਨਾਂ ਨੂੰ ਉਨ੍ਹਾਂ ਦੇ ਆਗੂਆਂ ਨੂੰ ਸਾਡੀ ਪਹਿਚਾਣ ਨਹੀਂ ਆਈ ਤਾਂ ਫਿਰ ਇਨ੍ਹਾਂ ਨੂੰ ਸਿਆਸਤ ਛੱਡ ਦੇਣੀ ਚਾਹੀਦੀ ਹੈ। ਇਹ ਲੋਕਾਂ ਦੀ ਸੇਵਾ ਕੀ ਕਰਨਗੇ? ਸੋ, ਮੈਂ ਇੰਨਾ ਕਹਿੰਦਾ ਹੋਇਆ ਫਿਰ ਤੁਹਾਡੇ ਜ਼ਰੀਏ ਪੰਜਾਬ ਦੇ ਆਫਤਾਂ ਮਾਰੇ ਭੈਣ-ਭਰਾਵਾਂ ਨਾਲ, ਬਜ਼ੁਰਗਾਂ ਨਾਲ ਵਾਅਦਾ ਕਰਦਾ ਹਾਂ ਕਿ ਸਾਡੇ ਵੱਲੋਂ ਪੂਰੀ ਪਲਾਨਿੰਗ ਹੈ, ਸਾਰੀਆਂ ਫਸਲਾਂ ਦੇ ਨੁਕਸਾਨ ਦੇ ਮੁਆਵਜ਼ੇ ਵੀ ਮਿਲਣਗੇ, ਫਸਲਾਂ ਦੇ ਖਰਾਬੇ ਵੀ ਮਿਲਣਗੇ। ਜਿਹੜੀ ਵੀ ਚੀਜ਼ ਦਾ ਨੁਕਸਾਨ ਹੋਇਆ ਹੈ, ਉਸ ਦਾ ਮੁਆਵਜ਼ਾ ਮਿਲੇਗਾ। ਸੋ, ਜਿਵੇਂ ਇਹ ਲੋਕ ਕਹਿੰਦੇ ਹਨ ਕਿ ਇਨ੍ਹਾਂ ਨੇ ਪਸ਼ੂਆਂ ਦੇ ਪੈਸੇ ਨਹੀਂ ਦੇਣੇ, ਇਨ੍ਹਾਂ ਨੇ ਭੇਡ-ਬੱਕਰੀਆਂ ਦੇ ਪੈਸੇ ਨਹੀਂ ਦੇਣੇ, ਮੈਂ ਬੇਨਤੀ ਕਰਦਾ ਹਾਂ ਕਿ ਇਹ ਭੇਡ-ਬੱਕਰੀਆਂ ਦੀ ਲਿਸਟ ਬਣਾ ਕੇ ਦੇਣ, 4000 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਉਨ੍ਹਾਂ ਨੂੰ ਪੈਸੇ ਮਿਲਣਗੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**Mr. Speaker :** Thank you.

**ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ :** ਇਹ ਕਹਿੰਦੇ ਹਨ ਕਿ ਮੁਰਗੀਆਂ ਦੇ ਪੈਸੇ ਨਹੀਂ ਦੇਣੇ। ਸਪੀਕਰ ਸਾਹਿਬ, 100 ਰੁਪਏ ਪ੍ਰਤੀ ਮੁਰਗੀ ਦੇ ਪੈਸੇ ਵੀ ਦੇਵਾਂਗੇ ਪਰ ਜੇ ਇਨ੍ਹਾਂ ਦੀਆਂ ਮਰੀਆਂ ਹਨ, ਉਹ ਪਹਿਲਾਂ ਲਿਸਟ ਬਣਾ ਕੇ ਦੇ ਦੇਣ। ਅਸੀਂ ਉਨ੍ਹਾਂ ਨੂੰ ਵੀ ਦੇਵਾਂਗੇ। ਬਹੁਤ ਬਹੁਤ ਧੰਨਵਾਦ ਜੀ।

**Mr. Speaker:** Thank you. ਸਮਾਂ ਬਹੁਤ ਥੋੜ੍ਹਾ ਹੈ। ਇਹ ਗੱਲ ਤੁਸੀਂ ਪਹਿਲਾਂ ਕਹਿੰਦੇ ਤਾਂ ਬੜਾ ਚੰਗਾ ਸੀ। ਪਹਿਲਾਂ ਮਿਹਣੋ-ਮਿਹਣੀ ਹੋਈ ਗਏ। ਮੰਤਰੀ ਜੀ, ਆਪਾਂ ਭਲੇ ਦੀ ਗੱਲ ਕਰਨੀ ਹੈ। ਦੱਬੀ ਚੱਲੋ, ਭਲਾ ਕਰੀ ਚੱਲੋ। Thank you. ਸ਼੍ਰੀਮਾਨ ਲਾਲ ਚੰਦ ਕਟਾਰੂਚੱਕ ਜੀ। ਕਟਾਰੂਚੱਕ ਜੀ, ਮੈਨੂੰ ਪਤਾ ਹੈ ਕਿ ਤੁਸੀਂ ਪੰਜਾਂ ਮਿੰਟਾਂ ਵਿੱਚ ਗਾਗਰ ਵਿੱਚ ਸਾਗਰ ਭਰ ਦੇਵੋਗੇ।

**ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ (ਸ੍ਰੀ ਲਾਲ ਚੰਦ):** ਹਾਂ ਜੀ, ਬਿਲਕੁਲ ਜੀ।

**(ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਇੱਕ ਅਵਾਜ਼**: ਮਤਲਬ 5 ਮਿੰਟ ਹੀ ਦੇਣੇ ਹਨ।)

**ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ:** ਸਮਝ ਗਿਆ ਹਾਂ ਜੀ।

**ਮਾਣਯੋਗ ਸਪੀਕਰ:** ਹਾਂ ਜੀ।

**ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ:** ਸ਼ੁਕਰੀਆ, ਸਪੀਕਰ ਸਾਹਿਬ, ਤੁਸੀਂ ਮੈਨੂੰ ਇਸ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਇਸ ਬਹਿਸ ਵਿੱਚ ਬਹੁਤ ਰੋਸ਼ਨ ਗੱਲਾਂ ਆਈਆਂ ਹਨ। ਐਸੀਆਂ ਗੱਲਾਂ ਵੀ ਆਈਆਂ, ਜਿਹੜੀਆਂ ਇੱਥੇ ਕਰਨਯੋਗ ਨਹੀਂ ਸਨ ਤਾਂ ਮੈਨੂੰ ਇਸ ਸੰਦਰਭ ਵਿੱਚ ਸੰਤ ਰਾਮ ਉਦਾਸੀ ਜੀ ਦਾ ਲਿਖਿਆ ਹੋਇਆ ਗੀਤ ਚੇਤੇ ਆ ਰਿਹਾ ਹੈ -

ਗਲ ਲੱਗ ਕੇ ਸੀਰੀ ਦੇ ਜੱਟ ਰੋਵੇ, ਬੋਹਲਾਂ ਵਿੱਚੋਂ ਨੀਰ ਵਗਿਆ,

ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ, ਤੂੜੀ ਵਿੱਚੋਂ ਪੁੱਤ 'ਜੱਗਿਆ'।

ਅੱਜ ਪੰਜਾਬ ਦੇ ਉਹ ਖੇਤ, ਜਿਨ੍ਹਾਂ ਵਿੱਚੋਂ ਹੁਣ ਤੱਕ ਜੀਰੀ ਕੱਟ ਕੇ ਮੰਡੀਆਂ ਵਿੱਚ ਪਹੁੰਚਣੀ ਸੀ, ਉੱਥੇ ਪਾਣੀ ਹੈ, ਉੱਥੇ ਰੇਤ ਹੈ। ਸੋ, ਇਸ ਅਵਸਥਾ ਵਿੱਚ ਅਸੀਂ ਇਸ ਸਦਨ ਵਿੱਚ ਜੁੜੇ ਹਾਂ। ਉਹ ਜ਼ਖਮ, ਉਹ ਪੀੜਾਂ, ਹੜ੍ਹਾਂ ਦੇ ਰੂਪ ਵਿੱਚ ਕੁਦਰਤ ਨੇ ਪੰਜਾਬ ਦੇ ਲੋਕਾਂ ਦੇ ਪਿੰਡੇ ਤੇ ਸੁੱਟੀਆਂ ਹਨ, ਉਨ੍ਹਾਂ ਪੀੜਾਂ ਨੂੰ ਕੰਸੋਲੀਡੇਟ ਕਰਨ ਲਈ ਅਤੇ ਭਵਿੱਖ ਵਿੱਚ ਉਸ ਦੇ ਬਚਾਅ ਲਈ ਕੁਝ ਲਾਈਨ ਬਣੇ ਅਤੇ ਕੁਝ ਸਾਂਝੀ ਸਮਝਦਾਰੀ ਬਣ ਜਾਵੇ, ਇਸ ਉੱਤੇ ਸਾਰਥਿਕ ਚਰਚਾ ਕਰਨ ਲਈ ਅਸੀਂ ਇੱਥੇ ਜੁੜੇ ਹਾਂ। ਮੇਰਾ ਵੀ ਇੱਕ ਨਾਗਰਿਕ ਹੋਣ ਦੇ ਨਾਤੇ ਦੇਸ਼ ਦੇ ਪ੍ਰਧਾਨ ਮੰਤਰੀ ਜੀ ਉੱਤੇ ਗਿਲਾ ਹੈ। ਮੈਂ ਅਫਗਾਨਿਸਤਾਨ ਨੂੰ ਰਸਦ ਦੇਣ ਦਾ ਵਿਰੋਧੀ ਨਹੀਂ ਕਿਉਂਕਿ ਮੈਂ ਬਾਬੇ ਨਾਨਕ ਜੀ ਦੀ ਧਰਤੀ ਦਾ ਵਸਨੀਕ ਹਾਂ ਜਿੱਥੇ ਸਮੁੱਚੀ ਮਾਨਵਤਾ ਦੇ ਭਲੇ ਲਈ ਸਵੇਰੇ-ਸ਼ਾਮ ਅਸੀਂ ਅਰਦਾਸ ਕਰਦੇ ਹਾਂ ਪਰ ਪੰਜਾਬ ਨੂੰ ਵਿਸਾਰ ਕੇ, ਪੰਜਾਬ ਨੂੰ ਦਰ-ਕਿਨਾਰ ਕਰਕੇ ਜੇ ਤੁਸੀਂ ਅਫਗਾਨਿਸਤਾਨ ਵਿੱਚ ਹੀ ਜਾਣਾ ਸੀ ਤਾਂ ਸਪੀਕਰ ਸਾਹਿਬ, ਮੈਂ ਉਨ੍ਹਾਂ ਨੂੰ ਅਰਜ਼ ਕਰਦਾ ਹਾਂ ਕਿ ਕੀ ਉਨ੍ਹਾਂ ਦੀ ਆਤਮਾ ਤੇ ਜ਼ਰਾ ਭਰ ਵੀ ਅਸਰ ਨਹੀਂ ਹੈ ਕਿ ਜੇ ਤੁਸੀਂ ਅਫਗਾਨਿਸਤਾਨ ਗਏ ਹੋ ਤਾਂ ਉਥੇ ਸੋਮਨਾਥ ਮੰਦਰ, ਜਿਸ ਦੀ ਆਤਮਾ ਲੁੱਟੀ ਗਈ ਸੀ, ਉਸ ਦੀ ਗੱਲ ਵੀ ਨਾਲ ਕਰਕੇ ਆਉਂਦੇ। ਉਹ ਮਹਿਮੂਦ ਗਜ਼ਨਵੀ, ਜਿਹੜੇ ਇੱਥੋਂ ਸਾਡੀਆਂ ਅਰਬਾਂ-ਖਰਬਾਂ ਦੌਲਤਾਂ ਲੁੱਟ ਕੇ ਲੈ ਗਏ ਸਨ, ਕੀ ਉਸ ਗੱਲ ਦਾ ਜ਼ਰਾ ਭਰ ਉਨ੍ਹਾਂ ਦੇ ਮਨ ਉੱਤੇ ਅਸਰ ਨਹੀਂ ਹੈ?

ਸਪੀਕਰ ਸਾਹਿਬ, ਮੈਂ ਪੰਜਾਬ ਵਿੱਚ ਆਏ ਹੜ੍ਹਾਂ ਦੀ ਗੱਲ ਕਰਨ ਲੱਗਿਆ ਹਾਂ, ਜਿੱਥੇ ਤਬਾਹੀ ਦੇ ਮੰਜ਼ਰ ਦਿਖੇ, ਜਿੱਥੇ ਬਰਬਾਦੀ ਦੀਆਂ ਸੱਲਾਂ ਦੇਖੀਆਂ। ਪੰਜਾਬ ਵਿੱਚ ਵਾਪਰੀਆਂ ਦੋ ਰੋਸ਼ਨ ਗੱਲਾਂ ਦਾ ਮੈਂ ਜ਼ਿਕਰ ਵੀ ਕਰਨਾ ਚਾਹੁੰਦਾ ਹਾਂ। ਜਦੋਂ ਸਾਲ 1988 ਵਿੱਚ ਹੜ੍ਹ ਆਏ ਸੀ ਤਾਂ ਉਦੋਂ ਮੈਂ 20 ਸਾਲ ਦਾ ਸੀ। ਅਸੀਂ ਉਦੋਂ ਪਾਣੀ ਦੇ ਆਰ-ਪਾਰ ਗਏ, ਜਿੰਨੀ ਕੁ ਉਸ ਵੇਲੇ ਸਮਝ ਸੀ ਜਾਂ ਕੰਮ ਕਰਨ ਦੀ ਸਮਰੱਥਾ ਸੀ, ਥੋੜ੍ਹਾ ਬਹੁਤਾ ਕੰਮ ਕੀਤਾ ਹੋਵੇਗਾ ਪਰ ਅਸੀਂ ਹੜ੍ਹ ਵੇਖੇ। ਅਸੀਂ ਹੁਣ ਦੇ ਵੀ ਹੜ੍ਹ ਦੇਖ ਲਏ ਹਨ। ਦੋ ਗੱਲਾਂ ਬਹੁਤ ਰੋਸ਼ਨ ਵਾਪਰੀਆਂ ਹਨ। ਇੱਕ ਤਾਂ ਜਿਹੜੀ ਪੰਜਾਬ ਵਿੱਚ ਸਰਕਾਰੀ ਮਸ਼ੀਨਰੀ ਹੈ, ਚਾਹੇ ਉਹ ਵੱਡਾ ਅਫਸਰ ਹੈ ਜਾਂ ਛੋਟਾ, ਚਾਹੇ ਸਕੱਤਰ ਹੈ ਜਾਂ ਪਟਵਾਰੀ, ਮੈਨੂੰ ਮੁਕਾਬਲਤਨ ਸਾਰੇ ਹੀ ਜ਼ਮੀਨ ਤੇ ਨਜ਼ਰ ਆਏ, ਜਿਨ੍ਹਾਂ ਨੇ ਪੰਜਾਬ ਅੰਦਰ ਵਧੀਆ ਕੰਮ ਕੀਤਾ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਦੂਸਰੀ ਗੱਲ, ਜਿਹੜੀ ਮੇਰੇ ਹਲਕੇ ਵਿੱਚ ਟੀਮ ਆਈ ਸੀ, ਉਸ ਵਿੱਚ ਤਕਰੀਬਨ 20-25 ਮੁੰਡੇ ਮੁਸਲਮਾਨ ਪਰਿਵਾਰਾਂ ਨਾਲ ਸਬੰਧਿਤ ਸਨ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਕਿੱਥੋਂ ਆਏ ਹੋ? ਉਹ ਕਹਿੰਦੇ ਕਿ ਅਸੀਂ ਸਹਾਰਨਪੁਰ ਤੋਂ ਆਏ ਹਾਂ ਅਤੇ ਸਾਨੂੰ ਸਹਾਰਨਪੁਰ ਤੋਂ ਇੱਥੇ ਟਰਾਲੀ ਰਾਹੀਂ ਪਹੁੰਚਣ ਤੇ 24 ਘੰਟੇ ਲੱਗੇ ਹਨ। ਉਹ ਇੱਥੇ ਰਸਦ ਲੈ ਕੇ ਆਏ। ਮੇਰੇ ਕਹਿਣ ਦਾ ਭਾਵ ਕਿ ਮੈਂ ਇਕ ਵਾਰ ਫਿਰ ਦੁਬਾਰਾ ਬਾਬਾ ਨਾਨਕ ਅਤੇ ਭਾਈ ਮਰਦਾਨੇ ਜੀ ਦੀ ਦੋਸਤੀ ਦਾ ਮੁਜੱਸਮਾ ਦੇਖਿਆ। ਇਹ ਰੋਸ਼ਨ ਗੱਲਾਂ ਹਨ ਜਿਹੜੀਆਂ ਲੋਕਾਂ ਦੇ ਭਾਈਚਾਰੇ ਨੂੰ, ਲੋਕਾਂ ਦੀ ਏਕਤਾ ਨੂੰ ਦਰਸਾਉਂਦੀਆਂ ਹਨ। ਵਿਰੋਧੀ ਧਿਰ ਦੇ ਨੇਤਾ ਹੁਣ ਇੱਥੇ ਬੈਠੇ ਨਹੀਂ ਹਨ। ਸੋ, ਅੱਜ ਅਸੀਂ ਚਰਚਾ ਕਰ ਰਹੇ ਹਾਂ ਅਤੇ ਮੇਰਾ ਗਿਲਾ ਹੈ ਕਿ ਇੱਕ ਜ਼ਖਮ ਸਾਨੂੰ ਰਾਵੀ ਦਿੰਦੀ ਹੈ, ਜਲਾਲੀਆ ਦਿੰਦਾ ਹੈ, ਉਝ ਦਰਿਆ ਦਿੰਦਾ ਹੈ ਅਤੇ ਇੱਕ ਜ਼ਖਮ ਸਾਨੂੰ ਇਸ ਹਾਲ ਵਿੱਚ ਬੈਠੇ ਮੈਂਬਰ ਦਿੰਦੇ ਹਨ, ਸੁਣਨੇ ਪੈਂਦੇ ਹਨ। ਇਹ ਬਰਦਾਸ਼ਤ ਕਰਨਯੋਗ ਨਹੀਂ ਹਨ। ਮੈਂ ਇੱਥੇ ਕ੍ਰਿਸ਼ਨ ਕੁਮਾਰ ਦੇ ਕੰਮ ਤੇ, ਸ਼ੇਰ ਸਿੰਘ ਦੇ ਕੰਮ ਤੇ ਕਿੰਤੂ-ਪ੍ਰੰਤੂ ਕਰਨ ਲਈ ਨਹੀਂ ਖੜ੍ਹਾ ਹੋਇਆ ਹਾਂ। ਮੇਰਾ ਇਤਰਾਜ਼ ਇਹ ਹੈ ਕਿ ਕੀ ਸ਼ੇਰ ਸਿੰਘ ਦੀ ਮਾਂ ਨੂੰ ਆਪਣੇ ਪੁੱਤ ਦਾ ਨਾਂ ਸ਼ੇਰ ਸਿੰਘ ਰੱਖਣ ਦਾ ਅਧਿਕਾਰ ਨਹੀਂ? ਕੀ ਚਮਿਆਰਾ ਦੇ ਮੁੰਡੇ ਦਾ ਨਾਂ ਸ਼ੇਰ ਸਿੰਘ

ਨਹੀਂ ਹੋ ਸਕਦਾ? ਉਹ ਚੀਫ ਨਹੀਂ ਲੱਗ ਸਕਦੇ? ਇੱਥੇ ਵਿਰੋਧੀ ਧਿਰ ਦੇ ਨੇਤਾ ਵੱਲੋਂ ਮਜ਼ਾਕ ਉਡਾਇਆ ਗਿਆ। ਇਹ ਹਮੇਸ਼ਾ feudal ਮਾਨਸਿਕਤਾ, feudal attitude ਰੱਖਦੇ ਹਨ। ਇਨ੍ਹਾਂ ਦੇ ਘਰਾਂ ਵਿੱਚ ਗੁਰੂ ਸਾਹਿਬਾਨ ਦੀਆਂ ਫੋਟੋਆਂ ਲੱਗੀਆਂ ਹਨ ਅਤੇ ਇਹ ਬਾਹਰ ਆ ਕੇ ਆਪਣਾ ਰੁਖ ਚੇਂਜ ਕਰ ਲੈਂਦੇ ਹਨ। ਬੰਦੇ ਦਾ ਰੰਗ ਦੇਖ ਦੇ ਉਸ ਦੇ ਨਾਲ ਗੱਲਾਂ ਕਰਦੇ ਹੋ। ਇਹ ਗੱਲਾਂ ਬਰਦਾਸ਼ਤ ਕਰਨ ਦੇ ਯੋਗ ਨਹੀਂ। ਮੈਨੂੰ ਖੁਸ਼ੀ ਹੈ ਕਿ ਅੱਜ-ਕੱਲ੍ਹ ਇਨ੍ਹਾਂ ਦੇ ਨੈਸ਼ਨਲ ਲੀਡਰ ਸੰਵਿਧਾਨ ਦੀ ਕਾਪੀ ਫੜ੍ਹ ਕੇ ਦੇਸ਼ ਦੇ ਕੋਨੇ-ਕੋਨੇ ਤੇ ਫਿਰਦੇ ਹਨ। ਉਸ ਸੰਵਿਧਾਨ ਦੀ ਬਦੌਲਤ ਹੀ ਅਸੀਂ ਲਿੱਬੜੇ ਪੈਰਾਂ ਵਾਲੇ ਲੋਕ ਇਸ ਪਵਿੱਤਰ ਸਦਨ ਦੇ ਅੰਦਰ ਪਹੁੰਚੇ ਹਾਂ। ਸੋ, ਮੇਰੀ ਬੇਨਤੀ ਇਹ ਹੈ ਕਿ ਇੱਕ ਜ਼ਖਮ ਸਾਨੂੰ ਕੁਦਰਤ ਦਿੰਦੀ ਹੈ ਅਤੇ ਇੱਕ ਜ਼ਖਮ ਉਹ ਹੈ, ਜੋ ਸਾਨੂੰ ਇੱਥੇ ਮਿਲਦੇ ਹਨ। ਬੋਲਣ ਲੱਗੇ ਘੱਟੋ ਘੱਟ ਸ਼ਬਦਾਂ ਦੀ ਮਰਿਆਦਾ ਜ਼ਰੂਰ ਰੱਖੀ ਜਾਵੇ।

ਸਪੀਕਰ ਸਾਹਿਬ, ਸਮਾਂ ਬਹੁਤ ਘੱਟ ਹੈ, ਮੈਂ ਅੰਤ ਵਿੱਚ ਬੇਨਤੀ ਕਰਾਂਗਾ। ਮੇਰਾ ਇੱਕ ਸੁਝਾਅ ਹੈ ਕਿ ਭਵਿੱਖ ਵਿੱਚ ਵੀ ਹੜ੍ਹ ਆਉਣਗੇ, ਸਰਕਾਰਾਂ ਆਉਣਗੀਆਂ ਅਤੇ ਚਲੇ ਜਾਣਗੀਆਂ। ਅਸੀਂ ਸਾਰਿਆਂ ਨੇ ਹੜ੍ਹਾਂ ਦੌਰਾਨ ਕੰਮ ਕੀਤਾ ਹੈ, ਕਿਸੇ ਨੇ ਥੋੜ੍ਹਾ ਕੰਮ ਕੀਤਾ ਅਤੇ ਕਿਸੇ ਨੇ ਬਹੁਤਾ ਕੀਤਾ। ਅਜੇ ਪੰਜਾਬ ਵਿੱਚ ਕੋਈ ਭਗਤ ਪੂਰਨ ਸਿੰਘ ਨਹੀਂ ਬਣਿਆ। ਮੈਨੂੰ ਇੱਕ ਦਿਨ ਸਵੇਰੇ 6.00 ਵਜੇ ਕਾਰਗਿਲ ਵਿੱਚ ਤੈਨਾਤ ਫੌਜੀ ਦਾ ਫੋਨ ਆਇਆ ਕਿ ਉਸ ਦੀ ਪਤਨੀ, ਜਿਸ ਦਾ ਟਿਊਮਰ ਦਾ ਅਪਰੇਸ਼ਨ ਹੋਇਆ ਹੈ ਅਤੇ ਛੋਟਾ ਬੱਚਾ ਪਿੰਡ ਮਾਖਣਪੁਰ ਵਿੱਚ ਰਾਵੀ ਦਰਿਆ ਅਤੇ ਉਝ ਦਰਿਆ ਵਿੱਚ ਫਸੇ ਹਨ। ਲੋਕਾਂ ਨੇ ਬੜੇ rescue ਕੀਤੇ, ਬੜਾ ਕੁਝ ਹੋਇਆ ਤੇ ਉਨ੍ਹਾਂ ਨੂੰ ਉੱਥੋਂ ਕੱਢਿਆ। ਮੈਂ ਉਸ ਦੇ ਵਿਸਥਾਰ ਵਿੱਚ ਨਹੀਂ ਜਾਣਾ ਚਾਹੁੰਦਾ। ਇਸ ਸਮੇਂ ਦੌਰਾਨ ਪੰਜਾਬ ਵਿੱਚ ਸਭ ਨੇ ਕੰਮ ਕੀਤਾ ਹੈ ਲੇਕਿਨ ਮੈਂ ਇਹ ਬੇਨਤੀ ਜ਼ਰੂਰ ਕਰਨੀ ਚਾਹਾਂਗਾ ਕਿ ਜਿਹੜੇ ਬੰਨ੍ਹ ਟੁੱਟੇ ਹਨ ਜਾਂ ਬਰਬਾਦ ਹੋਏ ਹਨ, ਉਨ੍ਹਾਂ ਤੇ ਕੰਕਰੀਟ ਦੇ ਪੁਲ ਜ਼ਰੂਰ ਬਣਾਏ ਜਾਣ ਤਾਂ ਜੋ ਚਿਰ-ਸਥਾਈ ਬੰਨ੍ਹਾਂ ਦਾ ਮਸਲਾ ਹੱਲ ਹੋ ਸਕੇ। ਸੋ, ਅੰਤ ਵਿੱਚ ਮੈਂ ਇਹੀ ਕਹਾਂਗਾ ਕਿ ਸੇਵਾ ਸਭ ਨੇ ਕੀਤੀ ਹੈ-

ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥

ਜਿਨ੍ਹਾਂ ਨੇ ਚਿੱਤ ਲਗਾ ਕੇ ਸੇਵਾ ਕੀਤੀ ਹੈ, ਉਨ੍ਹਾਂ ਨੂੰ ਦੱਸਣ ਦੀ ਲੋੜ ਨਹੀਂ। ਪੰਜਾਬ ਡਿੱਗਿਆ ਹੋਏ, ਉੱਠੇਗਾ। ਪੰਜਾਬ ਨੂੰ ਫਿਰ ਤੋਂ ਪੈਰਾਂ ਸਿਰ ਖੜ੍ਹਾ ਕਰਨ ਲਈ ਅਸੀਂ ਆਪਣੀ ਜਿੰਦ-ਜਾਨ ਲਾਵਾਂਗੇ। ਸ਼ੁਕਰੀਆ, ਮਿਹਰਬਾਨੀ।

**ਮਾਣਯੋਗ ਸਪੀਕਰ** : ਧੰਨਵਾਦ। ਸਰਦਾਰ ਗੁਰਮੀਤ ਸਿੰਘ ਖੁੱਡੀਆਂ ਜੀ। ਖੁੱਡੀਆਂ ਸਾਹਿਬ, ਤੁਹਾਡੇ ਕੋਲ ਤਿੰਨ ਮਿੰਟ ਹਨ। ਮੱਲ੍ਹਮ ਹੀ ਲਗਾਇਉ, ਜ਼ਖ਼ਮਾਂ ਦੀ ਗੱਲ ਬਹੁਤ ਹੋ ਗਈ।

**ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ)** : ਮਾਣਯੋਗ ਸਪੀਕਰ ਸਾਹਿਬ, ਧੰਨਵਾਦ। ਤੁਸੀਂ ਮੈਨੂੰ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਤਾਂ ਸੋਚ ਲਿਆ ਸੀ ਕਿ ਸਪੀਚਾਂ ਦੇ ਹੜ੍ਹ ਵਿੱਚ ਮੈਂ ਵੀ ਅੱਜ ਸ਼ਾਇਦ ਹੜ੍ਹ ਗਿਆ ਹੋਵਾਂਗਾ। ਸਮਾਂ ਸ਼ਾਇਦ ਨਹੀਂ ਮਿਲੇਗਾ ਪਰ ਤੁਸੀਂ ਮੈਨੂੰ ਤਿੰਨ ਮਿੰਟ ਦਿੱਤੇ ਹਨ। ਤਿੰਨ ਮਿੰਟਾਂ ਵਿੱਚ ਕਿਸੇ ਵੇਲੇ ਐਚ.ਐਮ.ਵੀ. ਕੰਪਨੀ ਰਿਕਾਰਡ ਕਰਦੀ ਹੁੰਦੀ ਸੀ, ਉਦੋਂ ਮੈਂ ਛੋਟਾ ਜਿਹਾ ਹੁੰਦਾ ਸੀ।

**ਮਾਣਯੋਗ ਸਪੀਕਰ** : ਉਹ ਸਾਰੀ ਉਮਰ ਯਾਦ ਰਹਿੰਦਾ ਹੈ।

**ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ** : ਤੁਹਾਡਾ ਬਹੁਤ ਬਹੁਤ ਧੰਨਵਾਦ। ਅੱਜ ਆਪਾਂ ਸਾਰੇ ਇੱਥੇ ਇਕੱਠੇ ਹੋਏ ਹਾਂ। ਅਗਸਤ-ਸਤੰਬਰ ਮਹੀਨੇ ਵਿੱਚ ਲਗਾਤਾਰ ਬਾਰਸ਼ਾਂ ਹੁੰਦੀਆਂ ਰਹੀਆਂ ਹਨ, ਜਿਨ੍ਹਾਂ ਕਾਰਨ ਬਹੁਤ ਵੱਡਾ ਨੁਕਸਾਨ ਹੋਇਆ ਹੈ। ਦੇਸ਼ ਦੇ ਹੋਰ ਹਿੱਸਿਆਂ ਵਿੱਚ ਵੀ ਨੁਕਸਾਨ ਹੋਇਆ ਹੈ ਪਰ ਪੰਜਾਬ ਵਿੱਚ ਬਹੁਤ ਜ਼ਿਆਦਾ ਹੋਇਆ ਹੈ, ਇਸ ਵਾਸਤੇ ਆਪਾਂ ਕਿਸੇ ਨੂੰ ਬਲੇਮ ਨਹੀਂ ਕਰ ਸਕਦੇ। ਕੁਦਰਤ ਬਹੁਤ ਵੱਡੀ ਸ਼ਕਤੀ ਹੈ, ਇਹ ਸ਼ਾਇਦ ਕੁਦਰਤ ਨਾਲ ਛੇੜ-ਛਾੜ ਕਾਰਨ ਹੋਇਆ ਹੈ। ਹੋ ਸਕਦਾ ਹੈ ਕਿ ਉਸ ਨੇ ਸਾਡੇ ਤੇ ਗੁੱਸਾ ਝਾੜਿਆ ਹੋਵੇ। ਜਿੱਥੇ ਪਹਾੜਾਂ ਵਿੱਚ ਬੱਦਲ ਫਟਦੇ ਰਹੇ ਹਨ ਅਤੇ ਬਾਰਸ਼ ਹੋਈ ਹੈ, ਉਥੇ ਪੰਜਾਬ ਵਿੱਚ ਵੀ ਲਗਾਤਾਰ ਬਾਰਸ਼ ਹੁੰਦੀ ਰਹੀ। ਪਾਣੀ ਨੂੰ ਸੁੱਕਣ ਦਾ ਸਮਾਂ ਹੀ ਨਹੀਂ ਮਿਲਿਆ। ਰੋਜ਼ ਭਾਰੀ ਬਾਰਸ਼ ਹੁੰਦੀ ਸੀ, ਜਿਸ ਨਾਲ ਕਾਫੀ ਜ਼ਿਲ੍ਹੇ ਹੜ੍ਹਾਂ ਦੀ ਭੇਟ ਚੜ੍ਹ ਗਏ। ਇਸ ਨਾਲ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ, ਸਾਰਿਆਂ ਨੇ ਇਸ ਬਾਰੇ ਗੱਲ ਕੀਤੀ ਹੈ। ਮੈਂ ਇਸ ਨਾਲ ਸਿੱਧੇ ਰੂਪ ਵਿੱਚ ਜੁੜਿਆ ਹੋਇਆ ਹਾਂ ਕਿਉਂਕਿ ਮੈਂ ਖੇਤੀਬਾੜੀ ਮੰਤਰੀ ਹਾਂ ਅਤੇ ਨਾਲ ਹੀ ਮੇਰੇ ਕੋਲ ਪਸ਼ੂ ਪਾਲਣ ਵਿਭਾਗ ਹੈ। ਹੜ੍ਹਾਂ ਵਿੱਚ ਖੇਤੀ ਦਾ ਬਹੁਤ ਨੁਕਸਾਨ ਹੋਇਆ ਹੈ ਅਤੇ ਪਸ਼ੂਆਂ ਦਾ ਵੀ ਬਹੁਤ ਨੁਕਸਾਨ ਹੋਇਆ ਹੈ। ਜੇਕਰ ਮੈਂ ਖੇਤੀ ਬਾਰੇ ਕਹਾਂ ਤਾਂ 5 ਲੱਖ ਏਕੜ ਜ਼ਮੀਨ ਤੇ ਫਸਲ ਤਬਾਹ ਹੋ ਗਈ, ਜਿਸ ਵਿੱਚ ਝੋਨੇ ਦੀ ਫਸਲ ਜ਼ਿਆਦਾ ਤਬਾਹ ਹੋਈ ਹੈ ਜੋ ਕਿ ਤਕਰੀਬਨ ਪੌਣੇ ਚਾਰ ਲੱਖ ਏਕੜ ਵਿੱਚ ਸੀ। ਰਾਣਾ ਜੀ ਨੇ ਵੀ ਕਪਾਹ-ਨਰਮੇ ਦੀ ਫਸਲ ਦੀ ਗੱਲ ਕੀਤੀ ਸੀ। ਇਸ ਵਾਰ ਅਸੀਂ 50,000 ਏਕੜ ਜ਼ਮੀਨ ਤੇ ਨਰਮੇ ਵਿੱਚ ਵਾਧਾ ਕਰ ਲਿਆ ਸੀ ਪਰ ਸ਼ਾਇਦ ਕੁਦਰਤ ਨੂੰ ਮਨਜ਼ੂਰ ਨਹੀਂ ਸੀ। ਸਾਡਾ ਇਸ ਵਿੱਚ ਬਹੁਤ ਵੱਡਾ ਨੁਕਸਾਨ ਹੋਇਆ ਹੈ। ਸੰਦੀਪ ਜੀ ਨੇ ਕਿਹਾ ਹੈ ਕਿ ਸਾਡੇ ਬਾਗਾਂ ਦਾ ਬਹੁਤ ਨੁਕਸਾਨ ਹੋਇਆ ਹੈ। ਸੋ, ਕੁੱਲ ਮਿਲਾ ਕੇ ਬਹੁਤ ਵੱਡਾ ਨੁਕਸਾਨ ਹੋਇਆ ਹੈ। ਜੇਕਰ ਮੈਂ ਕਹਾਂ ਕਿ ਖੇਤੀਬਾੜੀ ਮਹਿਕਮੇ ਨਾਲ ਜੁੜਿਆ 5,000 ਕਰੋੜ ਦਾ ਨੁਕਸਾਨ ਹੋਇਆ ਹੈ ਤਾਂ ਇਸ ਵਿੱਚ 3100 ਕਰੋੜ ਤੋਂ ਵੱਧ ਫਸਲਾਂ ਦਾ ਨੁਕਸਾਨ ਹੋਇਆ ਹੈ। ਇਸ ਤੋਂ ਇਲਾਵਾ ਮੰਡੀ ਬੋਰਡ ਦੀਆਂ ਸੜਕਾਂ ਦਾ ਨੁਕਸਾਨ ਹੋਇਆ ਹੈ। ਪੰਜਾਬ ਦੀਆਂ ਚਾਹੇ ਸਰਕਾਰੀ ਬਿਲਡਿੰਗਾਂ ਹਨ, ਸਕੂਲ ਹਨ, ਕਾਲਜ, ਹਸਪਤਾਲ ਜਾਂ ਸੜਕਾਂ, 2500 ਦੇ ਨੇੜੇ ਵੱਡੇ-ਛੋਟੇ ਪੁਲ-ਪੁਲੀਆਂ ਦੀ ਗੱਲ ਕੀਤੀ ਗਈ ਹੈ, ਇਨ੍ਹਾਂ ਦਾ ਵੀ ਬਹੁਤ ਵੱਡਾ ਨੁਕਸਾਨ ਹੋਇਆ ਹੈ। ਇਸੇ ਤਰ੍ਹਾਂ ਪ੍ਰਾਈਵੇਟ ਸੰਪਤੀ ਦਾ ਵੀ ਬਹੁਤ ਵੱਡਾ ਨੁਕਸਾਨ ਹੋਇਆ ਹੈ।

**ਮਾਣਯੋਗ ਸਪੀਕਰ** : ਕੀ ਤੁਸੀਂ ਕਣਕ ਦਾ ਬੀਜ ਦੇ ਰਹੇ ਹੋ? ਉਸ ਬਾਰੇ ਦੱਸ ਦਿਉ, ਬਾਕੀ ਖਤਮ ਕਰ ਦਿਉ।

**ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ**: ਮੈਂ ਉਸ ਬਾਰੇ ਹੀ ਦੱਸ ਰਿਹਾ ਸੀ ਕਿ ਅਸੀਂ ਕਣਕ ਦੀਆਂ ਸੁਧਰੀਆਂ ਹੋਈਆਂ ਕਿਸਮਾਂ, ਜਿਸ ਵਿੱਚ 17-18 ਪੰਜਾਬ ਦੀਆਂ ਕਿਸਮਾਂ ਹਨ, ਪੰਜਾਬ ਸੀਡ ਕਾਰਪੋਰੇਸ਼ਨ ਨੇ ਦੋ ਲੱਖ ਕੁਇੰਟਲ ਇਕੱਠਾ ਕਰਕੇ, ਜਿੱਥੋਂ ਜਿੱਥੋਂ ਵੀ ਮਿਲ ਸਕਦਾ ਹੈ, ਕਿਸਾਨ ਭਰਾਵਾਂ ਨੂੰ ਬੀਜ ਦੇਣਾ ਹੈ। ਸਰਕਾਰ ਵੱਲੋਂ, ਮੁੱਖ ਮੰਤਰੀ ਜੀ ਵੱਲੋਂ ਤੇ ਆਪਾਂ ਸਾਰੇ ਵੀ, ਮਿਲ ਕੇ ਇੱਕ-ਦੂਜੇ ਦਾ ਹੱਥ ਵਟਾਉਣਾ ਹੈ ਤਾਂ ਜੋ ਜ਼ਮੀਨ ਵਾਹੀਯੋਗ ਕਰਵਾਈ ਜਾ ਸਕੇ। ਉਸ ਵਿੱਚ ਬਹੁਤ ਸਾਰੀਆਂ ਸੰਸਥਾਵਾਂ, ਰਾਜਨੀਤਿਕ ਪਾਰਟੀਆਂ ਮਦਦ ਕਰਨ ਤਾਂ ਚੰਗੀ ਗੱਲ ਹੈ ਪਰ ਮੈਂ ਸਮਝਦਾ ਹਾਂ ਕਿ ਰਾਜ ਸਰਕਾਰ ਨਾਲ ਮਿਲ ਕੇ ਕੀਤਾ ਜਾਵੇ ਕਿਉਂਕਿ ਸਰਕਾਰ ਵਾਸਤੇ ਨਿਸ਼ਾਨਦੇਹੀ ਕਰਨੀ ਸੌਖੀ ਹੁੰਦੀ ਹੈ। ਸਾਰੇ ਸਾਡੇ ਨਾਲ ਰਲ ਕੇ ਕੰਮ ਕਰਨ, ਸਾਡਾ ਸਾਥ ਦੇਣ ਤਾਂ ਜੋ ਪੰਜਾਬ ਦਾ ਪੁਨਰਵਾਸ ਕਰੀਏ। ਅਜੇ ਸਾਲ 2027 ਦੀ ਗੱਲ ਬਹੁਤ ਦੂਰ ਹੈ। ਕਈ ਵਾਰੀ ਇਸ ਨੂੰ ਰਾਜਨੀਤੀ ਵੱਲ ਪ੍ਰੇਰ ਲਿਆ ਜਾਂਦਾ ਹੈ। ਕਈ ਲੀਡਰ ਸਾਹਿਬਾਨ ਉਸ ਦੀ ਤਿਆਰੀ ਕਰਦੇ ਹਨ। ਮੈਨੂੰ ਤਾਂ ਇਵੇਂ ਲੱਗਦਾ ਹੈ ਕਿ ਜਿਵੇਂ ਉਹ ਪੰਜਾਬ ਦੀ ਸੁੱਖ ਘੱਟ ਮੰਗਦੇ ਹਨ ਅਤੇ ਸੋਚਦੇ ਹਨ ਕਿ ਇਹੋ ਜਿਹਾ ਕੰਮ ਹੁੰਦਾ ਰਹੇ ਅਤੇ ਅਸੀਂ ਇਸ ਤਰ੍ਹਾਂ ਗੇੜੇ ਕੱਢਦੇ ਰਹੀਏ। ਇਹ ਗੱਲ ਚੰਗੀ ਨਹੀਂ। ਆਪਾਂ ਸਾਰੇ ਰੱਬ ਤੋਂ ਡਰੀਏ। ਆਪਾਂ

ਸਾਰੇ ਰਲ਼-ਮਿਲ ਕੇ ਹੱਲ ਕੱਢੀਏ। ਅਸੀਂ ਇੱਕ-ਦੂਸਰੇ ਦਾ ਸਾਥ ਦੇਈਏ। ਠੀਕ ਹੈ, ਹਰੇਕ ਨੇ ਆਪਣੇ ਏਰੀਏ ਦੀ ਗੱਲ ਸਰਕਾਰ ਤੱਕ ਪਹੁੰਚਾਉਣੀ ਹੁੰਦੀ ਹੈ। ਅਸੀਂ ਉਸ ਵਿੱਚ ਸਾਥ ਦੇਣਾ ਹੁੰਦਾ ਹੈ।

ਸਪੀਕਰ ਸਾਹਿਬ, ਮੈਂ ਇੱਕ ਹੋਰ ਗੱਲ ਕਰਨੀ ਹੈ। ਕੀ ਮੇਰੇ ਮਿੰਟ ਪੂਰੇ ਹੋ ਗਏ ਹਨ?

**ਮਾਣਯੋਗ ਸਪੀਕਰ:** ਮਿੰਟ ਤਾਂ ਤੁਹਾਡੇ ਡਬਲ ਹੋ ਗਏ ਹਨ। ਮੈਂ ਤਾਂ ਕਹਿੰਦਾ ਹਾਂ ਕਿ ਸਾਰਾ ਦਿਨ ਬੋਲੋ ਪਰ ਸਮੇਂ ਦੀ ਗੱਲ ਹੈ। ਆਪਣੇ ਹੀ ਭਰਾ ਪਹਿਲਾਂ 20-20 ਮਿੰਟ ਗੱਲ ਕਰ ਗਏ ਹਨ।

**ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ:** ਸਪੀਕਰ ਸਾਹਿਬ, ਮੇਰੇ ਕੋਲ ਪਸ਼ੂ ਪਾਲਣ ਮਹਿਕਮਾ ਵੀ ਹੈ। ਅਸੀਂ ਲੋਕਾਂ ਦਾ ਸਾਥ ਦੇਣ ਲਈ ਉਸੇ ਦਿਨ ਤੋਂ ਆਪਣੀਆਂ 500 ਟੀਮਾਂ ਬਣਾ ਕੇ ਭੇਜੀਆਂ ਅਤੇ ਜਿੱਥੇ ਜਿੱਥੇ, ਜਿਵੇਂ ਜਿਵੇਂ ਲੋੜ ਪਈ ਸੀ, ਅਸੀਂ ਢਾਈ ਲੱਖ ਪਸ਼ੂਆਂ ਦਾ ਇਲਾਜ ਕਰਵਾਇਆ। ਜਿੱਥੇ ਲੋੜ ਪਈ, ਦੁਬਾਰਾ ਵੈਕਸੀਨੇਸ਼ਨ ਵੀ ਕਰਵਾਈ ਹੈ। ਮੈਂ, ਅੱਜ ਡਾਇਰੈਕਟਰ ਸਾਹਿਬ ਨੂੰ ਪੁੱਛਿਆ ਸੀ, ਉਨ੍ਹਾਂ ਨੇ ਕਿਹਾ ਕਿ ਵਾਹਿਗੁਰੂ ਦੀ ਮੇਹਰ ਹੈ, ਹੜ੍ਹਾਂ ਕਾਰਨ ਪਸ਼ੂਆਂ ਉੱਤੇ ਅਜੇ ਕਿਸੇ ਭਿਆਨਕ ਬਿਮਾਰੀ ਦਾ ਅਸਰ ਨਹੀਂ ਹੋਇਆ। ਅਸੀਂ ਇਨ੍ਹਾਂ ਬਿਮਾਰੀਆਂ ਨੂੰ ਰੋਕਣ ਵਿੱਚ ਸਮਰੱਥ ਹਾਂ ਅਤੇ ਸਾਡੀਆਂ ਟੀਮਾਂ ਵੱਖ ਵੱਖ ਥਾਵਾਂ 'ਤੇ ਨਿਗਰਾਨੀ ਕਰ ਰਹੀਆਂ ਹਨ। ਸਾਰਿਆਂ ਦਾ ਧੰਨਵਾਦ। ਆਪਾਂ ਰਲ਼-ਮਿਲ ਕੇ ਪੰਜਾਬ ਬਚਾਈਏ। ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

**ਮਾਣਯੋਗ ਸਪੀਕਰ:** ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਬਰਿੰਦਰਮੀਤ ਸਿੰਘ ਪਾਹੜਾ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਪਾਹੜਾ ਜੀ, ਤੁਸੀਂ ਬੈਠੋ। Let him speak. ਤੁਸੀਂ ਤਾਂ ਬਹੁਤ ਵਾਰੀ ਬੋਲ ਲੈਂਦੇ ਹੋ। ਉਹ ਕਦੇ ਬੋਲਦੇ ਨਹੀਂ ਹਨ, ਉਨ੍ਹਾਂ ਨੂੰ ਬੋਲ ਲੈਣ ਦਿਉ। ਬੈਠੋ ਜੀ।

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ (ਬਰਨਾਲਾ) :** ਸਪੀਕਰ ਸਾਹਿਬ, ਧੰਨਵਾਦ। ਤੁਸੀਂ ਮੈਨੂੰ ਇਸ ਅਹਿਮ ਮੁੱਦੇ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਪੰਜਾਬ ਦੇ ਲੋਕਾਂ ਲਈ ਹੜ੍ਹ ਬੜੀ ਵੱਡੀ ਤਬਾਹੀ ਲੈ ਕੇ ਆਏ ਹਨ। ਜਿੱਥੇ ਸਾਡੀਆਂ ਫਸਲਾਂ ਦਾ ਨੁਕਸਾਨ ਹੋਇਆ ਹੈ, ਉਥੇ ਸਾਡੇ ਕਿਸਾਨਾਂ, ਮਜ਼ਦੂਰਾਂ, ਦੁਕਾਨਦਾਰਾਂ, ਪਸ਼ੂਆਂ ਅਤੇ ਸਰਕਾਰੀ ਇਮਾਰਤਾਂ ਦਾ ਵੀ ਨੁਕਸਾਨ ਹੋਇਆ ਹੈ ਪਰ ਪੰਜਾਬ ਦੇ ਬਹਾਦਰ ਲੋਕਾਂ ਨੇ ਹਰ ਬਿਪਤਾ ਵਾਂਗ ਇਸ ਮੁਸ਼ਕਲ ਦੀ ਘੜੀ ਦਾ ਵੀ ਬੇਮਿਸਾਲ ਹਿੰਮਤ ਨਾਲ ਸਾਹਮਣਾ ਕੀਤਾ ਹੈ। ਚਾਹੇ ਉਹ ਸਾਡੀਆਂ ਧਾਰਮਿਕ ਜਥੇਬੰਦੀਆਂ ਹੋਣ, ਚਾਹੇ ਰਾਜਨੀਤਕ ਪਾਰਟੀਆਂ ਹੋਣ, ਸਾਡੇ ਨੌਜਵਾਨਾਂ ਅਤੇ ਪੰਚਾਇਤਾਂ ਨੇ, ਭਾਵ ਹਰ ਇੱਕ ਨੇ ਆਪਣੀ ਜ਼ਿੰਮੇਵਾਰੀ ਨੂੰ ਨਿਭਾਇਆ ਹੈ ਅਤੇ ਭਾਈਚਾਰਕ ਸਾਂਝ ਦਾ ਸਬੂਤ ਦਿੱਤਾ ਹੈ। ਪੂਰੇ ਵਿਸ਼ਵ ਨੇ ਦੇਖਿਆ ਹੋਵੇਗਾ ਕਿ ਪੰਜਾਬ ਨੇ ਇਸ ਬਿਪਤਾ ਵਿੱਚ ਆਪਣੀ ਜ਼ਿੰਦਾ-ਦਿਲੀ ਅਤੇ ਵੱਡੇ ਜਿਗਰੇ ਦੀ ਵਿਲੱਖਣ ਮਿਸਾਲ ਪੇਸ਼ ਕੀਤੀ ਹੈ।

ਸਪੀਕਰ ਸਾਹਿਬ, ਮੈਂ ਦੋ ਦਿਨ ਤੋਂ ਸੁਣ ਰਿਹਾ ਹਾਂ ਕਿ ਆਪਾਂ ਇੱਕ ਦੂਜੇ ਉੱਤੇ ਇਲਜ਼ਾਮਬਾਜ਼ੀ ਕਰ ਰਹੇ ਹਾਂ ਪਰ ਇਸ ਮਸਲੇ ਦਾ ਹੱਲ ਕੀ ਹੈ ਅਤੇ ਅਸੀਂ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਕਿਸ ਤਰ੍ਹਾਂ ਕਰ ਸਕਦੇ ਹਾਂ, ਇਸ ਸਬੰਧੀ ਮੈਨੂੰ ਹਾਲੇ ਤੱਕ ਸਰਕਾਰ ਵਾਲੇ ਪਾਸਿਉਂ ਕੋਈ ਗੱਲ ਸੁਣਨ ਨੂੰ ਨਹੀਂ ਮਿਲੀ ਕਿ ਉਨ੍ਹਾਂ ਦੀ ਸਹਾਇਤਾ ਕਰਨ ਲਈ ਸਰਕਾਰ ਕੀ ਪ੍ਰੋਗਰਾਮ ਉਲੀਕ ਰਹੀ ਹੈ? ਜਿੱਥੋਂ ਤੱਕ ਸਾਡਾ ਸਵਾਲ ਹੈ, ਸਾਨੂੰ ਵਾਰ ਵਾਰ ਸਰਕਾਰ ਵਾਲੇ ਪਾਸੇ ਤੋਂ ਕਿਹਾ ਜਾ ਰਿਹਾ ਹੈ ਕਿ ਤੁਸੀਂ ਰਾਜਨੀਤੀ ਕਰਦੇ ਹੋ। ਅਸੀਂ ਤਾਂ ਤੁਹਾਨੂੰ ਪਹਿਲੇ ਦਿਨ ਹੀ ਕਿਹਾ ਸੀ ਕਿ ਕੇਂਦਰ ਸਰਕਾਰ ਮਦਦ ਕਰੇ ਲੇਕਿਨ ਸਰਕਾਰ ਨੇ ਬੀ.ਜੇ.ਪੀ. ਨਾਲ ਰਲ਼ਣ ਦੇ ਵੀ ਸਾਡੇ ਉੱਤੇ ਦੋਸ਼ ਲਗਾਏ। ਅਸੀਂ ਤਾਂ ਸਗੋਂ ਡੇਅ ਵਨ ਤੋਂ ਹੀ ਕਿਹਾ ਸੀ ਪ੍ਰੰਤੂ ਸਾਡੀ ਗੱਲ ਨੂੰ ਅਣਸੁਣਿਆ ਕੀਤਾ ਜਾ ਰਿਹਾ ਹੈ। ਜੇਕਰ ਪੰਜਾਬ ਦੇ ਲੋਕਾਂ ਦੀ ਕੇਂਦਰ ਸਰਕਾਰ ਅਣਦੇਖੀ ਕਰ ਰਹੀ ਹੈ ਤਾਂ ਤੁਸੀਂ ਅਗਵਾਈ ਕਰੋ। ਤੁਸੀਂ ਸਰਕਾਰ ਵਿੱਚ ਹੋ। ਤੁਸੀਂ ਸਾਨੂੰ ਪ੍ਰੋਗਰਾਮ ਦਿਉ। ਅਸੀਂ ਉਸ ਲੜਾਈ ਵਿੱਚ ਤੁਹਾਡੇ ਮੋਢੇ ਨਾਲ ਮੋਢਾ ਲਗਾ ਕੇ ਖੜ੍ਹੇ ਹੋਵਾਂਗੇ। ਅਸੀਂ ਤੁਹਾਡੇ ਨਾਲੋਂ ਚਾਰ ਕਦਮ ਅੱਗੇ ਹੋ ਕੇ ਆਪਣਾ ਯੋਗਦਾਨ ਪਾਵਾਂਗੇ। ਸਰ, ਇੱਕ ਹੋਰ ਗੱਲ ਕਰਨੀ ਹੈ।

**ਮਾਣਯੋਗ ਸਪੀਕਰ :** ਥੈਂਕ ਯੂ। ਤੁਸੀਂ ਰਿਟਨ ਵਿੱਚ ਦੇ ਦਿਉ। ਤੁਹਾਡੀ ਹਾਜਰੀ ਲੱਗ ਗਈ ਹੈ। ਥੈਂਕ ਯੂ। ਹੁਣ ਮੁੱਖ ਮੰਤਰੀ ਸਾਹਿਬ ਨੇ ਬੋਲਣਾ ਹੈ। ਤੁਸੀਂ ਬੈਠੋ। ਤੁਸੀਂ ਮਿਲ ਕੇ ਗੱਲ ਕਰ ਲੈਣਾ। ਮੁੱਖ ਮੰਤਰੀ ਸਾਹਿਬ ਤੁਹਾਡੇ ਗੁਆਂਢੀ ਹੀ ਤਾਂ ਹਨ। ਤੁਸੀਂ ਬੈਠੋ।

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ:** ਸਪੀਕਰ ਸਾਹਿਬ, ਮੈਨੂੰ ਮਿਲਣ ਦਾ ਟਾਈਮ ਦਿਵਾ ਦਿਉ ਜੀ।

**ਮੁੱਖ ਮੰਤਰੀ (ਬੈਠੇ ਬੈਠੇ):** ਮਿਲ ਲੈਂਦੇ ਹਾਂ ਜੀ।

**ਮਾਣਯੋਗ ਸਪੀਕਰ:** ਢਿੱਲੋਂ ਜੀ, ਤੁਸੀਂ ਲਿਖ ਕੇ ਦੇ ਦਿਉ। ਕੋਈ ਗੱਲ ਨਹੀਂ। ਤੁਸੀਂ ਮਿਲ ਲੈਣਾ। ਹਾਂ ਜੀ, ਮੁੱਖ ਮੰਤਰੀ ਸਾਹਿਬ, ਸਰਦਾਰ ਭਗਵੰਤ ਸਿੰਘ ਮਾਨ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ :** ਮੁੱਖ ਮੰਤਰੀ ਸਾਹਿਬ, ਮੈਨੂੰ ਬੋਲਣ ਦਿਉ। ਮੈਂ ਬਹੁਤ ਇੰਪਾਰਟੈਂਟ ਗੱਲ ਕਹਿਣੀ ਹੈ।

**ਮੁੱਖ ਮੰਤਰੀ (ਬੈਠੇ ਬੈਠੇ):** ਕਹਿ ਲੈਣ ਦਿਉ ਜੀ।

**ਮਾਣਯੋਗ ਸਪੀਕਰ:** ਰਾਣਾ ਜੀ, ਮੁੱਖ ਮੰਤਰੀ ਸਾਹਿਬ ਤੁਹਾਡੇ ਉੱਤੇ ਬਹੁਤ ਮਿਹਰਬਾਨ ਹਨ।

**ਮੁੱਖ ਮੰਤਰੀ (ਬੈਠੇ ਬੈਠੇ):** ਇਹ ਅਜ਼ਾਦ ਮੈਂਬਰ ਹਨ ਜੀ, ਕੋਈ ਵਾਲੀ-ਵਾਰਸ ਤਾਂ ਹੋਵੇ।

**ਮਾਣਯੋਗ ਸਪੀਕਰ:** ਠੀਕ ਹੈ ਜੀ। ਰਾਣਾ ਜੀ, ਬੋਲੋ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ):** ਸਰ, ਮੈਂ ਕਦੇ non-productive ਗੱਲ ਨਹੀਂ ਕੀਤੀ। ਮੈਂ ਉਹੀ ਸੁਝਾਅ ਦੇਣੇ ਹਨ ਜਿਹੜੇ ਕਿਸੇ ਨੇ ਵੀ ਨਹੀਂ ਦਿੱਤੇ। ਸਰ, ਤੁਹਾਡਾ ਧੰਨਵਾਦ ਕਿ ਮੈਨੂੰ ਇਸ ਵਿਸ਼ੇ ਉੱਤੇ ਦੁਬਾਰਾ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਸ਼ਾਇਦ ਆਪਣੇ ਸਮੇਂ ਤੋਂ ਇੱਕ ਮਿੰਟ ਫਾਲਤੂ ਲੈ ਲਵਾਂ ਪਰ ਗੱਲ ਪ੍ਰੋਡਕਟਿਵ ਹੋਵੇਗੀ। ਸਰ, ਸ੍ਰੀ ਅਮਨ ਅਰੋੜਾ ਜੀ, ਮੇਰੇ ਵੱਡੇ ਵੀਰ ਅਤੇ ਸਾਰੇ ਸਦਨ ਨੇ ਇਹ ਗੱਲ ਕੀਤੀ ਹੈ ਕਿ ਜਿਹੜਾ ਬਿਆਸ ਦਰਿਆ ਹੈ, ਉਹ

ਵਾਈਲਡ ਲਾਈਫ ਸੈਂਕਚੂਰੀ ਨੋਟੀਫਾਈ ਹੋ ਚੁੱਕਿਆ ਹੈ ਅਤੇ ਇਹ ਪੁਰਾਣੀ ਸਰਕਾਰ ਵਿੱਚ ਹੋਇਆ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਹ ਪੁਰਾਣੀ ਕੈਬਨਿਟ ਨੇ ਨੋਟੀਫਾਈ ਕੀਤਾ ਸੀ ਪ੍ਰੰਤੂ ਅੱਜ ਕੈਬਨਿਟ ਆਪਣੀ ਹੈ ਅਤੇ ਮੁੱਖ ਮੰਤਰੀ ਸਾਹਿਬ, ਤੁਸੀਂ ਤਾਂ ਕੈਬਨਿਟ ਵਿੱਚ ਵੀ ਅਤੇ ਇਸ ਸਦਨ ਵਿੱਚ ਵੀ ਡੈਮ ਸੇਫਟੀ ਐਕਟ ਵਗਾਹ ਕੇ ਮਾਰੇ। ਪੁਰਾਣੀਆਂ ਸਰਕਾਰਾਂ ਨੇ ਪੰਜਾਬ ਦੇ ਇੰਟਰ ਸਟੇਟ ਵਾਟਰ ਐਕਟ ਰੱਦ ਕਰ ਦਿੱਤੇ ਸਨ। ਅਸੀਂ ਇਸ ਨੋਟੀਫਿਕੇਸ਼ਨ ਨੂੰ ਰੱਦ ਕਿਉਂ ਨਹੀਂ ਕਰਦੇ? ਇਸ ਨੂੰ ਡੀ-ਨੋਟੀਫਾਈ ਕਰਨਾ ਚਾਹੀਦਾ ਹੈ ਤਾਂ ਕਿ ਪੰਜਾਬ ਦੀ ਸਮੱਸਿਆ ਦਾ ਹੱਲ ਹੋ ਸਕੇ। ਸਪੀਕਰ ਸਾਹਿਬ, ਸਰਕਾਰ ਨੇ ਨਹਿਰਾਂ ਅਤੇ ਦਰਿਆਵਾਂ ਨੂੰ ਪਿਛਲੇ ਤਿੰਨ ਸਾਲਾਂ ਵਿਚ ਨੋਟੀਫਾਈ ਕਰ ਦਿੱਤਾ। ਬਹੁਤ ਚੰਗਾ ਕੰਮ ਕੀਤਾ ਹੈ ਪਰ ਆਪਾਂ ਇਹ ensure ਕਰੀਏ ਕਿ ਸਾਡਾ ਪਾਣੀ ਉਨ੍ਹਾਂ ਨੋਟੀਫਾਈਡ ਏਰੀਆਜ਼ ਵਿਚ ਹੀ ਰਹੇ। ਜੇਕਰ ਕਿਸੇ ਜ਼ਿਮੀਂਦਾਰ ਦੀ ਜ਼ਮੀਨ ਨੋਟੀਫਾਈ ਕੀਤੀ ਹੈ ਤਾਂ ਉਸ ਨੂੰ ਦੱਸਿਆ ਜਾਵੇ ਅਤੇ ਉਸ ਨੂੰ ਉਸ ਦੀ ਜ਼ਮੀਨ ਦਾ ਬਣਦਾ ਮੁੱਲ ਅਦਾ ਕੀਤਾ ਜਾਵੇ। ਇਹ ਨਾ ਹੋਵੇ ਕਿ ਪੰਜ ਸਾਲ ਬਾਅਦ ਉਸ ਨੂੰ ਪਤਾ ਲੱਗੇ ਕਿ ਮੇਰੀ ਜ਼ਮੀਨ ਤਾਂ ਨੋਟੀਫਾਈ ਹੋ ਚੁੱਕੀ ਹੈ।

ਸਪੀਕਰ ਸਾਹਿਬ, ਪੰਜਾਬ ਨੇ ਇੱਕ ਹੜ੍ਹ ਤਾਂ ਵੇਖ ਲਿਆ ਹੈ, ਆਪਾਂ ਸਾਰਿਆਂ ਨੇ ਵੇਖਿਆ ਹੈ। ਦੂਜੇ ਹੜ੍ਹ ਦੀ ਤਿਆਰੀ ਹੈ। ਮੈਂ ਉਹ ਤੁਹਾਡੇ ਰਾਹੀਂ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਤਾਂ ਹੀ ਮੈਂ ਮੁੱਖ ਮੰਤਰੀ ਸਾਹਿਬ ਤੋਂ ਖੜ੍ਹੇ ਹੋ ਕੇ ਸਮਾਂ ਲਿਆ ਹੈ ਵਰਣਾ ਮੈਂ ਸਮਾਂ ਨਹੀਂ ਲੈਣਾ ਸੀ। ਸਪੀਕਰ ਸਾਹਿਬ, ਸਾਨੂੰ ਇਕ ਟਾਈਮ ਲਾਈਨ ਅਤੇ ਪਲਾਨ ਕਲੀਅਰ ਕਰਕੇ ਦੇਣਾ ਪਵੇਗਾ ਕਿ ਅਸੀਂ ਕਰਨਾ ਕੀ ਹੈ। 1000 ਕਿਲੋਮੀਟਰ ਬੰਨ੍ਹ ਹਨ। ਮੇਰਾ ਹਲਕਾ 40 ਕਿਲੋਮੀਟਰ ਦਰਿਆ ਨਾਲ ਲੱਗਦਾ ਹੈ, ਉਸ 40 ਕਿਲੋਮੀਟਰ ਏਰੀਏ ਵਿੱਚ 300 ਏਕੜ ਜ਼ਮੀਨ ਰੁੜ੍ਹ ਕੇ ਦਰਿਆ ਵਿਚ ਜਾ ਚੁੱਕੀ ਹੈ, ਸਿਰਫ਼ ਫਸਲ ਹੀ ਖਰਾਬ ਨਹੀਂ ਹੋਈ। ਸੋ, ਇਹ ਸੋਚਣ ਦੀ ਜ਼ਰੂਰਤ ਹੈ। ਪੰਜਾਬ ਵਿਚ ਲਗਭਗ 2000 ਏਕੜ ਜ਼ਮੀਨ ਰੁੜ੍ਹ ਕੇ ਦਰਿਆ ਵਿੱਚ ਚਲੀ ਗਈ ਹੈ। ਉਨ੍ਹਾਂ ਦੇ ਮੁਆਵਜ਼ੇ ਬਾਰੇ ਕੀ ਕਰਨਾ ਹੈ, ਇਹ ਭਾਰਤ ਸਰਕਾਰ ਤੋਂ ਮੰਗਣਾ ਚਾਹੀਦਾ ਹੈ।

ਸਪੀਕਰ ਸਾਹਿਬ, ਆਖਰੀ ਗੱਲ ਇਹ ਹੈ ਕਿ ਆਪਾਂ ਪੰਜਾਬ ਦੇ ਪੁਨਰਵਾਸ ਦੀ ਗੱਲ ਕਰਦੇ ਹਾਂ। ਅੱਜ ਦੂਜੇ ਹੜ੍ਹ ਦੀ ਤਿਆਰੀ ਹੈ, ਉਹ ਕਿਵੇਂ? ਪਹਿਲਾਂ ਪਾਣੀ ਦਾ ਹੜ੍ਹ ਸੀ ਪਰ ਹੁਣ ਝੋਨੇ ਵਿਚ ਹਲਦੀ ਦੀ ਬਿਮਾਰੀ ਆ ਗਈ ਹੈ। ਸਾਰੇ ਪੰਜਾਬ ਵਿੱਚ ਦੂਜਾ ਨੁਕਸਾਨ ਤਿਆਰ ਹੈ। ਸਾਡੇ ਖੇਤੀਬਾੜੀ ਮੰਤਰੀ ਜੀ ਬੈਠੇ ਹਨ। ਇਨ੍ਹਾਂ ਨੇ ਦੱਸਿਆ ਹੈ ਕਿ 3100 ਕਰੋੜ ਦੀਆਂ ਫਸਲਾਂ ਦਾ ਨੁਕਸਾਨ ਹੋਇਆ ਹੈ। ਸਪੀਕਰ ਸਾਹਿਬ, ਪੰਜਾਬ ਦੇ 35-40 ਫ਼ੀਸਦੀ ਹਿੱਸੇ ਵਿਚ ਹਲਦੀ ਦੀ ਬਿਮਾਰੀ ਆ ਚੁੱਕੀ ਹੈ, ਜਿਸ ਨਾਲ ਝੋਨਾ ਖਰਾਬ ਹੋ ਚੁੱਕਿਆ ਹੈ। ਜਿੱਥੇ ਜਿੱਥੇ ਝੋਨਾ ਹਾਲੇ ਆਇਆ ਹੈ, ਉੱਥੇ ਝੋਨੇ ਦੀ ਪੈਦਾਵਾਰ 25-30 ਫ਼ੀਸਦੀ ਘੱਟ ਗਈ ਹੈ। ਸਪੀਕਰ ਸਾਹਿਬ, ਅਸੀਂ 30,000 ਕਰੋੜ ਰੁਪਏ ਦਾ ਝੋਨਾ ਖਰੀਦਦੇ ਹਾਂ। ਜੇਕਰ 10-10 ਕੁਇੰਟਲ ਵੀ ਝਾੜ ਘਟਿਆ ਤਾਂ ਹਰ ਜ਼ਿਮੀਦਾਰ ਦਾ 20 ਹਜ਼ਾਰ ਰੁਪਏ ਦਾ ਨੁਕਸਾਨ ਹੋਇਆ ਪਰ ਮੈਨੂੰ ਇਕ ਗੱਲ ਸਮਝ ਨਹੀਂ ਲੱਗੀ। ਰੱਬ ਤੋਂ ਬਾਅਦ ਅਸੀਂ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵਿੱਚ ਵਿਸ਼ਵਾਸ ਰੱਖਦੇ ਹਾਂ। ਸਾਡੀ ਯੂਨੀਵਰਸਿਟੀ ਨੇ ਕੋਈ ਬੁਲੇਟਿਨ ਹੀ ਨਹੀਂ ਕੱਢਿਆ। ਸਾਡੇ ਜ਼ਿਮੀਦਾਰਾਂ ਨੂੰ ਇਸ ਬਾਰੇ ਦੱਸਿਆ ਹੀ ਨਹੀਂ ਕਿ ਇਹ ਬਿਮਾਰੀ ਆ ਰਹੀ ਹੈ। ਇਸ ਦਾ ਕਰਨਾ ਕੀ ਹੈ? ਸਪੀਕਰ ਸਾਹਿਬ, 3100 ਕਰੋੜ ਦਾ ਨੁਕਸਾਨ ਪਹਿਲਾਂ ਹੋ ਚੁੱਕਿਆ ਹੈ ਅਤੇ 5-6 ਹਜ਼ਾਰ ਕਰੋੜ ਦਾ ਨੁਕਸਾਨ ਹੋਰ ਹੋ ਜਾਣਾ ਹੈ। ਜ਼ਿਮੀਦਾਰ ਕਿੱਥੇ ਜਾਵੇਗਾ? ਮੁੱਖ ਮੰਤਰੀ ਸਾਹਿਬ, ਇਸ ਦੀ ਜ਼ਿੰਮੇਵਾਰੀ ਫਿਕਸ ਕਰੋ। ਜੇਕਰ ਇਹ ਬਿਮਾਰੀ ਆ ਰਹੀ ਸੀ ਤਾਂ ਯੂਨੀਵਰਸਿਟੀ ਨੇ ਇੱਕ ਵੀ ਨੋਟੀਫਿਕੇਸ਼ਨ ਨਹੀਂ ਦਿੱਤੀ, ਇੱਕ ਵੀ ਸੁਝਾਅ ਨਹੀਂ ਦਿੱਤਾ ਕਿ ਕਰਨਾ ਕੀ ਹੈ। ਕੀ ਇਹ

ਮੌਸਮ ਕਰਕੇ ਹੈ, ਕੀ ਇਹ ਫੰਗਸ ਕਰਕੇ ਹੈ, ਕੀ ਇਹ ਝੋਨਾ ਲੇਟ ਲੱਗਣ ਕਰਕੇ ਹੈ ਕਿਉਂਕਿ ਸਪੀਕਰ ਸਾਹਿਬ, ਜਿਹੜਾ ਕੁਝ ਕੁ ਸਮੇਂ ਦਾ ਝੋਨਾ ਹੈ, ਉਸ ਵਿਚ ਹੀ ਇਹ ਬਿਮਾਰੀ ਆਈ ਹੈ। ਸੋ, ਤੁਹਾਡਾ ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ:** ਠੀਕ ਹੈ ਜੀ, ਤੁਹਾਡੀ ਗੱਲ ਆ ਗਈ। ਸਰਦਾਰ ਭਗਵੰਤ ਸਿੰਘ ਮਾਨ, ਮਾਣਯੋਗ ਮੁੱਖ ਮੰਤਰੀ, ਪੰਜਾਬ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਬਰਿੰਦਰਮੀਤ ਸਿੰਘ ਪਾਹੜਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਮਾਣਯੋਗ ਮੁੱਖ ਮੰਤਰੀ ਜੀ ਨੂੰ ਬੇਨਤੀ ਕਰ ਰਹੇ ਸਨ ਕਿ ਉਨ੍ਹਾਂ ਨੂੰ ਕੁਝ ਸਮਾਂ ਬੋਲਣ ਦਿੱਤਾ ਜਾਵੇ।)

**ਮਾਣਯੋਗ ਸਪੀਕਰ:** ਪਾਹੜਾ ਸਾਹਿਬ, ਬੈਠੋ। ਮੁੱਖ ਮੰਤਰੀ ਜੀ ਨੂੰ ਬੋਲ ਲੈਣ ਦਿਉ। ਤੁਹਾਨੂੰ ਬੋਲਣ ਲਈ ਸਮਾਂ ਮੈਂ ਦੇਣਾ ਹੈ, ਮੁੱਖ ਮੰਤਰੀ ਜੀ ਨੇ ਨਹੀਂ ਦੇਣਾ। ਤੁਸੀਂ ਬੈਠੋ। ਹਾਂ ਜੀ, ਮੁੱਖ ਮੰਤਰੀ ਜੀ।

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ):** ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਦਿਲ ਦੀਆਂ ਗਹਿਰਾਈਆਂ ਤੋਂ ਬਹੁਤ ਬਹੁਤ ਧੰਨਵਾਦ। ਪੰਜਾਬ ਦੇ ਇਸ ਬਹੁਤ ਇਤਿਹਾਸਕ ਤੇ ਗੰਭੀਰ ਸੰਕਟ ਤੇ 26 ਤਾਰੀਖ ਨੂੰ ਵੀ ਅਤੇ ਅੱਜ ਵੀ ਇਸ ਮੁਕੱਦਸ ਹਾਊਸ ਵਿਚ ਬਹਿਸ ਚੱਲੀ ਹੈ। ਬਹੁਤ ਵਧੀਆ ਸੁਝਾਅ ਵੀ ਆਏ ਹਨ, ਮੈਂ ਨੋਟ ਵੀ ਕੀਤੇ ਹਨ। ਮੈਂ ਇੱਥੇ ਹੋਵਾਂ ਜਾਂ ਨਾ ਹੋਵਾਂ ਪਰ ਜਦੋਂ ਤੁਹਾਨੂੰ ਅਵਾਜ਼ ਮਾਰੀ ਜਾਂਦੀ ਹੈ "ਮਾਣਯੋਗ ਸਪੀਕਰ ਸਾਹਿਬ", ਜਦੋਂ ਤੁਸੀਂ ਆਪਣੀ ਚੇਅਰ ਤੇ ਬੈਠਦੇ ਹੋ, ਮੈਂ ਉਦੋਂ ਤੋਂ ਲੈ ਕੇ ਸਦਨ ਵਿੱਚ ਬੋਲੇ ਇਕੱਲੇ ਇਕੱਲੇ ਮੈਂਬਰ ਨੂੰ ਸੁਣਿਆ ਹੈ। ਚਾਹੇ ਵਿਪਕਸ਼ ਵੱਲੋਂ ਹੋਵੇ, ਚਾਹੇ ਸੱਤਾਧਾਰੀ ਪਾਰਟੀ ਵੱਲੋਂ ਹੋਣ। ਮੈਂ ਸਾਰੇ ਪੁਆਇੰਟ ਨੋਟ ਕੀਤੇ ਹਨ ਅਤੇ ਕੋਸ਼ਿਸ਼ ਕਰਾਂਗਾ ਕਿ ਮੈਂ ਸਾਰਿਆਂ ਦੇ ਜਵਾਬ ਵੀ ਦੇ ਸਕਾਂ ਤਾਂ ਕਿ ਇਸ ਮੁਕੱਦਸ ਹਾਊਸ ਵਿਚ ਜਿਸ ਮਕਸਦ ਲਈ ਆਪਾਂ ਇਕੱਠੇ ਹੋਏ ਹਾਂ, ਉਹ ਪੂਰਾ ਹੋ ਸਕੇ। ਰਾਣਾ ਗੁਰਜੀਤ ਜੀ ਨੇ ਬਿਲਕੁਲ ਸਹੀ ਕਿਹਾ ਸੀ ਕਿ ਸਾਡਾ ਕੰਮ ਹੈ ਸਵਾਲ ਕਰਨਾ, ਸਾਡਾ ਕੰਮ ਹੈ ਹੈਲਦੀ ਕ੍ਰਿਟੀਸਿਜ਼ਮ ਕਰਨਾ। ਕਿਹਾ ਵੀ ਜਾਂਦਾ ਹੈ ਕਿ ਜਿਹੜਾ ਦੋਸਤ ਕਮੀਆਂ ਦੱਸੇ, ਉਹੀ ਤੁਹਾਡਾ ਅਸਲੀ ਦੋਸਤ ਹੁੰਦਾ ਹੈ। ਤਾਰੀਫ਼ਾਂ ਕਰਨ ਵਾਲੇ, ਮਾਨ ਸਾਹਿਬ ਕਹਿਣ ਵਾਲੇ, ਬਾਜਵਾ ਸਾਹਿਬ ਕਹਿਣ ਵਾਲੇ ਬਹੁਤ ਹੁੰਦੇ ਹਨ ਪਰ ਜਿਹੜਾ ਕਹੇ ਕਿ ਇਸ ਤਰ੍ਹਾਂ ਠੀਕ ਕੀਤਾ ਜਾ ਸਕਦਾ ਹੈ, ਇਸ ਤਰ੍ਹਾਂ ਕਰ ਲਵੋ, ਅਸਲੀ ਦੋਸਤ ਉਹੀ ਹੁੰਦੇ ਹਨ। ਸੋ, ਵਿਰੋਧੀ ਪਾਰਟੀ ਨੂੰ ਇੱਕ ਦੋਸਤ ਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਸਰ, ਸਭ ਤੋਂ ਪਹਿਲਾਂ ਤਾਂ ਮੈਂ ਉਨ੍ਹਾਂ ਲੱਖਾਂ ਨੌਜਵਾਨਾਂ ਦਾ, ਜਿਨ੍ਹਾਂ ਨੇ ਆਪਣੀਆਂ ਜਾਨਾਂ ਖਤਰੇ ਵਿੱਚ ਪਾ ਕੇ ਲੋਕਾਂ ਦੀਆਂ ਜਾਨਾਂ ਬਚਾਈਆਂ, ਜਿਹੜੇ ਬਿਨਾ ਕਿਸੇ ਇਨਵੀਟੇਸ਼ਨ ਦੇ ਗੁਰੂ ਸਾਹਿਬ ਦੀ ਪ੍ਰੇਰਨਾ ਲੈ ਕੇ ਆਪਣੀਆਂ ਟਰਾਲੀਆਂ ਰਾਸ਼ਨਾਂ ਨਾਲ ਭਰ-ਭਰ ਕੇ ਉਨ੍ਹਾਂ ਲੋਕਾਂ ਦੀ ਮਦਦ ਕਰਨ ਲਈ ਚੱਲ ਪਏ, ਉਨ੍ਹਾਂ ਦਾ ਬਹੁਤ ਧੰਨਵਾਦ ਕਰਦਾ ਹਾਂ। ਬਹੁਤ ਸਾਰੇ ਲੋਕ ਪਾਰਟੀਆਂ ਨਾਲ, ਐਨ.ਜੀ.ਓਜ਼. ਨਾਲ ਵੀ ਜੁੜੇ ਹੋਣਗੇ। ਕਈ individuals ਨੇ ਵੀ ਆਪਣੇ ਤੌਰ ਤੇ ਮਦਦ ਕੀਤੀ। ਕਈ ਪਿੰਡਾਂ ਵੱਲੋਂ ਵੀ ਪਿੰਡ ਅਡਾਪਟ ਕੀਤੇ ਗਏ। ਉਥੇ ਜਿਹੜੀ ਵੀ ਸਮੱਗਰੀ ਚਾਹੀਦੀ ਹੈ ਉਹ ਪੁੱਛ ਪੁੱਛ ਕੇ ਆਪਣੇ ਤੌਰ ਤੇ ਭੇਜ ਰਹੇ ਹਨ। ਐਨ.ਡੀ.ਆਰ.ਐੱਫ. ਦੀਆਂ ਟੀਮਾਂ ਤੇ ਭਾਰਤੀ ਫੌਜ, ਜਿਨ੍ਹਾਂ ਨੇ ਸਾਨੂੰ 20 ਹੈਲੀਕਾਪਟਰ ਪ੍ਰੋਵਾਈਡ ਕਰਵਾਏ ਅਤੇ ਨਾਲ ਨਾਲ ਕਿਸ਼ਤੀਆਂ ਤੇ ਹੋਰ ਸਮੱਗਰੀ ਮੁਹੱਈਆ ਕਰਵਾਈ, ਉਨ੍ਹਾਂ ਦਾ ਵੀ ਧੰਨਵਾਦ ਕਿਉਂਕਿ ਫੌਜ ਖੁਦ ਵੀ ਇਨ੍ਹਾਂ ਹੜ੍ਹਾਂ ਤੋਂ ਪੀੜਤ ਹੈ। ਸਰਹੱਦੀ ਤਾਰ ਦੇ ਨਾਲ ਉਨ੍ਹਾਂ ਦੀਆਂ ਵੀ ਕਈ ਚੌਕੀਆਂ

ਦਾ ਬਹੁਤ ਨੁਕਸਾਨ ਹੋਇਆ, ਉਨ੍ਹਾਂ ਦੇ ਇਨਫ੍ਰਾਸਟ੍ਰਕਚਰ ਦਾ ਵੀ ਬਹੁਤ ਨੁਕਸਾਨ ਹੋਇਆ। ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਵਰਕਰ, ਜਿਨ੍ਹਾਂ ਨੇ ਰਾਜਨੀਤੀ ਤੋਂ ਉੱਪਰ ਉਠ ਕੇ ਇੱਕ ਪੰਜਾਬੀ ਦੇ ਤੌਰ ਤੇ ਮਦਦ ਕੀਤੀ ਹੈ, ਚਾਹੇ ਕੋਈ ਇੱਕ ਮੱਛਰਦਾਨੀ ਵੀ ਕਿਸੇ ਨੂੰ ਦੇ ਗਿਆ, ਦੋ ਕੰਬਲ ਦੇ ਗਿਆ, ਖਾਣ ਨੂੰ ਰੋਟੀ ਦੇ ਗਿਆ, ਕਿਸੇ ਨੇ ਬਾਹਰ ਤੰਬੂ ਵੀ ਲਗਾ ਦਿੱਤਾ, ਸਭ ਕੁਝ ਇਸ ਯੱਗ ਦੇ ਵਿੱਚ ਪ੍ਰਵਾਨ ਹੈ। ਆਪਣੀ ਆਪਣੀ ਸਮਰੱਥਾ ਮੁਤਾਬਿਕ ਜਿਸ ਨੇ ਵੀ ਯੋਗਦਾਨ ਪਾਇਆ ਹੈ, ਪੰਜਾਬ ਤੋਂ ਬਾਹਰੋਂ ਵੀ ਰਾਜਸਥਾਨ ਤੋਂ, ਦਿੱਲੀ ਤੋਂ, ਹਰਿਆਣਾ ਤੋਂ, ਉੱਤਰਾਖੰਡ ਤੋਂ, ਯੂ.ਪੀ. ਤੋਂ ਬਹੁਤ ਸਾਰੇ ਪੰਜਾਬੀ ਜਾਂ ਦੇਸ਼ ਨੂੰ ਪਿਆਰ ਕਰਨ ਵਾਲੇ ਜਾਂ ਇਨਸਾਨੀਅਤ ਨੂੰ ਪਿਆਰ ਕਰਨ ਵਾਲੇ ਲੋਕਾਂ ਨੇ ਬਹੁਤ ਮਦਦ ਕੀਤੀ ਹੈ। ਮੈਂ ਇਸ ਗੱਲ ਲਈ ਇਸ ਵਿਧਾਨ ਸਭਾ ਦੇ ਇਸ ਮੁਕੱਦਸ ਹਾਊਸ ਵਿੱਚ ਸਾਰਿਆਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਜਿਹੜੇ ਨਹੀਂ ਗਏ, ਉਨ੍ਹਾਂ ਦਾ ਵੀ ਧੰਨਵਾਦ। ਸ਼ਾਇਦ ਉਨ੍ਹਾਂ ਨੇ ਇਸ ਨੂੰ ਇੱਕ ਮੌਕਾ ਸਮਝਿਆ ਹੋਵੇਗਾ ਕਿ ਹੜ੍ਹਾਂ ਵਿੱਚੋਂ ਆਪਾਂ ਰਾਜਨੀਤਿਕ ਲਾਭ ਲੈ ਲਈਏ, ਉਨ੍ਹਾਂ ਦਾ ਆਪਣਾ ਮਕਸਦ ਹੋਏਗਾ। ਲੋਕਾਂ ਨੂੰ ਸਭ ਪਤਾ ਹੀ ਹੈ। ਕੁਦਰਤੀ ਆਫਤ ਨਾ ਹੱਦ ਦੇਖਦੀ ਹੈ ਅਤੇ ਨਾ ਸਰਹੱਦ ਦੇਖਦੀ ਹੈ। ਹੁਣ ਰਾਹਤ ਤੇ ਬਚਾਅ ਕਾਰਜ ਵਾਲੇ ਕੰਮਾਂ ਦਾ ਪੜਾਅ ਪਾਰ ਕਰ ਲਿਆ ਹੈ, ਹੁਣ ਪੁਨਰਵਾਸ ਦਾ ਟਾਈਮ ਹੈ। ਹੁਣ ਦੁਬਾਰਾ ਜ਼ਿੰਦਗੀ ਨੂੰ ਪੱਟੜੀ ਉਤੇ ਲਿਆਉਣਾ ਹੈ। ਇੱਕ ਬਿਲ ਵੀ ਆਇਗਾ, ਮੈਨੂੰ ਉਮੀਦ ਹੈ ਕਿ ਉਹ ਸਰਬਸੰਮਤੀ ਨਾਲ ਪਾਸ ਹੋ ਜਾਵੇਗਾ। ਉਸ ਬਿਲ ਵਿੱਚ ਕਿਸੇ ਕਿਸਮ ਦਾ ਆਰਗੂਮੈਂਟ ਨਹੀਂ ਹੋਵੇਗਾ ਅਤੇ ਨਾ ਹੀ ਕੋਈ ਬੰਦਾ ਆਰਗੂਮੈਂਟ ਕਰਨ ਵਾਲਾ ਹੋਵੇਗਾ। ਜਿਹੜਾ ਫਸਲਾਂ ਦਾ ਪ੍ਰਤੀ ਏਕੜ ਨੁਕਸਾਨ ਹੋਇਆ ਹੈ, ਉਸ ਬਾਰੇ ਮੈਂ ਦੱਸਣਾ ਚਾਹਾਂਗਾ ਕਿ ਜਿਸ ਦਾ 26% ਤੋਂ 33% ਦਾ ਨੁਕਸਾਨ ਹੋਇਆ ਹੈ, ਪਹਿਲਾਂ ਉਸ ਨੂੰ ਮੁਆਵਜ਼ਾ 2000 ਰੁਪਏ ਦਿੱਤਾ ਜਾਂਦਾ ਸੀ, ਅਸੀਂ ਉਸ ਨੂੰ 10,000 ਰੁਪਏ ਕਰ ਰਹੇ ਹਾਂ। (ਥੰਪਿੰਗ) ਐਸ.ਡੀ.ਆਰ.ਐੱਫ. ਦਾ ਪੈਸਾ ਤਾਂ ਇਸ ਵਿੱਚ ਆਉਂਦਾ ਨਹੀਂ ਹੈ, ਅਸੀਂ ਛੇੜਿਆ ਨਹੀਂ ਹੈ। ਇਸ ਵਿੱਚ 10,000 ਰੁਪਿਆ ਸਾਰਾ ਪੰਜਾਬ ਦੀ ਕੰਟ੍ਰੀਬਿਊਸ਼ਨ ਹੈ। 33% ਤੋਂ 75% ਦੇ ਨੁਕਸਾਨ ਦਾ ਐਸ.ਡੀ.ਆਰ.ਐੱਫ ਦੇ ਨਾਰਮਜ਼ ਮੁਤਾਬਿਕ 6800 ਰੁਪਿਆ ਦਿੱਤਾ ਜਾਂਦਾ ਹੈ, ਅਸੀਂ ਉਸ ਨੂੰ 10,000 ਰੁਪਏ ਕਰ ਰਹੇ ਹਾਂ, 3200 ਰੁਪਏ ਆਪਣੇ ਵੱਲੋਂ ਪਾ ਰਹੇ ਹਾਂ। (ਥੰਪਿੰਗ) ਇੱਥੇ ਮੈਂ ਇਹ ਵੀ ਦੱਸਣਾ ਚਾਹਾਂਗਾ ਕਿ 6800 ਰੁਪਏ ਵਿੱਚ ਵੀ ਪੰਜਾਬ ਦਾ 25% ਹਿੱਸਾ ਹੈ, ਉਹ ਅਲੱਗ ਹੈ। ਜਿਸ ਦਾ ਨੁਕਸਾਨ 75% ਤੋਂ 100% ਹੋਇਆ ਹੈ, ਉਸ ਵਿੱਚ ਐਸ.ਡੀ.ਆਰ.ਐੱਫ ਦੀ ਕੰਟ੍ਰੀਬਿਊਸ਼ਨ 6800 ਰੁਪਏ ਹੀ ਹੈ ਪਰ ਅਸੀਂ ਉਸ ਨੂੰ 20,000 ਰੁਪਏ ਪ੍ਰਤੀ ਏਕੜ ਕਰ ਰਹੇ ਹਾਂ, ਇਸ ਵਿੱਚ 13,200 ਰੁਪਿਆ ਪੰਜਾਬ ਵੱਲੋਂ ਪਾ ਰਹੇ ਹਾਂ। ਇਸ 6800 ਰੁਪਏ ਵਿੱਚ ਵੀ ਪੰਜਾਬ ਦਾ ਆਲਰੇਡੀ 1700 ਰੁਪਿਆ ਹੈ ਮਤਲਬ ਜੇ ਪੰਜਾਬ ਦਾ ਹਿੱਸਾ ਗਿਣਿਆ ਜਾਵੇ ਤਾਂ 20,000 ਵਿੱਚੋਂ 14,900 ਰੁਪਿਆ ਪੰਜਾਬ ਪਾ ਰਿਹਾ ਹੈ। ਐਸ.ਡੀ.ਆਰ.ਐਫ. ਦਾ ਸਿਰਫ 6800 ਰੁਪਏ ਹੀ ਹੈ। ਮੈਂ ਕੱਲ੍ਹ ਸ਼ਾਮ ਨੂੰ ਐਸ.ਡੀ.ਆਰ.ਐਫ. ਦੇ ਕਾਨੂੰਨਾਂ ਬਾਰੇ, ਮੁਆਵਜ਼ਾ ਵਧਾਉਣ ਬਾਰੇ ਹੋਮ ਮਨਿਸਟਰ ਸਾਹਿਬ ਨੂੰ ਮਿਲ ਰਿਹਾ ਹਾਂ। ਜਿਹੜੇ ਘਰ ਡਿੱਗ ਗਏ, ਤਰੇੜਾਂ ਆ ਗਈਆਂ ਜਾਂ ਕੁਝ ਵੀ ਡੈਮੇਜ ਹੋਇਆ ਹੈ, ਫੁੱਲੀ ਡੈਮੇਜ ਲਈ 1,20,000 ਰੁਪਿਆ ਹੈ ਤੇ ਪਾਰਸ਼ੀਅਲੀ ਡੈਮੇਜ ਲਈ ਐਸ.ਡੀ.ਆਰ.ਐਫ. 6500 ਰੁਪਿਆ ਕੰਟਰੀਬਿਊਟ ਕਰਦੀ ਹੈ। ਪੰਜਾਬ ਦੀ ਕੰਟਰੀਬਿਊਸ਼ਨ 33,500 ਰੁਪਿਆ ਹੈ, 6500 ਵਿੱਚ ਵੀ 1600 ਰੁਪਿਆ ਆਪਣਾ ਹੈ, ਇਸ ਤਰ੍ਹਾਂ ਅਸੀਂ ਟੋਟਲ 35,100 ਰੁਪਿਆ ਪਾਰਸ਼ੀਅਲੀ ਡੈਮੇਜਡ ਘਰਾਂ ਨੂੰ ਦੇ ਰਹੇ ਹਾਂ। (ਥੰਪਿੰਗ) ਆਪਣੇ ਵੱਲੋਂ ਪਾ ਕੇ + ਐਸ.ਡੀ.ਆਰ.ਐਫ. ਦਾ ਮਿਲਾ ਕੇ 40,000 ਰੁਪਏ ਦੇ ਨੇੜੇ-ਤੇੜੇ ਹੋ ਜਾਣੇ ਹਨ। ਬਾਕੀ ਜਿਹੜੀਆਂ ਕੈਟਾਗਰੀਜ਼ ਹਨ, ਉਨ੍ਹਾਂ ਬਾਰੇ ਅਸੀਂ ਟਾਈਮ ਬਾਊਂਡ ਕੰਮ ਕਰ ਰਹੇ ਹਾਂ। 13 ਸਤੰਬਰ ਤੋਂ ਸਪੈਸ਼ਲ ਗਿਰਦਾਵਰੀ ਚੱਲ ਰਹੀ ਹੈ, ਇਸ ਲਈ 45 ਦਿਨ ਮੁਕੱਰਰ ਹਨ। 15 ਸਤੰਬਰ ਤੋਂ livestock loss and damaged houses ਦਾ ਸਰਵੇ ਚੱਲ ਰਿਹਾ ਹੈ, ਇਸ ਲਈ 40 ਦਿਨ ਹਨ। ਦੀਵਾਲੀ 20 ਅਕਤੂਬਰ ਦੀ ਹੈ, ਲਗਭਗ 15 ਅਕਤੂਬਰ ਤੋਂ

ਮਤਲਬ ਦੀਵਾਲੀ ਤੋਂ ਪਹਿਲਾਂ, ਅਸੀਂ 2-2, 3-3 ਜ਼ਿਲ੍ਹਿਆਂ ਵਿੱਚ ਘਰਾਂ ਦੇ, ਪਸ਼ੂਆਂ ਦੇ, ਫਸਲਾਂ ਦੇ ਮੁਆਵਜ਼ੇ ਦੇ ਚੈੱਕ ਹੱਥੀਂ ਵੰਡਣ ਲੱਗ ਜਾਵਾਂਗੇ ਤਾਂ ਕਿ ਲੋਕਾਂ ਨੂੰ ਕੁਝ ਦੀਵੇ ਬਾਲਣ ਦਾ ਕੋਈ ਮਕਸਦ ਮਿਲ ਜਾਵੇ। (ਥੰਪਿੰਗ) ਨਹੀਂ ਤਾਂ ਕਾਲੀ ਦੀਵਾਲੀ ਅਸੀਂ ਬੜੀ ਵਾਰੀ ਮਨਾ ਚੁੱਕੇ ਹਾਂ। ਬੜੀਆਂ ਦੀਵਾਲੀਆਂ ਕਾਲੀਆਂ ਲੰਘੀਆਂ ਹਨ। ਇਹ ਕੰਮ ਟਾਈਮ ਬਾਊਂਡ ਹੈ। ਅਸੀਂ ਪਹਿਲਾਂ ਹੀ ਕਿਹਾ ਹੈ ਕਿ 40 ਦਿਨਾਂ ਵਿੱਚ ਸਪੈਸ਼ਲ ਗਿਰਦਾਵਰੀਆਂ ਕਰ ਦੇਵਾਂਗੇ। ਹੁਣ ਹੜ੍ਹ ਦਾ ਪਾਣੀ ਘੱਟ ਰਿਹਾ ਹੈ ਤਾਂ ਅੰਦਰ ਤੱਕ ਜਾ ਕੇ ਨੁਕਸਾਨ ਦਾ ਜ਼ਿਆਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਹ ਨਹੀਂ ਹੈ ਕਿ ਅਸੀਂ ਬਾਅਦ ਵਿੱਚ ਫਿਰ ਤੋਂ ਗਿਰਦਾਵਰੀਆਂ ਕਰਦੇ ਰਹੀਏ। ਡੀ-ਸਿਲਟਿੰਗ ਵਾਸਤੇ ਅਸੀਂ 7200 ਰੁਪਏ ਪ੍ਰਤੀ ਏਕੜ ਕਿਸਾਨ ਨੂੰ ਦੇ ਰਹੇ ਹਨ, ਉਹ ਚਾਹੇ ਇਹ ਪੈਸੇ ਡੀਜ਼ਲ ਲਈ ਵਰਤ ਲਵੇ, ਚਾਹੇ ਇੱਧਰੋਂ-ਉਧਰੋਂ ਟਰੈਕਟਰ ਲੈਣ ਜਾਂ ਜੇ.ਸੀ.ਬੀ. ਲਈ ਵਰਤ ਲਵੇ। ਵੈਸੇ ਜੇ.ਸੀ.ਬੀ. ਅਤੇ ਟਰੈਕਟਰ ਸਾਡੇ ਵੀ ਹੋਣਗੇ ਫਿਰ ਵੀ 7200 ਰੁਪਿਆ ਪ੍ਰਤੀ ਏਕੜ ਕਿਸਾਨਾਂ ਨੂੰ ਰੇਤ ਚੁੱਕਣ ਵਾਸਤੇ ਖਰਚਾ ਦੇ ਰਹੇ ਹਾਂ। (ਥੰਪਿੰਗ) ਇੱਕ ਹੋਰ ਦਿੱਕਤ ਆਈ ਹੈ ਕਿ ਕੁਝ ਜ਼ਮੀਨਾਂ ਰੁੜ੍ਹ ਗਈਆਂ ਹਨ। ਦਰਿਆ ਨੇ ਆਪਣਾ ਰੁਖ ਬਦਲ ਲਿਆ। ਉਹ ਜ਼ਮੀਨਾਂ ਹੁਣ ਕਿੱਥੇ ਭਾਲਾਂਗੇ? ਉਹ ਜ਼ਮੀਨਾਂ ਤਾਂ ਦਰਿਆ ਲੈ ਗਿਆ ਹੈ। ਉਸ ਵਾਸਤੇ 47,500 ਪ੍ਰਤੀ ਹੈਕਟੇਅਰ, ਹੈਕਟੇਅਰ ਢਾਈ ਏਕੜ ਦਾ ਹੁੰਦਾ ਹੈ, ਮਤਲਬ ਕਿ ਜ਼ਮੀਨਾਂ ਦੇ ਮਾਲਕਾਂ ਨੂੰ 18,800 ਰੁਪਿਆ ਪ੍ਰਤੀ ਏਕੜ ਮੁਆਵਜ਼ਾ ਦੇਵਾਂਗੇ। ਦਰਿਆ ਤੋਂ ਜ਼ਮੀਨ ਤਾਂ ਵਾਪਸ ਨਹੀਂ ਲਈ ਜਾ ਸਕਦੀ। ਦਰਿਆ ਤਾਂ ਆਪਣੇ ਰਸਤੇ ਆਪ ਬਣਾਉਂਦੇ ਹਨ। ਬਾਕੀ ਫਿਰੋਜ਼ਪੁਰ ਅਤੇ ਫਾਜ਼ਿਲਕਾ ਦਾ ਸੇਮ ਦਾ ਏਰੀਆ, ਜਿੱਥੇ ਕਿ ਪਹਿਲਾਂ ਹੀ ਪਾਣੀ ਸੀ, ਇਹ ਮੁਆਵਜ਼ਾ ਉਸ ਪਾਣੀ ਨੂੰ ਕੱਢਣ ਵਾਸਤੇ, ਚਾਹੇ ਡੀਜ਼ਲ ਦੇ ਤੌਰ ਤੇ, ਇੰਜਣ ਲਗਾ ਕੇ ਪਾਈਪਾਂ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ। ਇਸ ਲਈ ਅਸੀਂ ਮੁੱਖ ਮੰਤਰੀ ਰਿਲੀਫ ਫੰਡ ਵਿੱਚੋਂ 4.5 ਕਰੋੜ ਰੁਪਿਆ ਜਾਰੀ ਕਰ ਚੁੱਕੇ ਹਾਂ ਤਾਂ ਕਿ ਕਿਸਾਨ ਅਗਲੀ ਫਸਲ ਲਈ ਤਿਆਰੀ ਕਰ ਸਕਣ।(ਥੰਪਿੰਗ)

ਜਿਵੇਂ ਰਾਣਾ ਗੁਰਜੀਤ ਜੀ ਨੇ ਕਿਹਾ ਹੈ ਕਿ ਜੇ ਆਈ.ਐਮ.ਡੀ. ਦੇ ਅੰਦਾਜ਼ੇ ਫੇਲ੍ਹ ਹੁੰਦੇ ਹਨ ਤਾਂ ਇੰਟਰਨੈਸ਼ਨਲ ਏਜੰਸੀਆਂ ਤੋਂ ਹੈਲਪ ਲੈ ਸਕਦੇ ਹਾਂ। ਅਸੀਂ ਆਈ.ਆਈ.ਟੀ. ਖੜਗਪੁਰ, ਆਈ.ਆਈ.ਟੀ. ਬੰਗਲੌਰ ਅਤੇ ਥਾਪਰ ਯੂਨੀਵਿਰਸਿਟੀ, ਪਟਿਆਲਾ ਤੋਂ ਭਵਿੱਖ ਵਾਸਤੇ ਮਦਦ ਲੈ ਰਹੇ ਹਾਂ। ਥਾਪਰ ਯੂਨੀਵਰਸਿਟੀ, ਪਟਿਆਲਾ ਆਪਣਾ ਸੈਟੇਲਾਈਟ ਲਾਂਚ ਕਰ ਰਹੀ ਹੈ, ਇਸ ਲੈਵਲ ਤੇ ਉਹ ਇੰਜੀਨੀਅਰਿੰਗ ਵਿੱਚ ਅੱਗੇ ਚਲੇ ਗਏ ਹਨ ਕਿ ਉਨ੍ਹਾਂ ਨੇ ਇਜਾਜ਼ਤ ਲੈ ਲਈ ਹੈ ਅਤੇ ਆਪਣਾ ਸੈਟੇਲਾਈਟ ਲਾਂਚ ਕਰ ਰਹੇ ਹਨ। ਭਵਿੱਖ ਵਿੱਚ ਕਿਸੇ ਵੀ ਕਿਸਮ ਦਾ ਅੰਦਾਜ਼ਾ ਲਗਾਉਣ ਵਾਸਤੇ ਉਨ੍ਹਾਂ ਕੋਲ ਆਪਣੇ ਸੈਟੇਲਾਈਟ ਇਮੇਜਜ਼ ਅਤੇ ਕੰਟਰੋਲ ਰੂਮ ਹੋਵੇਗਾ। ਇਸ ਤਰ੍ਹਾਂ ਅਸੀਂ ਪੰਜਾਬ ਵਿੱਚੋਂ ਹੀ ਓਪਰੇਟ ਕਰ ਸਕਾਂਗੇ, ਉਹ ਸਾਡੀ ਹਰ ਤਰ੍ਹਾਂ ਦੀ ਮਦਦ ਕਰਨ ਵਾਸਤੇ ਤਿਆਰ ਹਨ। ਅੱਜ ਮੈਂ ਇਸ ਕਰਕੇ ਇਹ ਸਾਰੇ ਅੰਕੜੇ ਦੱਸ ਰਿਹਾ ਹਾਂ ਕਿਉਂਕਿ ਡੀ-ਸਿਲਟਿੰਗ ਦੇ ਬਿਲ ਆਉਣੇ ਹਨ ਜਾਂ ਮੁਆਵਜ਼ੇ ਦੇ ਬਿਲ ਆਉਣੇ ਹਨ। ਅਸੀਂ ਉਨ੍ਹਾਂ ਨੂੰ ਲਿਖਿਆ ਸੀ ਕਿ 33% ਡੈਮੇਜ਼ ਦਾ 6800 ਰੁਪਏ ਦੀ ਬਜਾਏ ਵੱਧ ਫਿਕਸ ਕਰ ਦਿਉ। ਇਸ ਵਿੱਚ ਸਟੇਟ ਗੌਰਮਿੰਟ ਦਾ ਕੰਟਰੀਬਿਊਸ਼ਨ 8200 ਰੁਪਿਆ ਪ੍ਰਤੀ ਏਕੜ ਹੋ ਜਾਵੇ ਅਤੇ 15,000 ਰੁਪਏ ਪ੍ਰਤੀ ਏਕੜ ਕਿਸਾਨ ਨੂੰ ਮਿਲ ਜਾਵੇ। ਅਸੀਂ 50,000 ਰੁਪਏ ਪ੍ਰਤੀ ਏਕੜ ਦੀ ਮੰਗ ਕੀਤੀ ਹੈ ਪਰ ਉਹ ਕਹਿੰਦੇ ਹਨ ਕਿ ਸਾਡੇ ਤਾਂ ਇਹੀ ਰੇਟ ਹਨ, ਅਸੀਂ ਹੋਰ ਨਹੀਂ ਦੇ ਸਕਦੇ। ਸਪੀਕਰ ਸਾਹਿਬ, ਦੁੱਖ ਦੀ ਗੱਲ ਇਹ ਹੈ ਕਿ ਪਰਸੋਂ ਕੇਂਦਰ ਦਾ ਇੱਕ ਮੰਤਰੀ ਇੱਥੇ ਆਇਆ ਤੇ ਉਸ ਨੇ ਬਿਆਨ ਦੇ ਦਿੱਤਾ ਕਿ 1600 ਕਰੋੜ ਰੁਪਏ ਸਿੱਧਾ ਕਿਸਾਨ ਨੂੰ ਦੇਵਾਂਗੇ, ਪੰਜਾਬ ਸਰਕਾਰ ਨੂੰ ਨਹੀਂ ਦੇਵਾਂਗੇ। (ਟਰੇਜ਼ੀਰ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਇਹ ਉਨ੍ਹਾਂ ਨੇ ਬੜਾ ਗੈਰ-ਜ਼ਿੰਮੇਵਾਰਾਨਾ ਬਿਆਨ ਦਿੱਤਾ ਹੈ। ਅਸੀਂ ਗੱਲ ਕੀਤੀ ਕਿ ਕੀ ਤੁਸੀਂ ਪੰਜਾਬ ਨੂੰ ਅਨ-ਡਿਕਲੇਅਰਡ ਯੂ.ਟੀ. ਡਿਕਲੇਅਰ ਕਰ ਰੱਖਿਆ ਹੈ? ਤੁਸੀਂ

ਫੈਡਰਲ ਸਟ੍ਰਕਚਰ ਨੂੰ ਕਿਵੇਂ ਤੋੜ ਰਹੇ ਹੋ? ਇਸ ਵਾਸਤੇ ਕੌਣ ਜ਼ਿੰਮੇਵਾਰ ਹੋਵੇਗਾ? ਤੁਸੀਂ ਸਰਕਾਰ ਤੋਂ ਬਿਨਾਂ ਡਾਟਾ ਕਿੱਥੋਂ ਲੈ ਲਉਗੇ? ਇੱਕ ਸਿਲੈਕਟਿਡ-ਨਾਮੀਨੇਟਿਡ ਗਵਰਨਰ, ਪ੍ਰਧਾਨ ਮੰਤਰੀ ਨੂੰ ਮਿਲ ਚੁੱਕਿਆ ਹੈ ਪਰ ਇਲੈਕਟਿਡ ਬੰਦੇ ਨੂੰ ਪ੍ਰਧਾਨ ਮੰਤਰੀ ਮਿਲਣ ਦਾ ਟਾਈਮ ਹੀ ਨਹੀਂ ਦੇ ਰਿਹਾ। ਇਸ ਦਾ ਮਤਲਬ ਹੈ ਕਿ ਤੁਸੀਂ ਰਾਸ਼ਟਰਪਤੀ ਰਾਜ ਹੀ ਲਗਾ ਰੱਖਿਆ ਹੈ ਤੇ ਫਿਰ ਤਾਂ ਤੁਸੀਂ ਪੰਜਾਬ ਨੂੰ ਯੂ.ਟੀ. ਹੀ ਬਣਾ ਰੱਖਿਆ ਹੈ। ਜਦੋਂ ਅਸੀਂ ਇਸ ਦਾ ਵਿਰੋਧ ਕੀਤਾ ਤਾਂ ਕੱਲ੍ਹ ਮੰਤਰੀ ਸਾਹਿਬ ਬੜੇ ਪਿਆਰ ਨਾਲ ਮੁਕਰ ਗਏ, ਜਿਵੇਂ ਭਾਜਪਾ ਮੁਕਰਦੀ ਹੁੰਦੀ ਹੈ ਕਿਉਂਕਿ ਉਪਰੋਂ ਫੋਨ ਆ ਗਿਆ ਹੋਣਾ ਤੇ ਕਹਿੰਦੇ ਕਿ ਮੈਂ ਤਾਂ ਕਿਹਾ ਹੀ ਨਹੀਂ ਸੀ, ਇਹ ਤਾਂ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ, ਪੰਜਾਬ ਸਰਕਾਰ ਨੂੰ ਹੀ ਦੇਵਾਂਗੇ। ਮੈਂ ਉਸ ਦਿਨ ਵੀ ਕਿਹਾ ਸੀ ਕਿ ਇਹ ਦੋ-ਤਿੰਨ ਹਰ ਰੋਜ਼ ਆਉਂਦੇ ਹਨ ਅਤੇ ਜ਼ਿਆਦਾਤਰ ਐਸੇ ਆਉਂਦੇ ਹਨ ਜਿਹੜੇ ਮੰਤਰੀਆਂ ਦੇ ਨਾਂ ਵੀ ਨਹੀਂ ਜਾਣਦੇ। ਆਪਾਂ ਤਾਂ ਦੋ-ਤਿੰਨ ਨੂੰ ਹੀ ਜਾਣਦੇ ਹਾਂ ਕਿਉਂਕਿ ਹੋਰ ਤਾਂ ਕਿਸੇ ਦੀ ਚੱਲਣ ਹੀ ਨਹੀਂ ਦਿੰਦੇ, ਉਹ ਮੁੜਤਮ-ਘਟਕਮ ਇੱਥੇ ਆ ਜਾਂਦੇ ਹਨ ਤੇ ਸਾਡੇ ਡੀ.ਸੀਜ਼. ਨੂੰ ਲੈ ਕੇ ਫਿਰਦੇ ਰਹਿੰਦੇ ਹਨ, ਕੁਝ ਕਰਦੇ ਨਹੀਂ ਹਨ ਬਸ ਫੋਟੋਆਂ ਖਿਚਵਾ ਕੇ ਤੁਰ ਜਾਂਦੇ ਹਨ। ਕੋਈ ਪੁੱਠਾ-ਸਿੱਧਾ ਬਿਆਨ ਦੇ ਦਿੰਦੇ ਹਨ ਤੇ ਫਿਰ ਬਾਅਦ ਵਿੱਚ ਕਹਿ ਦਿੰਦੇ ਹਨ ਕਿ ਬਿਆਨ ਤੋੜ-ਮਰੋੜ ਕੇ ਪੇਸ਼ ਕਰ ਦਿੱਤਾ ਹੈ। ਸਾਡੇ ਡੀ.ਸੀਜ਼. ਨੂੰ, ਸਾਡੇ ਅਫਸਰਾਂ ਨੂੰ ਕੰਮ ਲਗਾਈ ਫਿਰਦੇ ਹਨ। ਅਸੀਂ ਉਨ੍ਹਾਂ ਨੂੰ ਕਹਿੰਦੇ ਹਾਂ ਕਿ ਠੀਕ ਹੈ, ਫੋਟੋ ਹੋ ਗਈ ਅਤੇ ਹੁਣ ਜਹਾਜ਼ ਚੜ੍ਹ ਜਾਉ, ਕਿਰਪਾ ਕਰਕੇ ਸਾਨੂੰ ਕੰਮ ਕਰ ਲੈਣ ਦਿਉ, ਸਾਡੇ ਅਫਸਰਾਂ ਨੂੰ ਕੰਮ ਕਰ ਲੈਣ ਦਿਉ। ਉਹ ਡਿਜਾਸਟਰ ਟੂਰਿਜ਼ਮ ਤੇ ਇੱਥੇ ਆਉਂਦੇ ਹਨ। ਇੱਕ ਪਾਸੇ ਤਾਂ ਸੈਂਟਰ ਸਰਕਾਰ ਕਹਿ ਰਹੀ ਹੈ ਕਿ ਅਸੀਂ ਪੰਜਾਬ ਨੂੰ ਪੈਸੇ ਨਹੀਂ ਦੇਣੇ, ਦੂਜੇ ਪਾਸੇ ਲੀਡਰ ਆਫ ਦਿ ਆਪੋਜ਼ੀਸ਼ਨ ਕਹਿੰਦੇ ਹਨ ਕਿ ਮਿਸ਼ਨ ਚੜ੍ਹਦੀਕਲਾ ਵਿੱਚ ਪੈਸੇ ਨਾ ਪਾ ਦਿਉ, ਇਹ ਰੰਗਲਾ ਪੰਜਾਬ ਤਾਂ ਠੱਗੀ ਹੈ। ਜਨਾਬ ਜੀ, ਇਸ ਵਿੱਚ ਕੀ ਮਾੜੀ ਗੱਲ ਹੈ ਕਿ ਅਸੀਂ ਕੋਈ ਐਸਾ ਫੰਡ ਬਣਾ ਲਿਆ ਜਿਹੜਾ ਵਿੱਤ ਮੰਤਰਾਲੇ ਦੇ ਅੰਡਰ ਆਉਂਦਾ ਹੈ। ਇੰਡੀਅਨ ਵਿੱਤ ਮੰਤਰਾਲੇ ਤੋਂ ਅਸੀਂ ਇਨਕਮ ਟੈਕਸ ਦੀਆਂ ਐਗਜ਼ੰਪਸ਼ਨਜ਼ ਲਈਆਂ ਹਨ, ਪੂਰੇ ਦੇਸ਼ ਦੇ ਐਮ.ਪੀ. ਪਹਿਲਾਂ ਵੀਹ ਲੱਖ ਰੁਪਏ ਆਪਣੀ ਕੰਸਟੀਚੂਐਂਸੀ ਤੋਂ ਬਾਹਰ ਦੇ ਸਕਦੇ ਸੀ ਪਰ ਹੁਣ ਇੱਕ ਕਰੋੜ ਰੁਪਿਆ ਦੇ ਸਕਦੇ ਹਨ ਕਿਉਂਕਿ ਅਸੀਂ ਉਨ੍ਹਾਂ ਤੋਂ ਅਤਿ ਗੰਭੀਰ ਆਪਦਾ ਡਿਕਲੇਅਰ ਕਰਵਾ ਲਈ ਹੈ ਤੇ ਉਹ ਇਸ ਵਿੱਚ ਪੈਸੇ ਪਾ ਸਕਦੇ ਹਨ। ਉਸ ਪੈਸੇ ਦਾ ਸਾਰਾ ਹਿਸਾਬ-ਕਿਤਾਬ ਹੋਵੇਗਾ ਤੇ ਉਸ ਨੂੰ ਟਰਾਂਸਪੇਰੈਂਟ ਤਰੀਕੇ ਨਾਲ ਖਰਚਿਆ ਜਾਵੇਗਾ। ਇਹ ਕਿਹੜਾ ਪਹਿਲੀ ਵਾਰ ਹੋਇਆ ਹੈ। ਇਹ ਕਹਿੰਦੇ ਹਨ ਕਿ ਕੰਗਲਾ ਪੰਜਾਬ ਬਣਾ ਦਿੱਤਾ ਹੈ ਤੇ ਭਗਵੰਤ ਮਾਨ ਤਾਂ ਮੰਗਦਾ ਫਿਰਦਾ ਹੈ। ਭਗਵੰਤ ਮਾਨ ਕੋਲ ਆਪਣੇ ਨਹੀਂ ਹਨ, ਭਗਵੰਤ ਮਾਨ ਨੇ ਪੰਜਾਬ ਨਹੀਂ ਲੁੱਟਿਆ ਹੈ, ਜਿਨ੍ਹਾਂ ਨੇ ਲੁੱਟਿਆ ਹੈ ਉਹ ਤਾਂ ਗੱਥੀਆਂ ਲਈ ਫਿਰਦੇ ਹਨ ਕਿ ਚੱਕ ਓਏ, ਲੈ ਜਾ ਓਏ, ਲੁੱਟ ਲੈ। ਜਦੋਂ 1962 ਵਿੱਚ ਚੀਨ ਨਾਲ ਲੜਾਈ ਲੱਗੀ ਸੀ ਤਾਂ ਨੈਸ਼ਨਲ ਡਿਫੈਂਸ ਫੰਡ ਬਣਾਇਆ ਗਿਆ ਸੀ ਤੇ ਪੂਰੇ ਦੇਸ਼ ਤੋਂ ਸੋਨਾ ਮੰਗਿਆ ਗਿਆ ਸੀ ਕਿ ਨੈਸ਼ਨਲ ਡਿਫੈਂਸ ਫੰਡ ਵਿੱਚ ਸੋਨਾ ਦਿਉ ਤਾਂ ਉਸ ਸਮੇਂ ਕੁੱਲ 252 ਕਿੱਲੋ ਸੋਨਾ ਪੰਜਾਬ ਵੱਲੋਂ ਇਕੱਠਾ ਹੋਇਆ ਸੀ ਤੇ ਸਾਡੀਆਂ ਧੀਆਂ, ਭੈਣਾਂ, ਮਾਵਾਂ ਨੇ ਆਪਣੇ ਕੰਨਾਂ ਦੀਆਂ ਵਾਲੀਆਂ ਲਾਹ ਲਾਹ ਕੇ ਪੂਰੇ ਦੇਸ਼ ਨਾਲੋਂ 47 ਗੁਣਾ ਜ਼ਿਆਦਾ ਸੋਨਾ ਜਵਾਹਰ ਲਾਲ ਨਹਿਰੂ ਨੂੰ ਦੇ ਦਿੱਤਾ ਸੀ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਤੁਸੀਂ ਥੋੜ੍ਹਾ ਜਿਹਾ ਹਿਸਟਰੀ ਪੜ੍ਹ ਕੇ ਆਇਆ ਕਰੋ ਕਿ ਚੀਨ ਨਾਲ ਲੜਾਈ ਵੇਲੇ ਨੈਸ਼ਨਲ ਡਿਫੈਂਸ ਫੰਡ ਬਣਾਇਆ ਗਿਆ ਸੀ। ਫਿਰ ਪੰਜਾਬ ਸਰਕਾਰ ਨੇ ਜਵਾਹਰ ਲਾਲ ਨਹਿਰੂ ਦੇ 73ਵੇਂ ਜਨਮ ਦਿਨ ਤੇ 130 ਕਿੱਲੋ ਸੋਨੇ ਦਾ ਗਿਫਟ ਦਿੱਤਾ ਸੀ ਜੋ ਕਿ ਪੰਜਾਬ ਦੇ ਲੋਕਾਂ ਨੇ ਦਾਨ ਦਿੱਤਾ ਸੀ। ਨਕਦੀ ਵਿੱਚ 8 ਕਰੋੜ ਰੁਪਏ ਦਾਨ ਦਿੱਤੇ ਸਨ। 1962 ਵੇਲੇ ਇਕੱਲੇ ਪੰਜਾਬ ਦਾ 3.7 ਕਰੋੜ ਰੁਪਿਆ ਸੀ ਜੋ ਕਿ ਪੂਰੇ ਦੇਸ਼ ਵੱਲੋਂ ਪਾਏ ਯੋਗਦਾਨ ਦਾ 46% ਹਿੱਸਾ ਸੀ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਕਿਹਾ ਸੀ ਕਿ ਸੋਨਾ ਅਤੇ ਖ਼ੂਨ ਨਾਲ ਦੇਸ਼ ਦੀ ਰਾਖੀ ਕਰਨੀ ਹੈ। ਸਾਡੇ ਜਵਾਨ ਖ਼ੂਨ ਵੀ ਦੇ ਰਹੇ ਸੀ ਅਤੇ

ਮਾਂਵਾਂ-ਭੈਣਾਂ ਕੰਨਾਂ ਵਿੱਚੋਂ ਸੋਨਾ ਲਾਹ ਕੇ ਦੇ ਰਹੀਆਂ ਸੀ। ਉਸ ਵੇਲੇ ਹੁਣ ਵਾਲਾ ਕੰਮ ਨਹੀਂ ਸੀ। ਅੱਜ ਕੱਲ੍ਹ ਤਾਂ ਧੀ ਦਾ ਸੋਨਾ ਅਲੱਗ ਹੈ, ਨੂੰਹ ਦਾ ਅਲੱਗ ਹੈ, ਮਾਂ ਦਾ ਅਲੱਗ ਹੈ, ਪਹਿਲਾਂ ਤਾਂ ਇੱਕੋ ਟੂੰਬਾਂ ਨਾਲ ਹੀ ਤਿੰਨ-ਤਿੰਨ ਪੀੜ੍ਹੀਆਂ ਵਿਆਹ ਦਿੰਦੇ ਸੀ। ਉਹੀ ਟੂੰਬਾਂ ਮਾਂ ਆਪਣੀ ਧੀ ਨੂੰ ਦੇ ਦਿੰਦੀ ਸੀ ਅਤੇ ਅੱਗੇ ਧੀ ਆਪਣੀ ਧੀ ਨੂੰ ਦੇ ਦਿੰਦੀ ਸੀ। ਉਸ ਵੇਲੇ ਇਹ ਸੋਨਾ ਦਿੱਤਾ ਗਿਆ ਸੀ। ਇਹ ਕੋਈ ਪਹਿਲੀ ਵਾਰ ਨਹੀਂ ਸੀ ਹੋਇਆ ਔਰ ਉਹ ਪੈਸਾ ਆਰ.ਬੀ.ਆਈ. ਵਿੱਚ ਜਮ੍ਹਾਂ ਕਰਵਾਇਆ ਹੈ। ਤੁਸੀਂ ਆ ਕੇ ਕਹਿੰਦੇ ਹੋ ਇਹ ਕੰਗਲਾ ਪੰਜਾਬ ਬਣਾ ਦਿੱਤਾ। ਤੁਸੀਂ ਕਹਿੰਦੇ ਹੋ ਕਿ ਇਹ ਤਾਂ ਮੰਗੀ ਜਾਂਦਾ ਹੈ। ਤੁਸੀਂ ਤਾਂ 1962 ਦੇ ਮੰਗਣ ਲੱਗੇ ਹੋਏ ਹੋ। ਫਿਰ ਚਾਈਨਾ ਨਾਲ ਲੜਾਈ ਕਿਸ ਨੇ ਲਵਾਈ ਸੀ? ਸੋ, ਜਦੋਂ ਦੇਸ਼ ਨੂੰ ਲੋੜ ਪੈਂਦੀ ਹੈ, ਇਸ ਤਰ੍ਹਾਂ ਦੀ ਆਪਦਾ ਆਉਂਦੀ ਹੈ ਤਾਂ ਇਹ ਲੋਕ ਲਹਿਰ ਬਣਾਉਣੀ ਪੈਂਦੀ ਹੈ। ਤੁਸੀਂ ਸਾਡੇ ਤੇ ਸ਼ੱਕ ਕਰੀ ਜਾਂਦੇ ਹੋ, ਇਹ ਇੱਥੋਂ ਖਾ ਜਾਣਗੇ, ਇਹ ਉਥੋਂ ਖਾ ਜਾਣਗੇ, ਤੁਹਾਨੂੰ ਖਾਣ ਤੋਂ ਬਿਨਾਂ ਹੋਰ ਕੁਝ ਦਿਖਦਾ ਹੀ ਨਹੀਂ। ਕਾਂਗਰਸ ਦੇ ਸੰਸਦ ਮੈਂਬਰਾਂ ਦਾ ਕਿੰਨਾ ਸੋਨਾ ਸੀ? ਉਨ੍ਹਾਂ ਨੇ ਉਸ ਸਮੇਂ ਕਿੰਨਾ ਸੋਨਾ ਦਿੱਤਾ ਸੀ? ਉਨ੍ਹਾਂ ਨੇ ਬੜਾ ਖੁੱਲ੍ਹਦਿਲੀ ਨਾਲ ਦਿੱਤਾ, 0.6 ਕਿੱਲੋ ਯਾਨੀ ਕਿ ਅੱਧਾ ਕਿੱਲੋ ਦਿੱਤਾ, (ਟਰੇਜ਼ਰੀ ਬੈਂਚਿਜ ਵਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਸੋਨੇ ਦੇ ਬਿਸਕੁਟ ਪਾਕਿਸਤਾਨ ਤੋਂ ਘਰੇ ਆਉਂਦੇ ਸੀ, ਉਹੀ ਦੇ ਦਿੰਦੇ। 1965 ਵਿੱਚ ਵੀ ਲੜਾਈ ਉਨ੍ਹਾਂ ਨਾਲ ਹੀ ਸੀ, ਉਨ੍ਹਾਂ ਦਾ ਸੋਨਾ ਆਪਾਂ ਉਨ੍ਹਾਂ ਤੇ ਹੀ ਵਰਤ ਲੈਂਦੇ। ਸਾਡੇ ਨਾਲ ਤੁਸੀਂ ਇਸ ਤਰ੍ਹਾਂ ਨਾ ਕਰੋ, ਘੱਟੋ-ਘੱਟ ਹਿਸਟਰੀ ਪੜ੍ਹ ਕੇ ਆਇਆ ਕਰੋ ਪਰ ਹਿਸਟਰੀ ਕਿੱਥੋਂ ਪੜ੍ਹਨ? ਇਨ੍ਹਾਂ ਦਾ ਆਪਸ ਵਿੱਚ ਪ੍ਰੈਜ਼ੈਂਟ ਹੀ ਨਹੀਂ ਮੁੱਕਦਾ। ਅੱਜ ਰਾਣਾ ਜੀ ਨੇ ਕਬਰ ਖੋਦ ਦਿੱਤੀ, ਕਹਿੰਦੇ ਕਿ ਕਬਰ ਖੋਦੀ ਪਈ ਹੈ, ਚਾਹੇ ਆਮ ਆਦਮੀ ਪਾਰਟੀ ਨੂੰ ਸੁੱਟ ਦਿਉ, ਚਾਹੇ ਕ੍ਰਿਸ਼ਨ ਕੁਮਾਰ ਨੂੰ ਸੁੱਟ ਦਿਉ। ਜਨਾਬ ਜੀ, ਜਿਹੜੀਆਂ ਕਾਂਗਰਸ ਨੇ ਕਬਰਾਂ ਖੋਦੀਆਂ ਸੀ, ਉਨ੍ਹਾਂ ਬਾਰੇ ਦੱਸੋ। ਚਾਹੇ ਉਹ ਪਾਣੀ ਵਾਲੀ ਕਬਰ ਸੀ। ਕੀ ਚਾਂਦੀ ਦੀ ਕਹੀ ਨਾਲ ਕਬਰ ਨਹੀਂ ਖੋਦੀ ਸੀ? ਕਪੂਰੀ ਵਿਖੇ ਚਾਂਦੀ ਦੀ ਕਹੀ ਨਾਲ ਪੰਜਾਬ ਦੇ ਹੱਕਾਂ ਦੀਆਂ ਕਬਰਾਂ ਖੋਦੀਆਂ ਸੀ। 1984 ਵਿੱਚ ਟੈਂਕਾਂ ਨਾਲ ਕਬਰਾਂ ਨਹੀਂ ਸੀ ਖੋਦੀਆਂ? (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਕਾਂਗਰਸ ਨੂੰ ਇਸ ਕਬਰ ਵਿੱਚ ਸੁੱਟੀਏ, ਹਾਂ ਜੀ, ਉੱਥੇ ਨਾਲ ਫੱਟਾ ਵੀ ਲਾਵਾਂਗੇ ਕਿ ਕਿੰਨੇ ਤੋਂ ਕਿੰਨੇ ਤੱਕ ਆਰ.ਆਈ.ਪੀ. ਕਾਂਗਰਸ, ਕਬਰਾਂ ਖੋਦਦੇ ਫਿਰਦੇ ਹਨ। ਤਿੰਨ ਸਾਲ ਦਾ ਸਾਡਾ ਟੈਨਿਉਰ ਹੈ, ਜਿਉਂ ਲੱਗੇ ਹਨ ਕਿ ਭਗਵੰਤ ਮਾਨ, ਭਗਵੰਤ ਮਾਨ, ਸੁਪਨੇ ਵਿੱਚ ਵੀ ਭਗਵੰਤ ਮਾਨ, ਪਹਿਲਾਂ ਕਹੀ ਗਏ ਕਿ ਆ ਕੇ ਦਿਖਾਉ, ਜਿੱਤ ਕੇ ਦਿਖਾਉ। ਜੇ ਜਿੱਤ ਗਏ ਤਾਂ ਹੁਣ ਭਗਵੰਤ ਮਾਨ, ਭਗਵੰਤ ਮਾਨ, ਕੇਜਰੀਵਾਲ, ਕੇਜਰੀਵਾਲ, ਗਾਲ੍ਹਾਂ ਕੱਢਣ ਤੇ ਲੱਗੇ ਹੋਏ ਹਨ। ਸੋ, ਇਸ ਕਰਕੇ ਮੈਂ ਚਾਹੁੰਦਾ ਹੁੰਦਾ ਹਾਂ ਕਿ ਤੁਸੀਂ ਇਸ ਤਰ੍ਹਾਂ ਨਾ ਕਰੋ ਕਿਉਂਕਿ ਇਹ ਮੌਕਾ ਹੈ। ਬੀ.ਜੇ.ਪੀ. ਵਾਲੇ ਅੱਜ ਬਾਹਰ ਨਕਲੀ ਵਿਧਾਨ ਸਭਾ ਲਗਾਈ ਬੈਠੇ ਹਨ। ਬਾਜਵਾ ਸਾਹਿਬ, ਤੁਹਾਨੂੰ ਬੋਲਣ ਦਾ ਸ਼ੌਂਕ ਹੈ, ਇੱਥੇ ਥੋੜ੍ਹਾ ਜਿਹਾ ਲਿਮਟਿਡ ਟਾਈਮ ਮਿਲਦਾ ਹੈ। ਉੱਥੇ ਦੋ-ਦੋ ਘੰਟੇ ਮਿਲਦੇ ਪਏ ਹਨ, ਨਾਲੇ ਤੁਹਾਡਾ ਪੁਰਾਣਾ ਵਿੱਤ ਮੰਤਰੀ ਖੜ੍ਹਾ ਹੈ, ਉੱਥੇ ਉਰਦੂ ਦੇ ਸ਼ੇਅਰ ਬੋਲੀ ਜਾਂਦਾ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬੈਠੇ ਬੈਠੇ):** ਉਸੇ ਪਾਰਟੀ ਵਿੱਚ ਤੁਸੀਂ ਰਹੇ ਹੋ।

**ਮੁੱਖ ਮੰਤਰੀ:** ਮੈਂ ਤਾਂ ਛੱਡ ਗਿਆ ਸੀ, ਉਹ ਫਿਰ ਕਾਂਗਰਸ ਵਿੱਚ ਚਲੇ ਗਏ ਸੀ। ਜਦੋਂ ਉਹ ਕਾਂਗਰਸ ਵਿੱਚ ਗਏ ਸੀ, ਉਸ ਤੋਂ ਬਾਅਦ ਮੈਂ ਛੱਡਿਆ ਹੈ। ਉਸ ਤੋਂ ਬਾਅਦ ਉਹ ਤੁਹਾਡਾ ਵਿੱਤ ਮੰਤਰੀ ਰਿਹਾ ਹੈ। (ਵਿਘਨ) (ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮੁੱਖ ਮੰਤਰੀ:** ਫਿਰ ਤੁਸੀਂ ਲੀਡਰ ਤੋਂ ਬਿਨਾਂ ਹੀ ਪੰਜ ਸਾਲ ਖਜ਼ਾਨਾ ਮੰਤਰੀ ਕਿਉਂ ਬਣਾ ਦਿੱਤਾ? (ਵਿਘਨ) (ਸ਼ੋਰ) ਉਹ ਪੰਜ ਬਜਟ ਪੇਸ਼ ਕਰ ਗਿਆ, ਲੀਡਰ ਹੀ ਨਹੀਂ ਮੰਨਿਆ। ਉੱਥੇ ਉਹ ਨਕਲੀ ਵਿਧਾਨ ਸਭਾ ਲਗਾਈ ਬੈਠੇ ਹਨ। (ਵਿਘਨ) (ਸ਼ੋਰ) ਬੈਠ ਜਾਉ। ਉੱਥੇ ਚਲੇ ਜਾਉ, ਉੱਥੇ ਮੌਕਾ ਹੀ ਮੌਕਾ ਹੈ। ਉੱਥੇ ਸਰਦਾਰ ਚਰਨਜੀਤ ਸਿੰਘ ਅਟਵਾਲ ਸਪੀਕਰ ਬਣਿਆ ਬੈਠਾ ਹੈ, ਉੱਥੇ ਚਲੇ ਜਾਉ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਣਯੋਗ ਸਪੀਕਰ:** ਬਾਜਵਾ ਜੀ, ਤੁਸੀਂ ਬੈਠੋ। ਸੀ.ਐਮ. ਸਾਹਿਬ ਨੂੰ ਗੱਲ ਕਰ ਲੈਣ ਦਿਉ। (ਵਿਘਨ) (ਸ਼ੋਰ) ਸੀ.ਐਮ. ਸਾਹਿਬ, ਇੱਕ ਮਿੰਟ । ਬਾਜਵਾ ਜੀ, ਇੱਕ ਮਿੰਟ ਜੀ ਬੈਠੋ।

---

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ:** ਮੈਨੂੰ ਇਸ ਪਵਿੱਤਰ ਸਦਨ ਨੂੰ ਇਹ ਦੱਸਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਸਰਦਾਰ ਰਵਨੀਤ ਸਿੰਘ, ਮਾਣਯੋਗ ਕੇਂਦਰੀ ਰਾਜ ਰੇਲਵੇ ਮੰਤਰੀ, ਭਾਰਤ ਸਰਕਾਰ ਸਦਨ ਦੀ ਕਾਰਵਾਈ ਵੇਖਣ ਲਈ ਗਵਰਨਰ ਬਾਕਸ ਵਿੱਚ ਮੌਜੂਦ ਹਨ। ਆਉ, ਅਸੀਂ ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ। (ਥੰਪਿੰਗ)

ਮੈਨੂੰ ਇਸ ਪਵਿੱਤਰ ਸਦਨ ਨੂੰ ਇਹ ਦੱਸਣ ਵਿੱਚ ਵੀ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ ਕਿ ਸ੍ਰੀ ਬਾਬੂ ਸਿੰਘ ਮਾਨ, ਲੋਕ ਗੀਤਾਂ ਦੇ ਗੀਤਕਾਰ, ਪੰਜਾਬ ਦੇ ਗੀਤਕਾਰ ਅਤੇ ਲਿਖਾਰੀ, ਸਦਨ ਦੀ ਕਾਰਵਾਈ ਵੇਖਣ ਲਈ ਗਵਰਨਰ ਬਾਕਸ ਵਿੱਚ ਮੌਜੂਦ ਹਨ। ਆਉ, ਅਸੀਂ ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ। ਉਨ੍ਹਾਂ ਦੀ ਲੰਮੀ ਉਮਰ ਦੀ ਕਾਮਨਾ ਕਰੀਏ। ਬਹੁਤ ਧੰਨਵਾਦ ਜੀ। (ਥੰਪਿੰਗ)

---

## RESUMPTION OF DISCUSSION ON RESOLUTION ON REHABILITATION OF PUNJAB, CONDEMNING UNION GOVERNMENT'S FAILURE TO PROVIDE COMMENSURATE FLOOD RELIEF PACKAGE AND DEMANDING IMMEDIATE Rs. 1,600 CRORE RELEASE PLUS ENHANCED PACKAGE OF Rs. 20,000 CRORE (*Resumption*)

**ਮੁੱਖ ਮੰਤਰੀ :** ਸਰ, ਮੌਕ ਸੈਸ਼ਨ ਚੱਲ ਰਿਹਾ ਹੈ। ਇੱਥੇ ਆਉਂਦੇ ਨਹੀਂ ਜਿੱਥੇ ਚੁਣੇ ਹੋਏ ਹਨ। ਇਸ ਆਫੀਸ਼ੀਅਲ ਵਿਧਾਨ ਸਭਾ ਦੇ ਪਠਾਨਕੋਟ ਤੋਂ ਚੁਣੇ ਹੋਏ ਅਸ਼ਵਨੀ ਜੀ ਉੱਥੇ ਬੀ.ਜੇ.ਪੀ. ਦੀ ਨਕਲੀ ਵਿਧਾਨ ਸਭਾ ਵਿੱਚ ਬੋਲ ਰਹੇ ਹਨ, ਉਹ ਇੱਥੇ ਆ ਕੇ ਬੋਲਣ, ਇੱਥੇ ਬੋਲੀ ਚੀਜ਼ ਤਾਂ ਰਿਕਾਰਡ ਵਿੱਚ ਜਾਵੇਗੀ। ਉਥੇ ਪੂਰਾ ਮੰਤਰੀ ਮੰਡਲ ਬਣਾ ਰੱਖਿਆ ਹੈ। (ਹਾਸਾ) ਉਥੇ ਕੱਢਿਆ, ਵੱਢਿਆ ਅਤੇ ਛੱਡਿਆ ਮਾਲ ਬੈਠਾ ਹੈ। (ਹਾਸਾ) (ਥੰਪਿੰਗ) ਰਾਣਾ ਸੋਢੀ, ਵਿਜੈ ਸਾਂਪਲਾ, ਜਗਬੀਰ ਬਰਾੜ ਹੋਰੀਂ ਮੰਤਰੀ ਬਣੇ ਬੈਠੇ ਹਨ। (ਹਾਸਾ) ਸ਼ੇਖ ਚਿੱਲੀ ਦੇ ਸੁਪਨੇ, ਵਾਹ-ਵਾਹ। ਬੀ.ਜੇ.ਪੀ. ਵਾਲਿਉ, ਹੁਣ ਤੁਹਾਨੂੰ ਇਸ ਵਿਧਾਨ ਸਭਾ ਵਿੱਚ ਆਉਣ ਤੋਂ ਡਰ ਲੱਗਦਾ ਹੈ ਕਿਉਂਕਿ ਜੋ ਧੋਖੇ ਤੁਸੀਂ ਪੰਜਾਬ ਨਾਲ ਕੀਤੇ ਹਨ, ਤੁਸੀਂ

ਉਨ੍ਹਾਂ ਦਾ ਹਿਸਾਬ ਨਹੀਂ ਦੇ ਸਕਦੇ। ਹੁਣ ਤੁਹਾਨੂੰ ਇਸ ਵਿਧਾਨ ਸਭਾ ਦੇ ਬਾਹਰਲੇ ਪਾਸੇ ਨਕਲੀ ਵਿਧਾਨ ਸਭਾ ਲਗਾਉਣੀ ਪੈ ਰਹੀ ਹੈ, 2029 ਵਿੱਚ ਤੁਹਾਨੂੰ ਨਕਲੀ ਪਾਰਲੀਮੈਂਟ ਵੀ ਲਗਾਉਣੀ ਪਵੇਗੀ ਕਿਉਂਕਿ ਤੁਹਾਨੂੰ ਬੋਲਣ ਦੀ ਆਦਤ ਪੈ ਗਈ ਹੈ। ਸਪੀਕਰ ਸਾਹਿਬ, ਇਹ ਸੁਪਨੇ ਵਿੱਚ ਸਪੀਕਰ ਸਾਹਿਬ, ਸਪੀਕਰ ਸਾਹਿਬ ਕਰੀ ਜਾਂਦੇ ਹੋਣਗੇ। ਇਹ ਸੁਪਨੇ ਵਿੱਚ ਭੈਣੋਂ-ਭਾਈਉ ਵੀ ਕਰੀ ਜਾਂਦੇ ਹੋਣਗੇ ਕਿਉਂਕਿ ਇਨ੍ਹਾਂ ਨੂੰ ਆਦਤ ਪੈ ਗਈ ਹੈ। ਜਦੋਂ ਲੋਕਾਂ ਨੇ ਗੱਦੀਆਂ ਤੋਂ ਲਾਹ ਦਿੱਤੇ ਤਾਂ ਫਿਰ ਕਿਤੇ ਨਾ ਕਿਤੇ ਤਾਂ ਭੜਾਸ ਨਿਕਲੇਗੀ ਤਾਂ ਹੀ ਹੁਣ ਨਕਲੀ ਵਿਧਾਨ ਸਭਾ ਲਗਾ ਕੇ ਬੈਠੇ ਹਨ। ਜਿਸ ਨੂੰ ਇੱਥੇ ਬੋਲਣ ਦਾ ਟਾਈਮ ਨਹੀਂ ਮਿਲਦਾ, ਉਹ ਉਥੇ ਜਾ ਸਕਦੇ ਹਨ। ਸਾਡੇ ਵੱਲੋਂ ਕੋਈ ਪ੍ਰਾਬਲਮ ਨਹੀਂ ਹੈ। ਵੈਸੇ ਅੱਧਿਆਂ ਦੇ ਤਾਂ ਪਰਿਵਾਰਕ ਮੈਂਬਰ ਉਧਰ ਬੈਠੇ ਹਨ, ਉਥੋਂ ਟਾਈਮ ਲੈ ਸਕਦੇ ਹਨ। ਉਹ ਰਾਇ ਵੀ ਕਰ ਲੈਣ ਕਿ ਦੋ ਵਿਧਾਨ ਸਭਾਵਾਂ ਹਨ, ਕਿੱਧਰ-ਕਿੱਧਰ ਜਾਣਾ ਹੈ। ਹੱਦ ਹੋ ਗਈ। ਹਾਲੇ ਇਨ੍ਹਾਂ ਨੇ ਮੁੱਖ ਮੰਤਰੀ ਨਹੀਂ ਚੁਣਿਆ। ਕਹਿੰਦੇ ਹਨ ਕਿ ਹਾਲੇ ਕੋਈ ਮੁੱਖ ਮੰਤਰੀ ਨਹੀਂ ਹੈ, ਹਾਲੇ ਇਕੱਲੇ ਮੰਤਰੀ ਹੀ ਹਨ। (ਹਾਸਾ) ਇਕੱਲੀ ਬਰਾਤ ਹੀ ਬੈਠੀ, ਹਾਲੇ ਉਥੇ ਕੋਈ ਲਾੜਾ ਨਹੀਂ ਬੈਠਿਆ। ਮੁੱਖ ਮੰਤਰੀ ਬਣਨ ਤੇ ਤਾਂ ਲੜਦੇ ਹਨ। ਸਰ, ਤੁਸੀਂ ਤਾਂ ਅਸਲੀ ਸਪੀਕਰ ਸਾਹਿਬ ਹੋ, ਉਥੇ ਵੀ ਇੱਕ ਨਕਲੀ ਸਪੀਕਰ ਬਣ ਕੇ ਬੈਠਾ ਹੈ। (ਹਾਸਾ) ਮੈਂ ਦੇਖਿਆ ਹੈ, ਉਥੇ ਸਪੀਕਰ ਸਾਹਿਬ ਨੂੰ ਪੁੱਛ ਰਹੇ ਹਨ ਅਤੇ ਉਹ ਕਹਿ ਰਿਹਾ ਹੈ ਕਿ ਸਪੀਕਰ ਉਹ ਹੁੰਦਾ ਹੈ, ਜਿਹੜਾ ਆਪੋਜ਼ੀਸ਼ਨ ਨੂੰ ਨਾਲ ਲੈ ਕੇ ਚੱਲੇ। ਆਪੋਜ਼ੀਸ਼ਨ ਖੱਬੇ ਪਾਸੇ ਬੈਠੀ ਹੈ ਅਤੇ ਰੂਲਿੰਗ ਸੱਜੇ ਵਾਲੇ ਪਾਸੇ ਬੈਠੀ ਹੈ ਅਤੇ ਉਹ ਕਹਿੰਦਾ ਹੈ ਕਿ ਨਾ ਜੀ, ਕੋਈ ਆਪੋਜੀਸ਼ਨ ਨਹੀਂ ਹੈ, ਸਾਰੇ ਹੀ ਰੂਲਿੰਗ ਹਨ। ਉਹ ਆਪੋਜੀਸ਼ਨ ਤਾਂ ਆਪਾਂ ਨੂੰ ਕਹਿੰਦੇ ਹਨ। (ਆਮ ਆਦਮੀ ਪਾਰਟੀ ਵੱਲ ਇਸ਼ਾਰਾ ਕਰਦੇ ਹੋਏ) ਉਨ੍ਹਾਂ ਦੀ ਲੜਾਈ ਆਪਣੇ ਨਾਲ ਹੈ। ਸਾਡੇ ਨਾਲ ਕਿਸ ਗੱਲ ਤੋਂ ਲੜੀ ਜਾਂਦੇ ਹੋ। ਦਿੱਲੀ ਵਾਲਿਆਂ ਨਾਲ ਲੜਾਈ ਹੈ। ਸਾਡੇ ਤਾਂ ਦਿਲ ਦੀ ਹਰ ਧੜਕਨ ਵਿੱਚ ਪੰਜਾਬ ਧੜਕਦਾ ਹੈ। ਜਿਉਂ ਗਾਲ੍ਹਾਂ ਕੱਢਣ ਲੱਗਦੇ ਹਨ, ਸਾਰੇ ਇਕੱਠੇ ਹੋ ਕੇ ਗਾਲ੍ਹਾਂ ਕੱਢਦੇ ਹਨ। ਗਾਲ੍ਹਾਂ ਕੱਢਣੀਆਂ ਸੌਖੀਆਂ ਹਨ ਅਤੇ ਆਪਣੇ ਟਰੌਲ ਆਰਮੀ ਤੋਂ ਕਢਾਈ ਜਾਂਦੇ ਹਨ।

हम वो पत्ते नहीं, जो शाख से टूट कर गिर जायेंगे

आँधियों से कह दो, अपनी औकात में रहे। (ਥੰਪਿੰਗ)

ਸੋ, ਪੰਜਾਬ ਨੂੰ ਅਨਡਿਕਲੇਅਰਡ ਯੂ.ਟੀ. ਬਣਾ ਕੇ ਰੱਖਿਆ ਹੋਇਆ ਹੈ। 1600 ਕਰੋੜ ਰੁਪਏ ਦੀ ਗੱਲ ਕੀਤੀ ਸੀ, ਉਸ ਵਿੱਚੋਂ 482 ਕਰੋੜ ਰੁਪਿਆ ਆਉਣਾ ਹੈ। ਜੋ ਆਮ ਤੌਰ ਤੇ ਹਰ ਵਾਰ ਆਉਂਦਾ ਹੈ ਅਤੇ ਉਹ 241-241 ਕਰੋੜ ਦੀਆਂ ਦੋ ਕਿਸ਼ਤਾਂ ਦੇ ਰੂਪ ਵਿੱਚ ਆਉਂਦਾ ਹੈ। ਇੱਕ ਕਿਸ਼ਤ ਅਕਤੂਬਰ ਮਹੀਨੇ ਵਿੱਚ ਆਉਣੀ ਸੀ ਪਰੰਤੂ ਉਸ ਨੂੰ ਦਸ ਦਿਨ ਪਹਿਲਾਂ ਹੀ ਕਰ ਲਿਆ। 241 ਕਰੋੜ ਰੁਪਿਆ ਭੇਜ ਕੇ ਕਹਿੰਦੇ ਹਨ ਕਿ 1600 ਕਰੋੜ ਰੁਪਏ ਵਿੱਚੋਂ ਕੱਟ ਲਿਉ। ਉਹ (ਪ੍ਰਧਾਨ ਮੰਤਰੀ) ਤਾਂ ਸਪੈਸ਼ਲ ਅਨਾਊਂਸ ਕਰਕੇ ਗਏ ਸੀ ਅਤੇ ਇਹ ਉਸ ਵਿੱਚ ਹੀ ਪਾਈ ਜਾਂਦੇ ਹਨ। ਜੇਕਰ ਹੜ੍ਹ ਨਾ ਆਉਂਦੇ ਤਾਂ ਸਕੀਮਾਂ ਦੇ ਪੈਸੇ ਤਾਂ ਵੈਸੇ ਵੀ ਆਉਣੇ ਸਨ। ਬੀ.ਜੇ.ਪੀ. ਕਹਿ ਰਹੀ ਹੈ ਕਿ ਉਨ੍ਹਾਂ ਪੈਸਿਆਂ ਨੂੰ 1600 ਕਰੋੜ ਰੁਪਏ ਵਿੱਚੋਂ ਕੱਟ ਲਉ। ਹੱਦ ਹੋ ਗਈ, ਉਥੇ ਬਿਹਾਰ ਵਿੱਚ ਕਹਿੰਦੇ ਹਨ ਕਿ ਕਿੰਨੇ ਪੈਸੇ ਚਾਹੀਦੇ ਹਨ, ਦੇ ਦੇਵਾਂ। ਮਤਲਬ ਜਿੱਥੇ ਚਾਹੀਦੇ ਹਨ, ਉਥੇ ਨਹੀਂ ਦੇਣੇ। ਇੱਥੇ ਨਕਲੀ ਵਿਧਾਨ ਸਭਾ ਲਗਾ ਲਈ ਹੈ। ਛੋਟੇ ਹੁੰਦੇ ਚੋਰ-ਸਿਪਾਹੀ ਖੇਡਦੇ ਹੁੰਦੇ ਸੀ ਕਿ ਤੂੰ ਚੋਰ, ਮੈਂ ਸਿਪਾਹੀ। ਉਹ ਵੱਡੇ ਹੋ ਕੇ ਚੋਰ-ਸਿਪਾਹੀ ਥੋੜ੍ਹਾ ਬਣਦੇ ਹਨ। ਸਪੀਕਰ ਸਾਹਿਬ, ਇਹ ਸੁਪਨਿਆਂ ਦੀ ਦੁਨੀਆ ਵਿੱਚ ਫਿਰਦੇ ਹਨ। ਉਹੀ ਖੇਡ ਖੇਡੀ ਜਾਂਦੇ ਹਨ, ਕੋਈ ਗੱਲ ਨਹੀਂ, ਤੁਸੀਂ ਭੜਾਸ ਕੱਢ ਲਉ, ਲੋਕ ਵੀ ਹੱਸਦੇ ਹੋਣਗੇ। ਸਪੀਕਰ ਸਾਹਿਬ, ਮਾਣਯੋਗ ਹਾਈ ਕੋਰਟ ਨੇ ਇਜਾਜ਼ਤ ਦੇ ਦਿੱਤੀ ਹੈ। ਜਿਵੇਂ

ਇਆਲੀ ਸਾਹਿਬ ਕਹਿੰਦੇ ਸੀ ਕਿ ਗੋਦਾਵਰੀ ਦਰਿਆ ਵਿੱਚੋਂ ਵੀ 50 ਫੁੱਟ ਡੂੰਘੀ ਚੱਲ ਰਹੀ ਹੈ, ਪਹਿਲਾਂ ਇਸ ਨੂੰ ਮਾਈਨਿੰਗ ਵਿੱਚ ਮੰਨਦੇ ਸੀ, ਜੇਕਰ ਅਸੀਂ ਉਥੋਂ ਕੱਢਦੇ ਹਾਂ ਤਾਂ ਗਲ ਪੈਂਦੇ ਹਨ ਕਿ ਮਾਈਨਿੰਗ ਕਰਦੇ ਹਨ ਜੇ ਨਹੀਂ ਕੱਢਦੇ ਤਾਂ ਕਹਿੰਦੇ ਹਨ ਕਿ ਡੀ-ਸਿਲਟਿੰਗ ਕਿਉਂ ਨਹੀਂ ਕੀਤੀ। ਸਿਰਫ ਅੰਗਰੇਜ਼ੀ ਦੇ ਅੱਖਰ ਹੀ ਬਦਲਣੇ ਹਨ। ਅਸਲ ਵਿੱਚ ਤਾਂ ਰੇਤਾ ਹੀ ਹੈ। ਪੰਜਾਬੀ ਵਿੱਚ ਕਹਿ ਲਉ ਤਾਂ ਰੇਤਾ ਹੀ ਹੈ। ਜੇਕਰ ਕੱਢਦੇ ਹਾਂ ਤਾਂ ਕਹਿੰਦੇ ਮਾਈਨਿੰਗ ਕਰਦੇ ਹਨ ਅਤੇ ਜੇਕਰ ਨਹੀਂ ਕੱਢਦੇ ਤਾਂ ਕਹਿੰਦੇ ਹਨ ਕਿ ਡੀ-ਸਿਲਟਿੰਗ ਕਿਉਂ ਨਹੀਂ ਕਰਦੇ। ਇਹ ਅਸਲ ਵਿੱਚ ਰੇਤਾ ਹੀ ਹੈ। ਇਹ ਇਨ੍ਹਾਂ ਨੂੰ ਪੜ੍ਹਾਇਆ ਹੀ ਨਹੀਂ ਗਿਆ। ਸੋ, ਕਈ ਵਾਰ ਕੋਈ ਝਟਕਾ ਜਾਂ ਨੁਕਸਾਨ ਜ਼ਿੰਦਗੀਆਂ ਬਦਲ ਦਿੰਦਾ ਹੈ। ਬਹੁਤ ਵੱਡੇ ਸਬਕ ਦੇ ਜਾਂਦਾ ਹੈ ਕਿ ਅੱਗੇ ਤੋਂ ਕਿਵੇਂ ਬਚਣਾ ਹੈ। ਜਦੋਂ ਵੀ ਕੋਈ ਜਹਾਜ਼ ਦਾ ਦਰਦਨਾਕ ਕਰੈਸ਼ ਹੁੰਦਾ ਹੈ ਤਾਂ ਉਸ ਤੋਂ ਬਾਅਦ ਸੇਫਟੀ ਵਾਲੇ ਆ ਕੇ ਦੇਖਦੇ ਹਨ ਕਿ ਇਸ ਵਿੱਚ ਕੀ ਘਾਟ ਰਹਿ ਗਈ ਸੀ ਤਾਂ ਕਿ ਅਗਲੇ ਜਹਾਜ਼ਾਂ ਵਿੱਚ ਇਹੋ ਜਿਹੀ ਮੁਸ਼ਕਿਲ ਨਾ ਆਵੇ। ਜਾਨੀ ਨੁਕਸਾਨ ਤਾਂ ਬਹੁਤ ਹੋ ਜਾਂਦੇ ਹਨ ਪਰ ਜਹਾਜ਼ਾਂ ਦੀਆਂ ਅਗਲੀਆਂ ਜੈਨਰੇਸ਼ਨਾਂ ਵੀ ਆਉਂਦੀਆਂ ਹਨ ਕਿ ਉਸ ਵਿੱਚ ਅਜਿਹੀ ਕੋਈ ਘਾਟ ਨਾ ਰਹੇ, ਇਸ ਦਾ ਇੰਜਣ ਕਿਉਂ ਬੰਦ ਹੋਇਆ, ਪ੍ਰੈਸ਼ਰ ਕਿਵੇਂ ਲੀਕ ਹੋਇਆ, ਜੋ ਵੀ ਬਲੈਕ ਬਾਕਸ ਵਿੱਚੋਂ ਘਾਟਾਂ ਮਿਲਦੀਆਂ ਹਨ ਕਿ ਆਖਰੀ ਸਮੇਂ ਤੇ ਕੀ ਹੋਇਆ ਸੀ, ਉਨ੍ਹਾਂ ਘਾਟਾਂ ਤੋਂ ਬਹੁਤ ਕੁਝ ਸਿੱਖਿਆ ਜਾਂਦਾ ਹੈ। ਇਸੇ ਤਰ੍ਹਾਂ ਇਨ੍ਹਾਂ ਹੜ੍ਹਾਂ ਤੋਂ ਵੀ ਅਸੀਂ ਬਹੁਤ ਸਿੱਖਿਆ ਲਵਾਂਗੇ ਕਿ ਇੰਨੇ ਵੱਡੇ ਹੜ੍ਹਾਂ ਦੇ ਕੀ ਕਾਰਨ ਬਣੇ ਸਨ। ਇਹ ਨਾ ਕਹੋ ਕਿ ਭਗਵੰਤ ਮਾਨ ਨੇ ਹੜ੍ਹ ਲਿਆ ਦਿੱਤੇ। ਕੀ ਹਿਮਾਚਲ ਵਿੱਚ ਵੀ ਭਗਵੰਤ ਮਾਨ ਸੀ? ਸੁੱਖੂ ਨਾਲ ਗੱਲ ਕਰੋ। ਉੱਥੇ ਕਿੰਨੇ ਬੰਨ੍ਹ ਟੁੱਟ ਗਏ ਫਿਰ ਉਨ੍ਹਾਂ ਨੂੰ 1500 ਕਰੋੜ ਰੁਪਿਆ ਕਿਉਂ ਦਿੱਤਾ? 1600 ਕਰੋੜ ਸਾਨੂੰ ਦਿੱਤਾ ਅਤੇ 1500 ਕਰੋੜ ਉਨ੍ਹਾਂ ਨੂੰ ਦਿੱਤਾ। ਸਾਨੂੰ ਵੀ ਲਗਭਗ ਓਨਾ ਹੀ ਆਇਆ ਹੈ। ਉੱਥੇ ਕਿਸ ਨੇ ਗੇਟ ਖੋਲ੍ਹੇ ਹਨ। ਕੁਦਰਤੀ ਵਹਾਅ ਇੱਧਰ ਨੂੰ ਤਾਂ ਜਾਵੇਗਾ ਹੀ ਨਾ, ਕੁਦਰਤੀ ਵਹਾਅ ਨੂੰ ਉਤਾਂਹ ਨੂੰ ਕਿਵੇਂ ਚਾੜ੍ਹ ਦੇਈਏ। ਥੋਮਸ ਐਡੀਸਨ, ਜਿਸ ਨੇ ਬਹੁਤ ਸਾਰੀਆਂ ਖੋਜਾਂ ਕੀਤੀਆਂ ਸਨ, ਜਦੋਂ ਉਨ੍ਹਾਂ ਦੀ 60-65 ਸਾਲ ਦੀ ਉਮਰ ਸੀ, ਉਦੋਂ ਉਸ ਦੀ ਫੈਕਟਰੀ ਵਿੱਚ ਇੱਕ ਲੈਬ, ਜਿੱਥੇ ਉਹ ਖੋਜਾਂ ਕਰਦੇ ਸੀ, ਨੂੰ ਅੱਗ ਲੱਗ ਗਈ। ਉੱਥੇ ਜਿੰਨੇ ਵੀ ਮੁਲਾਜ਼ਮ ਕੰਮ ਕਰਦੇ ਸਨ, ਉਹ ਸਾਰੇ ਬਾਹਰ ਆ ਗਏ, ਅੱਗ ਲੱਗੀ ਹੋਈ ਸੀ, ਭਾਂਬੜ ਉੱਠ ਰਹੇ ਸਨ ਪਰ ਕੋਈ ਇੰਸ਼ੋਰੈਂਸ ਨਹੀਂ ਸੀ। ਉਸ ਨੇ ਜਿੰਨੀਆਂ ਵੀ ਖੋਜਾਂ ਕੀਤੀਆਂ ਹੋਈਆਂ ਸਨ, ਉਹ ਸਾਰੀਆਂ ਅੱਗ ਵਿੱਚ ਹੀ ਸੜ ਗਈਆਂ। ਫੈਕਟਰੀ ਦੇ ਮੁਲਾਜ਼ਮ ਰੋਣ ਲੱਗ ਗਏ। ਥੋਮਸ ਐਡੀਸਨ ਕਹਿੰਦਾ ਕਿ ਕੋਈ ਗੱਲ ਨਹੀਂ, ਰੋਵੋ ਨਾ। ਸ਼ੁਕਰ ਹੈ, ਜਿਊਂਦੇ ਜੀਅ ਆਪਣੀਆਂ ਗਲਤੀਆਂ ਆਪਣੀਆਂ ਅੱਖਾਂ ਦੇ ਸਾਹਮਣੇ ਸੜ ਕੇ ਸਵਾਹ ਹੋ ਗਈਆਂ। ਚਲੋ, ਹੁਣ ਕੰਮ ਕਰੀਏ। ਉਸ ਨੇ ਆਪਣੀ ਜ਼ਿੰਦਗੀ ਦੀਆਂ 70% ਤੋਂ ਵੱਧ ਖੋਜਾਂ ਅੱਗ ਲੱਗਣ ਤੋਂ ਬਾਅਦ ਕੀਤੀਆਂ ਸਨ, ਨਾਲੇ ਇੰਸ਼ੋਰੈਂਸ ਵੀ ਕਰਵਾਈ। ਕਈ ਵਾਰੀ ਇਸ ਤਰ੍ਹਾਂ ਦੇ ਨੁਕਸਾਨ ਹੋ ਜਾਂਦੇ ਹਨ ਕਿ ਬਹੁਤ ਵੱਡੀ ਸਿੱਖਿਆ ਮਿਲ ਜਾਂਦੀ ਹੈ। ਇਸ ਤਰੀਕੇ ਨਾਲ ਪੰਜਾਬ ਵਿੱਚ ਵੀ ਬਹੁਤ ਵਾਰ ਇਸ ਤਰ੍ਹਾਂ ਹੀ ਹੋਇਆ। ਪੰਜਾਬ ਵੀ ਬਹੁਤ ਵਾਰੀ ਡਿੱਗਿਆ ਪਰ ਪੰਜਾਬ ਐਸਾ ਉੱਠਿਆ ਕਿ ਕੋਈ ਸੋਚ ਹੀ ਨਹੀਂ ਸਕਦਾ ਸੀ ਕਿ ਪੰਜਾਬ ਦੁਬਾਰਾ ਵੀ ਉੱਠ ਖੜ੍ਹੇਗਾ। ਕੋਈ ਸੂਬਾ ਇੰਨੀਆਂ ਮੁਸੀਬਤਾਂ, ਇੰਨੇ ਕਸ਼ਟ ਝੱਲ ਕੇ ਨਹੀਂ ਉੱਠ ਸਕਦਾ। ਅਸੀਂ ਫਿਰ ਉੱਠ ਖੜ੍ਹਦੇ ਹਾਂ। ਸਾਡੇ ਬਜ਼ੁਰਗਾਂ ਨੇ ਦੋ-ਦੋ, ਤਿੰਨ-ਤਿੰਨ ਵਾਰ ਧਾੜਵੀਆਂ ਨਾਲ ਲੜਾਈਆਂ ਲੜੀਆਂ, ਜਿਹੜੇ ਦਿੱਲੀ ਨੂੰ ਲੁੱਟਣ ਜਾਂਦੇ ਸਨ। ਪਹਿਲਾਂ ਜਾਂਦੇ ਹੋਏ ਅਤੇ ਫਿਰ ਆਉਂਦੇ ਹੋਏ ਸਰਹਿੰਦ ਧਾੜਵੀਆਂ ਦਾ ਮੁਕਾਮ ਹੁੰਦਾ ਸੀ। ਉਹ ਸਾਰੇ ਧਾੜਵੀ ਜਿਹੜੇ ਦਿੱਲੀ ਲੁੱਟ ਕੇ ਆਉਂਦੇ ਸੀ, ਉਹ ਸਾਰੇ ਸਰਹਿੰਦ ਰੁਕਦੇ ਸੀ ਕਿਉਂਕਿ ਸਰਹਿੰਦ ਬਿਲਕੁਲ ਵਿਚਾਲੇ ਪੈਂਦਾ ਹੈ। ਸਰਹਿੰਦ ਤੋਂ ਉਨਾ ਹੀ ਲਾਹੌਰ ਹੈ, ਉਨੇ ਕਿਲੋਮੀਟਰ ਹੀ ਦਿੱਲੀ ਹੈ। ਸਰਹਿੰਦ ਬਿਲਕੁਲ ਸੈਂਟਰ ਵਿੱਚ ਹੈ। ਉੱਥੇ ਹਮਲੇ ਹੁੰਦੇ ਰਹੇ ਹਨ, ਉੱਥੇ ਲੋਕ ਮਰਦੇ ਵੀ ਰਹੇ ਹਨ, ਸ਼ਹੀਦ ਵੀ ਹੁੰਦੇ ਰਹੇ ਹਨ ਪਰ

ਬਹੁਤ ਸਾਰੇ ਵੱਡੇ ਵੱਡੇ ਅਬਦਾਲੀ ਹੋਰਾਂ ਨੂੰ ਲੁੱਟ ਲੁੱਟ ਕੇ ਗਰੀਬਾਂ ਵਿੱਚ ਵੰਡਦੇ ਵੀ ਰਹੇ ਹਨ। ਇਸ ਕਰਕੇ ਅਸੀਂ ਡਿੱਗ ਕੇ ਉੱਠਣਾ ਜਾਣਦੇ ਹਾਂ।

ਇੱਥੇ ਰੀਚਾਰਜਿੰਗ ਪੁਆਇੰਟਾਂ ਦੀ ਗੱਲ ਚੱਲੀ ਹੈ, ਅਸੀਂ ਜ਼ਰੂਰ ਬਣਾਵਾਂਗੇ। ਅਸੀਂ ਜੋ ਚੈਨੇਲਾਈਜ਼ ਕੀਤਾ ਹੈ, 21% ਤੋਂ 65% ਤੇ ਆ ਗਏ ਹਾਂ, ਹੁਣ ਅਸੀਂ ਅੱਗੇ 90-100 ਵੱਲ ਜਾਵਾਂਗੇ। ਉਸ ਵਿੱਚ ਰੀਚਾਰਜਿੰਗ ਪੁਆਇੰਟ ਬਣਾਵਾਂਗੇ। ਮੈਨੂੰ ਇਹ ਦੱਸਦਿਆਂ ਖੁਸ਼ੀ ਹੁੰਦੀ ਹੈ ਕਿ ਬਹੁਤ ਸਾਰੇ ਇਲਾਕਿਆਂ ਵਿੱਚ ਜ਼ਮੀਨੀ ਪਾਣੀ ਕਈ ਕਈ ਫੁੱਟ ਉੱਪਰ ਵੀ ਆ ਗਿਆ ਹੈ। ਉਸ ਨੂੰ ਤਾਂ ਹਾਲੇ ਨਾ ਹੀ ਛੇੜੋ। ਅਮਰੀਕਾ ਵਾਲਿਆਂ ਨੇ ਤਾਂ ਆਪਣਾ ਹੇਠਾਂ ਵਾਲਾ ਪਾਣੀ ਛੇੜਿਆ ਹੀ ਨਹੀਂ ਹੈ, ਉਨ੍ਹਾਂ ਨੇ ਨਾ ਤੇਲ ਛੇੜਿਆ ਹੈ। ਉਹ ਤਾਂ ਇੱਧਰੋਂ ਉੱਧਰੋਂ ਲੜਾਈਆਂ ਕਰਵਾ ਕੇ, ਇੱਕ ਦੂਜੇ ਨੂੰ ਲੜਾ ਕੇ ਤੇਲ ਲੈ ਜਾਂਦੇ ਹਨ। ਅੱਜ ਜੇਕਰ ਪੈਟਰੋਲ ਖਤਮ ਹੋ ਜਾਵੇ, ਜੇਕਰ ਡੀਜ਼ਲ ਖਤਮ ਹੋ ਜਾਵੇ ਤਾਂ ਅਮਰੀਕਾ ਕੋਲ 45 ਸਾਲ ਦਾ ਪੈਟਰੋਲ-ਡੀਜ਼ਲ lock ਕੀਤਾ ਪਿਆ ਹੈ। ਉਨ੍ਹਾਂ ਨੇ ਆਪਣਾ ਕੋਈ ਸੋਰਸ ਨਹੀਂ ਵਰਤਿਆ। ਨਾ ਕੈਨੇਡਾ ਨੇ ਆਪਣਾ ਪਾਣੀ ਕੱਢਿਆ ਹੈ। ਇੱਥੇ ਅਸੀਂ ਇੱਕ ਕਿੱਲੋ ਚੌਲ ਪੈਦਾ ਕਰਨ ਵਾਸਤੇ 3800 ਲੀਟਰ ਪਾਣੀ ਕੱਢ ਰਹੇ ਹਾਂ। ਚੌਲ ਤਾਂ ਸਾਡੀ ਖੁਰਾਕ ਹੀ ਨਹੀਂ ਹੈ। ਇੰਨੀ ਤ੍ਰਾਸਦੀ ਦੇ ਬਾਵਜੂਦ ਵੀ ਪੰਜਾਬ 170 ਤੋਂ 175 ਲੱਖ ਮੀਟਰਿਕ ਟਨ ਚੌਲ ਦੇਵੇਗਾ। ਕਣਕਾਂ ਦਾ ਤਾਂ ਹਾਲੇ ਪਤਾ ਹੀ ਨਹੀਂ ਕਿ ਕਿੰਨੇ ਕਿੱਲਿਆਂ ਵਿੱਚ ਕਿੰਨੀ ਕੁ ਬੀਜੀ ਜਾਵੇਗੀ, ਡੀ-ਸਿਲਟਿੰਗ ਹੋ ਜਾਵੇਗੀ ਜਾਂ ਨਹੀਂ। ਅਸੀਂ 125 ਲੱਖ ਮੀਟਰਿਕ ਟਨ ਦਾ ਟੀਚਾ ਰੱਖਿਆ ਹੋਇਆ ਹੈ। ਕੱਲ੍ਹ ਮੈਂ ਹੋਮ ਮਨਿਸਟਰ ਨੂੰ ਜਾ ਕੇ ਦੱਸ ਰਿਹਾ ਹਾਂ ਕਿ ਅਸੀਂ food bowl ਨੂੰ ਖਾਲੀ ਨਹੀਂ ਹੋਣ ਦਿੰਦੇ ਪਰ ਘੱਟੋ ਘੱਟ ਸਾਡੇ ਵੱਲ ਮਿਹਰ ਦੀ ਨਜ਼ਰ ਕਰ ਦਿਆ ਕਰੋ। ਜਿੱਥੇ ਵੋਟਾਂ ਪੈਂਦੀਆਂ ਹਨ ਉੱਥੇ ਜਾ ਕੇ ਤੁਸੀਂ ਹਜ਼ਾਰਾਂ ਕਰੋੜ ਐਲਾਨ ਦਿੰਦੇ ਹਨ ਅਤੇ ਸਾਨੂੰ 1600 ਕਰੋੜ ਰੁਪਿਆ ਦੇ ਕੇ ਉਸ ਵਿੱਚੋਂ ਵੀ ਕਹੀ ਜਾਂਦੇ ਹੋ ਕਿ ਇੱਧਰ ਤੋਂ ਲੈ ਲਉ, ਉੱਧਰ ਤੋਂ ਲੈ ਲਉ, ਤੁਹਾਡਾ 1600 ਕਰੋੜ ਰੁਪਿਆ ਪੂਰਾ ਕਰ ਦਿੰਦੇ ਹਾਂ। ਸੋ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿੰਨੀ ਵੀ ਲੇਟੈਸਟ ਤਕਨਾਲੋਜੀ ਹੈ, ਅਸੀਂ ਉਹ ਵੀ ਵਰਤਾਂਗੇ। ਸਾਡੇ ਸਾਰੇ ਅਧਿਕਾਰੀ ਲੱਗੇ ਹੋਏ ਹਨ, ਸਾਡੇ ਸਾਰੇ ਐਮ.ਐਲ.ਏਜ਼. ਸਾਹਿਬਾਨ, ਮੰਤਰੀ ਸਾਹਿਬਾਨ ਲੱਗੇ ਹੋਏ ਹਨ। ਮੰਡੀਆਂ ਵਿੱਚ ਝੋਨਾ ਵੀ ਆ ਚੁੱਕਾ ਹੈ ਅਤੇ ਉਹ ਵੀ smoothly ਚੁੱਕ ਰਹੇ ਹਾਂ। ਇਸ ਦੇ ਨਾਲ ਨਾਲ ਟਰੈਕਟਰਾਂ ਨਾਲ ਡੀ-ਸਿਲਟਿੰਗ ਦਾ ਕੰਮ ਵੀ ਬਹੁਤ ਵੱਡੇ ਪੱਧਰ ਤੇ ਚੱਲ ਰਿਹਾ ਹੈ ਤਾਂ ਕਿ ਕਣਕ ਬੀਜਣ ਲਈ ਜ਼ਮੀਨ ਤਿਆਰ ਹੋ ਸਕੇ। ਇਹ ਕੰਮ 37 ਸਾਲਾਂ ਬਾਅਦ ਹੋਇਆ ਹੈ, ਆਪਾਂ 1988 ਦੇ ਹੜ੍ਹਾਂ ਨੂੰ ਵੱਡਾ ਮੰਨਦੇ ਹਾਂ ਪਰ ਇਸ ਵਾਰ ਕੰਮ ਉਸ ਤੋਂ ਵੀ ਉਪਰ ਚਲਿਆ ਗਿਆ ਹੈ। ਮੈਨੂੰ ਬੜੀ ਖੁਸ਼ੀ ਹੋਈ ਕਿ ਕੱਲ੍ਹ ਬਾਜਵਾ ਸਾਹਿਬ ਆਪਣੇ ਇਲਾਕੇ ਵਿੱਚ ਗਏ ਸਨ, ਇਨ੍ਹਾਂ ਨੇ ਖੱਡਾਂ-ਖੁੱਡਾਂ ਚੈੱਕ ਕੀਤੀਆਂ ਹੋਣੀਆਂ ਹਨ। ਇਨ੍ਹਾਂ ਨੂੰ ਪਤਾ ਲੱਗਿਆ ਹੋਣਾ ਹੈ ਕਿ ਕਿਹੜੀਆਂ ਕਿਹੜੀਆਂ ਖੱਡਾਂ ਹਨ ਕਿਉਂਕਿ ਉਸ ਦਿਨ ਮੈਂ ਦੱਸ ਦਿੱਤਾ ਸੀ ਕਿ ਇਹ ਖੱਡਾਂ ਆਪਣੇ ਗੁਰਦਾਸਪੁਰ ਵਿੱਚ ਹੀ ਪੈਂਦੀਆਂ ਹਨ। ਕੋਈ ਗੱਲ ਨਹੀਂ, ਕਈ ਵਾਰ ਕਈ ਚੀਜ਼ਾਂ Thomas Edison ਵਾਂਗ 65 ਸਾਲ ਬਾਅਦ, 70 ਸਾਲ ਬਾਅਦ ਪਤਾ ਚਲਦੀਆਂ ਹਨ। ਉਦੋਂ ਨਹੀਂ ਪਤਾ ਲੱਗਿਆ, ਉਦੋਂ ਰੌਂਅ ਵਿੱਚ ਸੀ, ਪਾਵਰ ਦਾ, ਸੱਤਾ ਦਾ ਆਨੰਦ ਮਾਣ ਰਹੇ ਸੀ।

ਅਸੀਂ ਇਹ ਵੀ ਦੱਸਣਾ ਚਾਹੁੰਦੇ ਹਾਂ ਕਿ ਜੋ ਅਸੀਂ ਪਹਿਲੇ ਸਾਲ ਤੋਂ ਐਸ.ਐਸ.ਐਫ. (ਸੜਕ ਸੁਰੱਖਿਆ ਫੋਰਸ) ਸ਼ੁਰੂ ਕੀਤੀ ਸੀ, ਸੜਕਾਂ ਤੇ ਪੁਲਿਸ ਲਗਾਈ ਹੈ, ਇਸ ਨਾਲ 48% ਮੌਤਾਂ ਘੱਟ ਗਈਆਂ ਹਨ। ਇਹ ਮੈਂ ਨਹੀਂ ਬੋਲ ਰਿਹਾ, ਇਹ ਰਾਜ ਸਭਾ ਵਿੱਚ ਇੱਕ ਸਵਾਲ ਦੇ ਜਵਾਬ ਵਿੱਚ ਸ੍ਰੀ ਨਿਤਿਨ ਗਡਕਰੀ ਜੀ ਨੇ ਦੱਸਿਆ ਹੈ ਕਿ ਪੰਜਾਬ ਤੋਂ ਸਿੱਖੋ ਕਿ ਫਸਟ ਏਡ ਕਿਵੇਂ ਦੇਣਾ ਹੈ? ਐਸ.ਐਸ.ਐਫ. ਦਾ 6 ਮਿੰਟ 20 ਸਕਿੰਟ ਦਾ ਕਾਲਿੰਗ ਟਾਈਮ ਹੈ, ਫੋਰਸ ਇੰਨੇ ਟਾਈਮ ਵਿੱਚ ਉਸ ਜਗ੍ਹਾ ਤੇ ਪਹੁੰਚ ਜਾਂਦੀ ਹੈ, ਜਿੱਥੇ ਐਕਸੀਡੈਂਟ ਹੋਇਆ ਹੁੰਦਾ ਹੈ।

ਫਿਰ ਅਸੀਂ ਟੇਲਾਂ ਤੱਕ ਪਾਣੀ ਪਹੁੰਚਾਇਆ ਹੈ, ਕੋਈ ਗੱਲ ਨਹੀਂ ਇਹ ਪਾਣੀ ਤਾਂ ਕੁਦਰਤੀ ਆਫਤ ਹੈ, excess of everything is bad ਪਰ ਪਾਣੀ ਤਾਂ ਸਾਨੂੰ ਚਾਹੀਦਾ ਹੀ ਹੈ। ਉਹ ਤਾਂ ਨਹਿਰਾਂ ਦੇ ਨਾਲ ਹੀ ਪੂਰਾ ਹੋਵੇਗਾ, ਉਹ ਤਾਂ ਕੱਸੀਆਂ ਦੇ ਨਾਲ ਹੀ, ਰਜਬਾਹਿਆਂ ਦੇ ਨਾਲ ਹੀ ਪੂਰਾ ਹੋਵੇਗਾ। ਤੁਸੀਂ ਪੁੱਛ ਲਉ ਇੱਥੇ ਅਬੋਹਰ ਵਾਲੇ ਬੈਠੇ ਹਨ। ਇਨ੍ਹਾਂ ਨੂੰ ਕਦੇ ਜ਼ਿੰਦਗੀ ਵਿੱਚ ਪਾਣੀ ਨਹੀਂ ਮਿਲਿਆ। ਹਾਲੇ ਗੰਗਾਨਗਰ ਪਾਣੀ ਮਿਲ ਜਾਂਦਾ ਸੀ ਪਰ ਅਬੋਹਰ ਪਾਣੀ ਨਹੀਂ ਮਿਲਦਾ ਸੀ ਕਿਉਂਕਿ ਉਨ੍ਹਾਂ ਨੂੰ ਨਹਿਰ ਤਾਂ ਜਾਂਦੀ ਹੈ, ਉਸ ਵਿੱਚੋਂ ਪਾਣੀ ਕੱਢ ਲੈਂਦੇ ਸੀ। ਅਸੀਂ ਟੇਲਾਂ ਤੱਕ ਪਾਣੀ ਪਹੁੰਚਾ ਦਿੱਤਾ ਹੈ। ਲੋਕ ਕਹਿੰਦੇ ਹਨ ਕਿ ਅਸੀਂ 40 ਸਾਲ ਬਾਅਦ ਪਾਣੀ ਦੇਖਿਆ ਹੈ, ਲੋਕ ਉੱਥੇ ਲੱਡੂ ਵੰਡ ਰਹੇ ਹਨ।

ਅਸੀਂ 16 ਟੋਲ ਪਲਾਜ਼ੇ ਬੰਦ ਕੀਤੇ ਹਨ, ਇੱਕ ਦਿਨ ਦਾ 64 ਲੱਖ ਰੁਪਿਆ ਬਚ ਰਿਹਾ ਹੈ। ਇਹ ਇਕੱਲੇ ਪੰਜਾਬੀਆਂ ਦਾ ਹੀ ਨਹੀਂ ਹੈ। ਪੰਜਾਬ ਵਿੱਚ ਧਾਰਮਿਕ ਟੂਰਿਜ਼ਮ ਬਹੁਤ ਹੈ, ਪਹਾੜਾਂ ਵਿੱਚ, ਮੰਦਰਾਂ ਵਿੱਚ ਲੋਕ ਮੱਥਾ ਟੇਕਣ ਜਾਂਦੇ ਹਨ। ਕਈ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਆਉਂਦੇ ਹਨ। ਇੱਥੇ ਨਾਨ ਪੰਜਾਬੀ ਵੀ ਬਹੁਤ ਆਉਂਦੇ ਹਨ, ਉਨ੍ਹਾਂ ਦਾ ਵੀ ਬਹੁਤ ਪੈਸਾ ਬਚਦਾ ਹੈ। ਜਦੋਂ ਉਹ ਟੋਲ ਪਲਾਜ਼ੇ ਖਤਮ ਹੀ ਹੋ ਗਏ ਤਾਂ ਅਸੀਂ ਵਾਧੂ 400 ਦਿਨ ਕਿਉਂ ਦੇਈਏ? ਕਹਿੰਦੇ ਜੀ ਪਹਿਲਾਂ ਵਾਲਿਆਂ ਨੇ 200 ਦਿਨ ਵਧਾ ਦਿੱਤੇ ਸਨ। ਅਸੀਂ ਕੀ ਕਰੀਏ? ਅਸੀਂ ਪੰਜਾਬੀਆਂ ਦੀ ਜੇਬਾਂ ਤੇ ਇਸ ਤਰ੍ਹਾਂ ਦੀ ਲੁੱਟ ਅਤੇ ਇਸ ਤਰ੍ਹਾਂ ਦਾ ਡਾਕਾ ਨਹੀਂ ਪੈਣ ਦਿਆਂਗੇ।

ਬਾਕੀ ਜਿੰਨੇ ਵੀ ਤੁਹਾਡੇ ਸੁਝਾਅ ਆਏ ਹਨ, ਅਸੀਂ ਪੂਰੀ ਤਨਦੇਹੀ ਨਾਲ, ਸੱਚੇ ਦਿਲੋਂ ਪੂਰੇ ਕਰਾਂਗੇ। ਕੋਈ ਪਤਾ ਨਹੀਂ ਕਿ ਕਿਹੜਾ ਸੁਝਾਅ ਕਿੰਨੇ ਲੋਕਾਂ ਦੀ ਜ਼ਿੰਦਗੀ ਬਦਲ ਦੇਵੇ। ਬਸ ਤੁਸੀਂ ਹੀ 16-17 ਰਹਿ ਗਏ ਹੋ (ਆਪੋਜੀਸ਼ਨ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਬਾਕੀ ਤਾਂ ਆਉਂਦੇ ਹੀ ਨਹੀਂ ਕਿਉਂਕਿ ਉਹ ਇੰਨੇ ਕੁ ਗੁਨਾਹ ਕਰ ਬੈਠੇ ਹਨ ਕਿ ਉਹ ਸਾਹਮਣਾ ਨਹੀਂ ਕਰ ਸਕਦੇ। ਪੰਜਾਬ ਨਾਲ ਇੰਨੇ ਵੱਡੇ ਧੋਖੇ ਕਰ ਬੈਠੇ ਕਿ ਸਾਡਾ ਸਾਹਮਣਾ ਹੀ ਨਹੀਂ ਕਰ ਸਕਦੇ, ਚਾਹੇ ਉਹ ਨਾਭੇ ਵਾਲਿਆਂ ਦੇ ਰਿਸ਼ਤੇਦਾਰ ਹਨ, ਚਾਹੇ ਉਹ ਬੀ.ਜੇ.ਪੀ. ਵਾਲੇ ਹਨ। ਉਹ ਇੱਥੇ ਕਿਹੜਾ ਮੂੰਹ ਲੈ ਕੇ ਆਉਣਗੇ ਪਰ ਆਪਾਂ ਉਨ੍ਹਾਂ ਤੋਂ ਸਾਰਾ ਹਿਸਾਬ ਮੰਗਾਂਗੇ। ਅਸੀਂ ਦੇਸ਼ ਨੂੰ ਬਚਾਉਣ ਵਾਸਤੇ, ਸੰਵਿਧਾਨ ਨੂੰ ਬਚਾਉਣ ਵਾਸਤੇ ਸਾਥ ਦੇ ਰਹੇ ਹਾਂ। ਜੇਕਰ ਦੇਸ਼ ਰਹੇਗਾ ਤਾਂ ਪਾਰਟੀਆਂ ਰਹਿਣਗੀਆਂ, ਜੇ ਦੇਸ਼ ਹੀ ਨਾ ਰਿਹਾ ਤਾਂ ਪਾਰਟੀਆਂ ਨੂੰ ਕੀ ਕਰਾਂਗੇ? ਮੈਂ ਉਸ ਦਿਨ ਵੀ ਕਿਹਾ ਸੀ ਕਿ ਡੈਮੋਕ੍ਰੇਸੀ ਗੰਭੀਰ ਖਤਰੇ ਵਿੱਚ ਹੈ। ਹੁਣ ਜਗ੍ਹਾ ਜਗ੍ਹਾ ਤੇ ਪ੍ਰਦਰਸ਼ਨ ਹੋਣ ਲੱਗੇ ਹਨ। ਉੱਤਰਾਖੰਡ, ਪਟਨਾ, ਲੱਦਾਖ ਵਿੱਚ ਪਬਲਿਕ, ਖਾਸ ਤੌਰ ਤੇ ਆਪਣਾ ਯੂਥ ਉਡਣ ਦਾ ਮੌਕਾ ਭਾਲਦਾ ਹੈ, ਉਹ ਕਹਿੰਦੇ ਹਨ ਕਿ ਸਾਡੇ ਖੰਭਾਂ ਨੂੰ ਕੁਤਰੋ ਨਾ, ਸਾਨੂੰ ਉਡਾਰੀਆਂ ਮਾਰ ਲੈਣ ਦਿਉ। ਸੋ, ਇਸ ਕਰਕੇ ਜੋ ਚਲਦਾ ਆ ਰਿਹਾ ਸੀ, ਉਹ ਹੁਣ ਖਤਮ ਕਰਨਾ ਪਵੇਗਾ। ਪਾਲੀਟਿਕਸ ਬਦਲ ਰਹੀ ਹੈ, ਵੋਟਰ ਦਾ ਮੂਡ ਬਦਲ ਰਿਹਾ ਹੈ। ਠੀਕ ਹੈ, ਆਪਾਂ ਰਾਜਨੀਤੀ ਵਿੱਚ ਹਾਂ, ਵੋਟਾਂ ਦਾ ਵੀ ਦੇਖਣਾ ਹੈ ਪਰ ਘੱਟੋ ਘੱਟ ਇਸ ਤਰ੍ਹਾਂ ਦਾ ਵਤੀਰਾ ਰੱਖੋ ਕਿ ਆਪਾਂ ਇਕੱਲੇ ਵੋਟਾਂ ਤੇ ਹੀ centric ਨਾ ਹੋ ਜਾਈਏ ਕਿ ਬਸ ਵੋਟਾਂ ਹੀ ਵੋਟਾਂ। ਆਪਾਂ ਨੂੰ ਵੋਟਾਂ ਤੋਂ ਬਿਨਾਂ ਵੀ ਬਹੁਤ ਕੰਮ ਹਨ। ਜੇਕਰ ਮੈਨੂੰ ਗਾਲ੍ਹਾਂ ਹੀ ਦੇਣੀਆਂ ਹਨ ਤਾਂ ਤੁਹਾਨੂੰ ਬੜਾ ਟਾਈਮ ਮਿਲੇਗਾ। ਇਲੈਕਸ਼ਨਾਂ ਵੇਲੇ ਜਿੰਨੀਆਂ ਮਰਜ਼ੀ ਗਾਲ੍ਹਾਂ ਕੱਢ ਲੈਣਾ ਕਿ ਇਹ ਨਹੀਂ ਕੀਤਾ, ਉਹ ਨਹੀਂ ਕੀਤਾ। ਇਹ ਸਾਨੂੰ ਇੱਥੋਂ ਤੱਕ ਕਹਿ ਜਾਂਦੇ ਹਨ ਕਿ ਜਦੋਂ ਇਨ੍ਹਾਂ ਜੋਕਾਂ ਤੋਂ ਸਾਡਾ ਖਹਿੜਾ ਛੁਟੇਗਾ, ਉਸ ਤੋਂ ਬਾਅਦ ਫਿਰ ਪਤਾ ਨਹੀਂ ਕੀ? ਜੋਕਾਂ ਪਤਾ ਨਹੀਂ ਕਿਸ ਨੂੰ ਕਹੀ ਜਾਂਦੇ ਹਨ? ਸਾਨੂੰ ਤਾਂ ਇਹ ਜੋਕਾਂ ਹੀ ਦੱਸਦੇ ਹਨ, ਜੋਕਾਂ, ਮੈਟੀਰੀਅਲ, ਜਮੂਰੇ ਸਾਡੇ ਲਈ ਇਹੋ ਜਿਹੇ ਲਫਜ਼ ਵਰਤੇ ਜਾ ਰਹੇ ਹਨ। ਪਬਲਿਕ ਇਹ ਸਾਰਾ

ਕੁਝ ਦੇਖਦੀ ਹੈ ਕਿਉਂਕਿ ਇਹ ਹੜਬੜਾਹਟ ਵਿੱਚ ਹਨ। ਦੀਵਾ ਜਦੋਂ ਬੁੱਝਦਾ ਹੁੰਦਾ ਹੈ ਤਾਂ ਜ਼ਿਆਦਾ ਫੜ-ਫੜ-ਫੜ ਕਰਦਾ ਹੁੰਦਾ ਹੈ। ਸੋ, ਇਹ ਬੁਝਣ ਵਾਲੇ ਦੀਵੇ ਹਨ, ਅਸੀਂ ਤਾਂ ਉਮੀਦਾਂ ਦੇ ਦੀਵੇ ਜਗਾਉਣ ਵਾਲੇ ਬੰਦੇ ਹਾਂ।

हमारी नज़र हमेशा मंज़िल पे रहती है,

इन आखों ने कभी मील का पत्थर नहीं देखा।

ਸਰ, ਮੀਲ ਦੇ ਪੱਥਰ ਦੇਖ ਕੇ ਸਫਰ ਪੂਰੇ ਨਹੀਂ ਹੁੰਦੇ ਕਿ ਇੰਨੇ ਕਿਲੋਮੀਟਰ ਰਹਿ ਗਿਆ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਿੱਧਾ ਅਰਜਨ ਵਾਂਗ ਨਿਸ਼ਾਨਾ ਮੱਛੀ ਦੀ ਅੱਖ ਵਿੱਚ ਵੱਜਣਾ ਚਾਹੀਦਾ ਹੈ ਅਤੇ ਸਾਡਾ ਨਿਸ਼ਾਨਾ ਪੰਜਾਬ ਨੂੰ ਨੰਬਰ ਇੱਕ ਸੂਬਾ ਬਣਾਉਣਾ ਹੈ। ਪੰਜਾਬ ਨੂੰ ਖੁਸ਼ਹਾਲ ਬਣਾਉਣਾ ਹੈ, ਪੰਜਾਬ ਦੀ ਖੋਈ ਹੋਈ, ਫਿੱਕੀ ਪਈ ਹੋਈ glory ਨੂੰ ਵਾਪਸ ਲਿਆਉਣਾ ਹੈ। ਜਦੋਂ ਸੱਚੇ ਦਿਲੋਂ ਕੋਈ ਕੰਮ ਕਰੀਏ ਤਾਂ ਪਰਮਾਤਮਾ ਵੀ ਸਾਥ ਦਿੰਦਾ ਹੈ। ਉਮੀਦ ਹੈ ਕਿ ਗੁਰੂ ਮਹਾਰਾਜ ਦੀ ਕਿਰਪਾ ਨਾਲ, ਉਨ੍ਹਾਂ ਦੀ ਸੁਮੱਤ ਨਾਲ ਅਤੇ ਉਨ੍ਹਾਂ ਦੇ ਬਖਸ਼ੇ ਹੋਏ ਬਲ ਨਾਲ ਅਸੀਂ ਪੰਜਾਬ ਨੂੰ ਦੁਬਾਰਾ ਪੰਜਾਬ ਬਣਾਵਾਂਗੇ। ਕੋਈ ਕੈਲੀਫੋਰਨੀਆਂ, ਲੰਡਨ, ਪੈਰਿਸ ਬਣਾਉਣ ਦੀ ਲੋੜ ਨਹੀਂ, ਸਾਨੂੰ ਤਾਂ ਸਾਡਾ ਪੰਜਾਬ ਹੀ ਮੁੜ ਕੇ ਮਿਲ ਜਾਵੇ, ਅਸੀਂ ਤਾਂ ਉਸ ਵਿੱਚ ਹੀ ਖੁਸ਼ ਰਹਾਂਗੇ ਕਿਉਂਕਿ ਪੰਜਾਬੀ ਹਰ ਫੀਲਡ ਵਿੱਚ ਅੱਗੇ ਹਨ। ਮੈਂ ਜਲੰਧਰ ਗਿਆ ਸੀ, ਉੱਥੇ ਹਾਕੀ ਦਾ ਜੂਨੀਅਰ ਲੈਵਲ ਦਾ ਮੈਚ ਸੀ। ਇਸ ਵਕਤ ਹਾਕੀ ਦੀ ਨੈਸ਼ਨਲ ਟੀਮ ਵਿੱਚ 9 ਪਲੇਅਰ ਪੰਜਾਬ ਦੇ ਹਨ। (ਥੰਪਿੰਗ) ਪਰਗਟ ਜੀ, 1980 ਤੋਂ ਲੈ ਕੇ ਉੱਥੇ 3 ਪੀੜ੍ਹੀਆਂ ਇਕੱਠੀਆਂ ਹੋਈਆਂ ਸਨ। ਬਲਵਿੰਦਰ ਸ਼ੰਮੀ ਹੋਰੀਂ, ਜਿਹੜੇ ਤੁਹਾਡੇ ਨਾਲ ਖੇਡਦੇ ਰਹੇ ਹਨ। ਹਰਪ੍ਰੀਤ ਹੋਰੀਂ, ਸਾਰੇ ਜਿਨ੍ਹਾਂ ਨੂੰ ਅਸੀਂ ਵੀ ਛੋਟੇ ਹੁੰਦੇ ਦੇਖਦੇ ਰਹੇ ਹਾਂ, ਰੇਡੀਓ ਤੇ ਸੁਣਦੇ ਰਹੇ ਹਾਂ, ਉਦੋਂ ਟੀ.ਵੀ. ਤਾਂ ਹੁੰਦਾ ਨਹੀਂ ਸੀ। ਹਾਕੀ ਵਿੱਚ ਅਸੀਂ ਅੱਗੇ, ਛਿੰਝਾਂ ਵਿੱਚ ਅਸੀਂ ਅੱਗੇ, ਕਬੱਡੀਆਂ ਵਿੱਚ ਸਾਡਾ ਨਾਮ, ਭੰਗੜੇ ਸਾਡੇ ਪੈਂਦੇ ਹਨ ਜਦੋਂ ਕੋਈ ਇੰਟਰਨੈਸ਼ਨਲ ਇਵੈਂਟ ਵੀ ਹੋਵੇ, ਪੰਜਾਬ ਦਾ ਭੰਗੜਾ ਪੈਂਦਾ ਹੈ। ਕਲਾਕਾਰੀ ਵਿੱਚ ਸਾਡੇ ਮੁੰਡੇ, ਪੂਰੀ ਦੁਨੀਆ ਵਿੱਚ ਵੱਡੇ ਵੱਡੇ Grammy Awards ਵਿੱਚ ਸਾਡੀਆਂ ਫਿਲਮਾਂ ਨਾਮਜ਼ਦ ਹੋ ਰਹੀਆਂ ਹਨ, ਸਾਡੇ ਬੱਚਿਆਂ ਦੇ ਟੈਲੈਂਟ ਦੀਆਂ ਧੁੰਮਾਂ ਹਨ। ਅਸੀਂ ਹਰ ਪਾਸੇ ਹੀ dominating ਹਾਂ। ਪੰਜਾਬੀ ਪੂਰੀ ਦੁਨੀਆ ਵਿੱਚ ਕਾਮਯਾਬ ਹਨ, ਪੰਜਾਬ ਵਿੱਚ ਕਿਉਂ ਫੇਲ੍ਹ ਹਨ ਕਿਉਂਕਿ ਇੱਥੇ ਸਿਸਟਮ ਕੰਮ ਨਹੀਂ ਕਰਨ ਦਿੰਦਾ। ਲੋਕ success ਤੋਂ ਡਰਨ ਲਗਾ ਦਿੱਤੇ, ਆਪਣੀ ਸਫਲਤਾ ਤੋਂ ਹੀ ਡਰਦੇ ਹਨ। ਕਿਹੋ ਜਿਹੀਆਂ ਸਰਕਾਰਾਂ ਆਈਆਂ, ਕਹਿੰਦੇ ਹਨ ਕਿ ਤੂੰ ਐਵੇਂ-ਕਿਵੇਂ ਸਾਨੂੰ ਪੁੱਛੇ ਬਿਨਾਂ ਸਫਲ ਹੋ ਗਿਆ? ਸਾਡੇ ਨਾਲ ਗੱਲ ਕਰ, ਕਿੰਨਾ ਬਿਜਨਸ ਕਰਦਾ ਹੈ? ਜਦੋਂ ਮੈਂ 2019 ਵਿੱਚ ਐਮ.ਪੀ. ਦੀ ਇਲੈਕਸ਼ਨ ਕੰਪੇਨ ਕਰਦਾ ਸੀ, ਮੈਂ ਇੱਕ ਢਾਬੇ ਤੇ ਖੜ੍ਹ ਗਿਆ। ਮੈਨੂੰ ਦੇਖ ਕੇ ਫੋਟੋਆਂ ਖਿਚਵਾਉਣ ਵਾਲੇ ਆ ਗਏ। ਉਹ ਜਿਹੜਾ ਢਾਬੇ ਵਾਲਾ ਸੀ, ਉਸ ਦਾ ਢਾਬੇ ਦੇ ਪਿਛਲੇ ਪਾਸੇ ਹੀ ਘਰ ਸੀ, ਉਹ ਵੀ ਆਪਣੇ ਪਰਿਵਾਰ ਨੂੰ ਲੈ ਕੇ ਆ ਗਿਆ। ਉਸ ਨੇ ਦੋ ਮੰਜੇ ਜੋੜ ਕੇ ਪੁਰਾਣਾ ਕਲਚਰ ਜਿਵੇਂ ਰੇਡੀਓ, ਸਪੀਕਰ ਚਲਦੇ ਹਨ, ਉਸ ਤਰ੍ਹਾਂ ਬੜਾ ਵਧੀਆ ਸਿਸਟਮ ਬਣਾਇਆ ਹੋਇਆ ਸੀ। ਮੈਂ ਕਿਹਾ, ਬੜਾ ਵਧੀਆ ਢਾਬਾ ਬਣਾਇਆ ਹੈ, ਕਿਵੇਂ ਚਲਦਾ ਹੈ, ਵਧੀਆ ਚਲਦਾ ਹੈ? ਉਹ ਮੈਨੂੰ ਪਰ੍ਹਾਂ ਜਿਹੇ ਲਿਜਾ ਕੇ ਕਹਿੰਦਾ, ਬਸ ਜੀ ਦੋ ਵਾਰੀ ਅਰਦਾਸ ਕਰੀਦੀ ਹੈ ਕਿ ਜ਼ਿਆਦਾ ਵਧੀਆ ਨਾ ਚੱਲੇ, ਨਹੀਂ ਹਿੱਸਾ ਪਾ ਲੈਣਗੇ ਜੀ। ਲੈ ਦੱਸੋ, ਆਪਣੀ ਸਫਲਤਾ ਤੋਂ ਹੀ ਡਰਨ ਲੱਗ ਗਏ ਕਿ ਵਧੀਆ ਨਾ ਚੱਲੇ, ਨਹੀਂ ਤਾਂ ਹਿੱਸਾ ਪਾ ਲੈਣਗੇ। ਕਹਿੰਦਾ ਕਿ ਜਿਹੜੇ ਟਰੱਕ ਖੜ੍ਹੇ ਹਨ, ਅਸੀਂ ਤਾਂ ਪਰ੍ਹਾਂ ਹੀ ਖੜ੍ਹਵਾ ਦਿੰਦੇ ਹਾਂ ਕਿ ਸਾਡੇ ਨਹੀਂ ਖੜ੍ਹੇ, ਇਹ ਤਾਂ ਪਰ੍ਹਾਂ ਖਰਾਬ ਹੋਏ ਖੜ੍ਹੇ ਹਨ। ਨਹੀਂ ਤਾਂ ਟਰੱਕ ਗਿਣ ਕੇ ਹੀ ਪੈਸੇ ਪਾ ਦਿੰਦੇ ਹਨ ਕਿ ਕਿੰਨੀਆਂ ਗੱਡੀਆਂ ਅਤੇ ਕਿੰਨੇ ਟਰੱਕ ਖੜ੍ਹੇ ਹਨ। ਇਹ ਸਿਆਸਤਦਾਨ ਲੋਕ ਇੱਥੋਂ ਤੱਕ ਆ ਗਏ। ਢਾਬਿਆਂ ਵਿੱਚ ਉਨ੍ਹਾਂ ਦਾ ਨਾਂ ਲੱਗ ਗਿਆ। ਕੀ ਤੁਸੀਂ ਉਸ ਨਾਲ ਚੁਬਾਰਾ ਛੱਤ ਲਵੋਗੇ? ਮਗਨਰੇਗਾ ਦੀ 241 ਰੁਪਏ

ਦਿਹਾੜੀ, ਕੱਚੇ ਰਜਿਸਟਰ ਉਤੇ ਅੰਗੂਠੇ ਲਗਾ ਕੇ ਉਸ ਵਿੱਚੋਂ ਵੀ ਪੈਸੇ ਖਾ ਜਾਂਦੇ ਹਨ। ਦਿਹਾੜੀ ਕਿਸੇ ਹੋਰ 70 ਸਾਲ ਦੀ ਮਾਤਾ ਨੇ ਕੀਤੀ ਹੁੰਦੀ ਹੈ, ਉਹ ਬੱਠਲ ਚੁੱਕਦੀ ਮਰ ਗਈ ਤੇ ਪੈਸੇ ਕਿਸੇ ਹੋਰ ਨੂੰ ਮਿਲ ਜਾਂਦੇ ਹਨ, ਜਿਸ ਨੇ ਕੰਮ ਹੀ ਨਹੀਂ ਕੀਤਾ। ਅਖੇ ਜੀ, ਇਹ ਮਗਨਰੇਗਾ ਦੇ ਸੈਕਟਰੀ ਦੇ ਖਾਸ ਬੰਦੇ ਹਨ। ਇਹ ਗਰੀਬਾਂ ਦਾ 50-100-200 ਰੁਪਿਆ ਖਾ ਕੇ ਤੁਸੀਂ ਕਿਹੜੇ ਚੁਬਾਰੇ ਛੱਤ ਲਵੋਗੇ?

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਪੁਰਬ ਆ ਰਿਹਾ ਹੈ, ਅਸੀਂ ਧੂਮਧਾਮ ਨਾਲ ਮਨਾਵਾਂਗੇ। ਸਾਡਾ ਵਿਰਸਾ ਹੈ। ਜਿੰਨੇ ਵੀ ਉਨ੍ਹਾਂ ਦੇ ਚਰਨ ਛੋਹ ਪ੍ਰਾਪਤ ਪਿੰਡ ਹਨ, ਉਨ੍ਹਾਂ ਸਾਰਿਆਂ ਦਾ ਡਾਟਾ ਮੰਗਵਾ ਲਿਆ ਗਿਆ ਹੈ। ਅਸੀਂ ਉਨ੍ਹਾਂ ਪਿੰਡਾਂ ਨੂੰ ਪੁੱਛ ਵੀ ਲਿਆ ਹੈ ਕਿ ਨਾਲੇ ਤਾਂ ਪਿੰਡ ਵਿੱਚ ਅਦੁੱਤੀ ਕੀਰਤਨ ਸਮਾਗਮ ਹੋਣਗੇ ਅਤੇ ਨਾਲ ਹੀ ਪਿੰਡ ਨੂੰ ਜਿਹੜੀ ਵੀ ਗਰਾਂਟ ਚਾਹੀਦੀ ਹੈ, ਸਕੂਲ ਚਾਹੀਦਾ ਹੈ, ਆਮ ਆਦਮੀ ਕਲੀਨਿਕ ਚਾਹੀਦਾ ਹੈ, ਸਟੇਡੀਅਮ ਚਾਹੀਦਾ ਹੈ, ਅਸੀਂ ਸਭ ਦੇਵਾਂਗੇ। ਅਸੀਂ ਤਾਂ ਦੂਜਿਆਂ ਦੇ ਧਰਮਾਂ ਨੂੰ ਬਚਾਉਣ ਵਾਸਤੇ ਕੁਰਬਾਨੀਆਂ ਦਿੱਤੀਆਂ ਹੋਈਆਂ ਹਨ। ਸ੍ਰੀਨਗਰ ਤੋਂ ਜੱਥੇ ਚੱਲਣਗੇ, ਸ੍ਰੀ ਅਨੰਦਪੁਰ ਸਾਹਿਬ ਮੁਕਾਮ ਹੋਵੇਗਾ, ਰਸਤੇ ਵਿੱਚੋਂ ਵੀ ਬਹੁਤ ਸਾਰੀਆਂ ਸੰਗਤਾਂ ਆਉਣਗੀਆਂ, ਚਾਂਦਨੀ ਚੌਕ ਜਾ ਕੇ ਸਮਾਪਤ ਕਰਾਂਗੇ, ਜਿੱਥੇ ਗੁਰੂ ਸਾਹਿਬ ਦਾ ਸੀਸ ਧੜ ਤੋਂ ਵੱਖ ਕੀਤਾ ਗਿਆ ਸੀ। ਸੋ, ਇਸ ਕਰਕੇ ਅਸੀਂ ਆਪਣੇ ਕਲਚਰ ਨੂੰ, ਆਪਣੇ ਵਿਰਸੇ ਨੂੰ, ਆਪਣੇ ਸੱਭਿਆਚਾਰ ਨੂੰ ਬਚਾ ਕੇ ਰੱਖਣਾ ਹੈ। ਬਚਾ ਕੇ ਹੀ ਨਹੀਂ ਰੱਖਣਾ ਇਸ ਨੂੰ ਹੋਰ ਵੀ ਦੁਨੀਆ ਤੇ ਚਮਕਾਉਣਾ ਹੈ। ਸੋ, ਬਹੁਤ-ਬਹੁਤ ਧੰਨਵਾਦ।

ਜੇਕਰ ਸਾਡੇ ਕਿਸੇ ਮੈਂਬਰ ਵੱਲੋਂ ਕੋਈ ਰੌਂਅ ਵਿੱਚ ਜਾਂ ਕਹਿ ਲਵੋ ਕਿ ਕੁਦਰਤੀ ਵਹਾਅ ਵਿੱਚ ਇਹੋ ਜਿਹੀ ਗੱਲ ਬੋਲੀ ਗਈ ਹੋਵੇ ਤਾਂ ਉਸ ਗੱਲ ਨੂੰ ਇੱਥੇ ਹੀ ਛੱਡ ਦਿਉ, ਬਾਹਰ ਨਾ ਲੈ ਕੇ ਜਾਇਉ ਕਿਉਂਕਿ ਬਾਹਰ ਤਾਂ ਇਹੋ ਜਿਹੀ ਗੱਲ ਨੂੰ ਵਧਾਉਣ ਵਾਸਤੇ ਹੋਰ ਖੜ੍ਹੇ ਹਨ। ਸੋ, ਇਸ ਕਰਕੇ positive ਹੀ ਗੱਲ ਕਰੀਏ ਤਾਂ ਪੰਜਾਬ ਇਸ ਗੱਲ ਨੂੰ ਯਾਦ ਕਰੇਗਾ, ਇਤਿਹਾਸ ਯਾਦ ਕਰੇਗਾ ਕਿ ਇੱਕ ਵਾਰੀ ਸੰਕਟ ਆਇਆ ਸੀ, ਸਾਰਿਆਂ ਨੇ ਇਕੱਠੇ ਹੋ ਕੇ, above the politics, above the party level, ਕੰਮ ਕੀਤਾ ਅਤੇ ਪੰਜਾਬ ਇਸ ਸੰਕਟ ਤੋਂ ਬਾਹਰ ਆਇਆ। ਵੈਸੇ ਤਾਂ ਪੰਜਾਬੀ ਆਪ ਹੀ ਉਠਣ ਨੂੰ ਤਿਆਰ ਹਨ, ਬੱਸ ਥੋੜ੍ਹਾ ਜਿਹਾ ਸਹਾਰਾ ਦੇਣ ਦੀ ਲੋੜ ਹੁੰਦੀ ਹੈ। ਸਾਡਾ ਦੁਨੀਆ ਵਿੱਚ ਆਲਰੇਡੀ ਬਹੁਤ ਨਾਮ ਹੈ, ਹੁਣ ਇਹ ਹੋਰ ਵੀ ਜ਼ਿਆਦਾ ਚਮਕੇਗਾ, ਇਸ ਗੱਲ ਦੀ ਮੈਨੂੰ ਉਮੀਦ ਹੈ। ਸਪੀਕਰ ਸਾਹਿਬ, ਇਸ ਉਮੀਦ ਨਾਲ ਮੈਂ ਤੁਹਾਡਾ ਵੀ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਸਾਰਿਆਂ ਨੂੰ ਸਮਾਂ ਦਿੱਤਾ ਹੈ ਅਤੇ ਬੜੇ ਵਧੀਆ ਤਰੀਕੇ ਨਾਲ ਹਾਊਸ ਚੱਲਿਆ ਹੈ, ਜ਼ਿਆਦਾ ਡਿਸਟਰਬੈਂਸ ਨਹੀਂ ਹੋਈ, ਕੋਈ ਵਾਕ ਆਊਟ ਨਹੀਂ ਹੋਇਆ ਕਿਉਂਕਿ ਜਿਹੜੇ ਵਾਕ ਆਊਟ ਵਾਲੇ ਹਨ, ਉਹ ਤਾਂ ਆਏ ਹੀ ਨਹੀਂ, ਉਹ ਤਾਂ ਆਊਟ ਹੀ ਰਹਿ ਗਏ। ਇਸ ਲਈ ਸਾਰਿਆਂ ਦਾ, ਸਾਡੇ ਮੰਤਰੀ ਸਾਹਿਬਾਨ, ਜਿਹੜੇ ਡਾਟਾ ਲੈ ਕੇ ਆਏ ਅਤੇ ਜਿਨ੍ਹਾਂ ਨੇ ਹੜ੍ਹਾਂ ਵਿੱਚ ਕੰਮ ਕੀਤਾ ਹੈ, ਬਹੁਤ ਬਹੁਤ ਧੰਨਵਾਦ। ਜਦੋਂ ਤੱਕ ਆਖਰੀ ਬੰਦੇ ਤੱਕ ਮਦਦ ਨਹੀਂ ਪਹੁੰਚਦੀ, ਸਾਡਾ ਕੰਮ ਲਗਾਤਾਰ ਜਾਰੀ ਰਹੇਗਾ। ਬਹੁਤ ਬਹੁਤ ਧੰਨਵਾਦ ਜੀ। (ਥੰਪਿੰਗ)

________

**VOTING ON RESOLUTION ON REHABILITATION OF PUNJAB, CONDEMNING UNION GOVERNMENT'S FAILURE TO PROVIDE COMMENSURATE FLOOD RELIEF PACKAGE AND DEMANDING IMMEDIATE Rs. 1,600 CRORE RELEASE PLUS ENHANCED PACKAGE OF Rs. 20,000 CRORE**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ ਕਿ -

" ਜਦੋਂ ਕਿ, ਪੰਜਾਬ ਰਾਜ ਭਿਆਨਕ ਹੜ੍ਹਾਂ ਨਾਲ ਤਬਾਹ ਹੋ ਗਿਆ ਹੈ, ਜਿਸਨੂੰ 1988 ਦੇ ਹੜ੍ਹਾਂ ਤੋਂ ਬਾਅਦ ਸਭ ਤੋਂ ਭਿਆਨਕ ਅਤੇ ਸਭ ਤੋਂ ਵਿਨਾਸ਼ਕਾਰੀ ਹੜ੍ਹ ਮੰਨਿਆ ਜਾਂਦਾ ਹੈ, ਜਿਸ ਨੇ ਇਤਿਹਾਸਕ ਤੌਰ ਤੇ 34 ਲੱਖ ਤੋਂ ਵੱਧ ਲੋਕਾਂ ਨੂੰ ਪ੍ਰਭਾਵਿਤ ਕੀਤਾ ਸੀ;

ਅਤੇ ਜਿੱਥੇ, ਮੌਜੂਦਾ ਆਫਤ ਨੇ ਸੁਤੰਤਰ ਭਾਰਤ ਵਿੱਚ ਪਿਛਲੀਆਂ ਵੱਡੀਆਂ ਹੜ੍ਹਾਂ ਦੀਆਂ ਘਟਨਾਵਾਂ, ਜਿਵੇਂ ਕਿ 1955 ਅਤੇ 1978 ਵਿੱਚ ਹੋਈਆਂ, ਨੂੰ ਵੱਡੇ ਪੈਮਾਨੇ ਅਤੇ ਤਬਾਹੀ ਦੇ ਮਾਮਲੇ ਵਿੱਚ ਪਛਾੜ ਦਿੱਤਾ ਹੈ, ਜਿਸ ਨਾਲ 20 ਲੱਖ ਤੋਂ ਵੱਧ ਲੋਕਾਂ ਦਾ ਕਈ ਤਰ੍ਹਾਂ ਨਾਲ ਨੁਕਸਾਨ ਹੋਇਆ, ਲਗਭਗ 5 ਲੱਖ ਏਕੜ ਵਿੱਚ ਫਸਲਾਂ ਤਬਾਹ ਹੋ ਗਈਆਂ, ਪਸ਼ੂਧਨ ਨੂੰ ਬਹੁਤ ਨੁਕਸਾਨ ਹੋਇਆ ਅਤੇ ਨਿੱਜੀ ਤੇ ਜਨਤਕ ਬੁਨਿਆਦੀ ਢਾਂਚੇ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਪਹੁੰਚਿਆ;

ਅਤੇ ਜਿੱਥੇ, ਪੰਜਾਬ ਦੇ ਮੁੱਖ ਮੰਤਰੀ ਨੇ ਇੱਕ ਵਿਆਪਕ ਮੁਲਾਂਕਣ ਤੋਂ ਬਾਅਦ, ਇਸ ਬੇਮਿਸਾਲ ਸੰਕਟ ਦਾ ਸਾਹਮਣਾ ਕਰਨ ਲਈ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ ਕੇਂਦਰ ਸਰਕਾਰ ਤੋਂ ਰਸਮੀ ਤੌਰ 'ਤੇ ਘੱਟੋ-ਘੱਟ 20,000 ਕਰੋੜ ਰੁਪਏ ਦੇ ਇੱਕ ਵਿਸ਼ੇਸ਼ ਅਤੇ ਮਹੱਤਵਪੂਰਨ ਵਿੱਤੀ ਰਾਹਤ ਪੈਕੇਜ ਦੀ ਮੰਗ ਕੀਤੀ;

ਅਤੇ ਜਿੱਥੇ, ਰਾਜ ਸਰਕਾਰ ਨੇ ਡੂੰਘੇ ਦੁੱਖ ਨਾਲ, ਇਸ ਸਦਨ ਅਤੇ ਪੰਜਾਬ ਦੇ ਲੋਕਾਂ ਨੂੰ ਸੂਚਿਤ ਕਰਨਾ ਚਾਹਿਆ ਹੈ ਕਿ 1600 ਕਰੋੜ ਰੁਪਏ ਦੇ ਐਲਾਨੇ ਗਏ ਮਾਮੂਲੀ ਪੈਕੇਜ ਦਾ ਇੱਕ ਹਿੱਸਾ ਤੱਕ ਵੀ ਅਜੇ ਤੱਕ ਰਾਜ ਦੇ ਖਜ਼ਾਨੇ ਵਿੱਚ ਤਬਦੀਲ ਨਹੀਂ ਕੀਤਾ ਗਿਆ ਹੈ, ਜਿਸ ਨਾਲ ਰਾਜ ਨੂੰ, ਇਸ ਦੇ ਤੁਰੰਤ ਅਤੇ ਵਿਆਪਕ ਯਤਨਾਂ ਦੇ ਬਾਵਜੂਦ, ਮੁੱਖ ਤੌਰ 'ਤੇ ਆਪਣੇ ਹੀ ਸੀਮਤ ਸਰੋਤਾਂ ਨਾਲ ਇਸ ਆਫ਼ਤ ਨਾਲ ਲੜਨ ਲਈ ਛੱਡ ਦਿੱਤਾ ਗਿਆ ਹੈ;

ਅਤੇ ਜਿੱਥੇ, ਪ੍ਰਧਾਨ ਮੰਤਰੀ ਦਫ਼ਤਰ ਨੇ ਪੰਜਾਬ ਦੇ ਚੁਣੇ ਹੋਏ ਮੁੱਖ ਮੰਤਰੀ ਵੱਲੋਂ ਮੀਟਿੰਗ ਲਈ ਵਾਰ-ਵਾਰ ਕੀਤੀ ਗਈ ਬੇਨਤੀ ਦਾ ਜਵਾਬ ਨਹੀਂ ਦਿੱਤਾ ਅਤੇ ਚੁਣੇ ਹੋਏ ਵਿਅਕਤੀਆਂ ਤੱਕ ਗੱਲਬਾਤ ਸੀਮਤ ਕਰਕੇ, ਪੰਜਾਬ ਨੂੰ ਆਪਣੇ ਮੁੱਖ ਮੰਤਰੀ ਰਾਹੀਂ ਸਹੀ ਅਤੇ ਵਿਆਪਕ ਪ੍ਰਤੀਨਿਧਤਾ ਕਰਨ ਤੋਂ ਰੋਕਿਆ;

ਹੁਣ, ਇਸ ਲਈ, ਇਹ ਮਤਾ ਪਕਾਉਂਦੇ ਹੋਏ, ਇਹ ਸਦਨ ਪੰਜਾਬ ਵਿਧਾਨ ਸਭਾ:-

1. ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਦਹਾਕਿਆਂ ਵਿੱਚ ਪੰਜਾਬ ਨੂੰ ਦਰਪੇਸ਼ ਸਭ ਤੋਂ ਭਿਆਨਕ ਹੜ੍ਹਾਂ ਦੇ ਪੈਮਾਨੇ ਦੇ ਅਨੁਸਾਰ ਇੱਕ ਵਿਸ਼ੇਸ਼ ਵਿੱਤੀ ਪੈਕੇਜ ਨੂੰ ਮਨਜ਼ੂਰੀ ਦੇਣ ਵਿੱਚ ਪ੍ਰਤੀਕਿਰਿਆ ਦੀ ਘਾਟ ਅਤੇ ਅਸਫਲਤਾ ਦੀ ਸਪੱਸ਼ਟ ਤੌਰ 'ਤੇ ਨਿੰਦਾ ਕਰਦਾ ਹੈ।
2. ਪੰਜਾਬ ਦੇ ਚੁਣੇ ਹੋਏ ਮੁੱਖ ਮੰਤਰੀ ਵੱਲੋਂ ਮੀਟਿੰਗ ਲਈ ਵਾਰ-ਵਾਰ ਕੀਤੀ ਗਈ ਬੇਨਤੀ ਦਾ ਜਵਾਬ ਨਾ ਦੇਣ, ਜਿਸ ਨਾਲ ਰਾਜ ਦੇ ਲੋਕਾਂ ਦਾ ਅਪਮਾਨ ਹੋਇਆ ਹੈ ਅਤੇ ਰਾਜ ਨੂੰ ਆਫ਼ਤ ਦੇ ਪੂਰੇ ਪੈਮਾਨੇ ਦੀ ਸਹੀ

ਅਤੇ ਵਿਆਪਕ ਪ੍ਰਤੀਨਿਧਤਾ ਕਰਨ ਤੋਂ ਰੋਕਿਆ ਗਿਆ, ਲਈ ਪ੍ਰਧਾਨ ਮੰਤਰੀ ਦਫ਼ਤਰ ਦੀ ਸਖ਼ਤ ਨਿੰਦਾ ਦਰਜ ਕਰਦਾ ਹੈ।

3. 1600 ਕਰੋੜ ਰੁਪਏ ਦੇ ਟੋਕਨ ਰਾਹਤ ਪੈਕੇਜ ਦੇ ਐਲਾਨ 'ਤੇ ਆਪਣੀ ਡੂੰਘੀ ਨਿਰਾਸ਼ਾ ਪ੍ਰਗਟ ਕਰਦਾ ਹੈ, ਜੋ ਕਿ ਪੂਰੀ ਰਿਕਵਰੀ ਲਈ 20,000 ਕਰੋੜ ਰੁਪਏ ਤੋਂ ਵੱਧ ਦੀ ਰਾਜ ਦੀ ਅਸਲ ਮੰਗ ਦਾ ਇੱਕ ਬੇਰਹਿਮ ਮਜ਼ਾਕ ਹੈ।
4. ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਉਦਾਸੀਨਤਾ ਵਿਰੁੱਧ ਆਪਣਾ ਸਖ਼ਤ ਵਿਰੋਧ ਦਰਜ ਕਰਦਾ ਹੈ ਜਿਸ ਦੇ ਨਤੀਜੇ ਵਜੋਂ ਐਲਾਨੇ ਗਏ ਟੋਕਨ ਫੰਡ ਵੀ ਪ੍ਰਾਪਤ ਨਹੀਂ ਹੋਏ, ਜਿਸ ਨਾਲ ਰਾਜ ਸਰਕਾਰ ਦੇ ਚੱਲ ਰਹੇ ਰਾਹਤ ਅਤੇ ਪੁਨਰਵਾਸ ਕਾਰਜਾਂ ਦੀ ਗਤੀ ਗੰਭੀਰ ਤੌਰ 'ਤੇ ਪ੍ਰਭਾਵਤ ਹੋਈ ਹੈ।
5. ਕੇਂਦਰ ਸਰਕਾਰ ਨੂੰ ਇਸ ਆਫ਼ਤ ਦੀ ਗੰਭੀਰਤਾ ਨੂੰ ਸਵੀਕਾਰ ਕਰਨ, ਮੁਲਾਂਕਣ ਕੀਤੇ ਗਏ ਨੁਕਸਾਨਾਂ 'ਤੇ ਮੁੜ ਵਿਚਾਰ ਕਰਨ ਅਤੇ ਕਿਸਾਨਾਂ ਦੀ ਸਹਾਇਤਾ, ਤਬਾਹ ਹੋਏ ਬੁਨਿਆਦੀ ਢਾਂਚੇ ਦੇ ਮੁੜ ਨਿਰਮਾਣ ਅਤੇ ਪੰਜਾਬ ਦੇ ਲੋਕਾਂ ਦੀ ਰੋਜ਼ੀ-ਰੋਟੀ ਨੂੰ ਬਹਾਲ ਕਰਨ ਲਈ ਘੱਟੋ-ਘੱਟ 20,000 ਕਰੋੜ ਰੁਪਏ ਦੇ ਇੱਕ ਵਿਆਪਕ ਅਤੇ ਮਹੱਤਵਪੂਰਨ ਤੌਰ 'ਤੇ ਵਧੇ ਹੋਏ ਵਿਸ਼ੇਸ਼ ਵਿੱਤੀ ਪੈਕੇਜ ਨੂੰ ਤੁਰੰਤ ਮਨਜ਼ੂਰੀ ਦੇਣ ਦੀ ਮੰਗ ਕਰਦਾ ਹੈ ਅਤੇ ਪੰਜਾਬ ਰਾਜ ਨੂੰ ਐਲਾਨੀ ਗਈ 1600 ਕਰੋੜ ਰੁਪਏ ਦੀ ਪੂਰੀ ਵਿੱਤੀ ਸਹਾਇਤਾ ਤੁਰੰਤ ਅਤੇ ਪੂਰੀ ਤਰ੍ਹਾਂ ਰਾਜ ਦੇ ਖਜ਼ਾਨੇ ਵਿੱਚ ਭੇਜਣ ਦੀ ਮੰਗ ਕਰਦਾ ਹੈ।

ਸਦਨ ਇਹ ਵੀ ਫੈਸਲਾ ਕਰਦਾ ਹੈ ਕਿ ਇਸ ਮਤੇ ਦੀ ਇੱਕ ਕਾਪੀ, ਪੰਜਾਬ ਵਿਧਾਨ ਸਭਾ ਦੁਆਰਾ ਅਪਣਾਏ ਜਾਣ ਤੋਂ ਬਾਅਦ, ਅਧਿਕਾਰਤ ਤੌਰ 'ਤੇ ਮਾਣਯੋਗ ਪ੍ਰਧਾਨ ਮੰਤਰੀ, ਮਾਣਯੋਗ ਕੇਂਦਰੀ ਗ੍ਰਹਿ ਮੰਤਰੀ ਅਤੇ ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਨੂੰ ਉਨ੍ਹਾਂ ਦੀ ਤੁਰੰਤ ਅਤੇ ਫੈਸਲਾਕੁੰਨ ਕਾਰਵਾਈ ਲਈ ਭੇਜੀ ਜਾਵੇਗੀ।''

ਕੀ ਇਸ ਮਤੇ ਤੇ ਕੋਈ ਨਾਂਹ ਵਾਲੀ ਵੋਟ ਹੈ?

(**ਅਵਾਜ਼ਾਂ**: ਨਹੀਂ ਜੀ, ਨਹੀਂ ਜੀ।)

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*** (ਥੰਪਿੰਗ)

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਪੀਕਰ ਸਾਹਿਬ।

**ਮਾਣਯੋਗ ਸਪੀਕਰ** : ਡਿਸਕਸ਼ਨ ਤਾਂ ਹੁਣ ਹੋ ਗਈ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਮੈਂ ਕੁਝ ਅਮੈਂਡਮੈਂਟਸ ਰੱਖਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ** : ਇਹ ਤੁਸੀਂ ਪਹਿਲਾਂ ਰੱਖਣੀਆਂ ਸਨ, ਉਹ ਸਟੇਜ ਹੁਣ ਲੰਘ ਗਈ ਹੈ।

(ਇਸ ਸਮੇਂ ਸਰਦਾਰ ਪ੍ਰਤਾਪ ਸਿੰਘ ਬਾਜਵਾ, ਲੀਡਰ ਆਫ ਦਿ ਆਪੋਜੀਸ਼ਨ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਮਾਂ ਦੇਣ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ** : ਨਹੀਂ ਜੀ। This is too late. ਉਹ ਸਟੇਜ ਹੁਣ ਲੰਘ ਗਈ ਹੈ।

---

## LEGISLATIVE BUSINESS

## 1.THE SEEDS (PUNJAB AMENDMENT) BILL, 2025

**ਮਾਣਯੋਗ ਸਪੀਕਰ** : ਅਗਲੀ ਆਈਟਮ। ਸਰਦਾਰ ਗੁਰਮੀਤ ਸਿੰਘ ਖੁੱਡੀਆਂ, ਖੇਤੀਬਾੜੀ ਮੰਤਰੀ ਜੀ ਬਿਲ ਪੇਸ਼ ਕਰਨਗੇ।

**ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ)** : ਸ਼੍ਰੀਮਾਨ ਜੀ, ਮੈਂ ਬੀਜ (ਪੰਜਾਬ ਸੋਧ) ਬਿਲ, 2025 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਬੀਜ (ਪੰਜਾਬ ਸੋਧ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਬੀਜ (ਪੰਜਾਬ ਸੋਧ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਬਾਜਵਾ ਸਾਹਿਬ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)** : ਸਪੀਕਰ ਸਾਹਿਬ, ਇਹ ਜਿਹੜਾ ਬਿਲ ਲੈ ਕੇ ਆਏ ਹਨ, ਅਸੀਂ ਇਸ ਦੀ ਸਪੋਰਟ ਕਰਦੇ ਹਾਂ। ਇਹ ਅੱਛੀ ਗੱਲ ਹੈ ਕਿ ਸਟ੍ਰਿੰਜੈਂਟ ਐਕਸ਼ਨ ਹੋਣਾ ਚਾਹੀਦਾ ਹੈ। ਮੈਂ ਮਨਿਸਟਰ ਸਾਹਿਬ ਨੂੰ ਇੱਕ ਰਾਏ ਦੇਣਾ ਚਾਹਾਂਗਾ ਕਿ ਇਨ੍ਹਾਂ ਦੀ ਪਿਛਲੇ ਦਿਨੀਂ ਸਟੇਟਮੈਂਟ ਲੱਗੀ ਸੀ ਕਿ ਜਿਹੜਾ ਵੀ ਫਲੱਡ ਇਫੈਕਟਿਡ ਕਿਸਾਨ ਕਣਕ ਬੀਜੇਗਾ, ਅਸੀਂ ਪੰਜਾਬ ਗੌਰਮਿੰਟ, ਮਨਿਸਟਰੀ ਆਫ ਐਗਰੀਕਲਚਰ ਵੱਲੋਂ 5 ਏਕੜ ਵਾਸਤੇ ਫਰੀ ਸੀਡ ਦੇਵਾਂਗੇ। ਪ੍ਰੋਪੋਜ਼ਲ ਇਹ ਹੈ ਕਿ ਇਹ ਪੂਰੀ ਫਰੀ ਹੋਣੀ ਚਾਹੀਦੀ ਹੈ ਕਿਉਂਕਿ ਕਿਸੇ ਨੇ ਵੱਧ ਵੀ ਕਣਕ ਬੀਜਣੀ ਹੋਵੇਗੀ। ਕਿਸੇ ਦਾ ਨੁਕਸਾਨ 5 ਏਕੜ ਦਾ ਹੋਇਆ ਹੈ, ਕਿਸੇ ਦਾ 10 ਏਕੜ ਦਾ ਹੋਇਆ ਹੈ, ਕਿਸੇ ਦਾ 15 ਏਕੜ ਦਾ ਹੋਇਆ ਹੈ। ਜੇਕਰ ਤੁਸੀਂ ਕਾਈਂਡਲੀ ਇਸ ਨੂੰ ਵਿਚਾਰ ਸਕੋ ਤਾਂ ਬਿਹਤਰ ਹੋਵੇਗਾ। ਮੈਂ only for this very season ਦੀ ਗੱਲ ਕਰ ਰਿਹਾ ਹਾਂ। ਬਾਕੀ ਠੀਕ ਹੈ ਕਿ ਤੁਸੀਂ ਇਸ ਵਿੱਚ ਸਜ਼ਾ ਵਧਾਈ ਹੈ। ਮੈਂ ਸਮਝਦਾ ਹਾਂ ਕਿ ਅਸੀਂ ਸਾਰੇ ਇਸ ਗੱਲ ਨਾਲ ਸਹਿਮਤ ਹਾਂ। ਇਹ ਜ਼ਰੂਰ ਹੋਣੀ ਚਾਹੀਦੀ ਸੀ ਅਤੇ ਸਟ੍ਰਿੰਜੈਂਟ ਹੋਣੀ ਚਾਹੀਦੀ ਸੀ।

**Mr. Speaker** : Thank you. Now, Rana Gurjit Singh ji.

**ਰਾਣਾ ਗੁਰਜੀਤ ਸਿੰਘ (ਕਪੂਰਥਲਾ)** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੀ ਸ਼ਲਾਘਾ ਕਰਾਂਗਾ ਕਿ ਇਹ ਬੜਾ ਅੱਛਾ ਕਦਮ ਹੈ ਅਤੇ ਅਜਿਹਾ ਹੋਣਾ ਚਾਹੀਦਾ ਸੀ। ਸਾਲ 1966 ਵਿੱਚ ਸਾਡੇ ਕੋਲ ਜੋ ਫਸਲਾਂ ਸਨ, ਬੀਜ

ਸਨ, ਉਨ੍ਹਾਂ ਵਿੱਚ ਸਮੇਂ ਸਮੇਂ ਨਾਲ ਯੀਲਡ ਇੰਪਰੂਵ ਕਰਨ ਅਤੇ ਸੋਧ ਕਰਨ ਦੀ ਲੋੜ ਸੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਲ 2021 ਵਿੱਚ ਅਸੀਂ ਹਾਰਟੀਕਲਚਰ ਦਾ ਐਕਟ ਬਦਲਿਆ ਸੀ। ਮੈਂ ਐਡਮਿਟ ਕਰਾਂਗਾ ਕਿ ਉਹ half hearted approach ਸੀ ਅਤੇ ਜੋ ਅਸੀਂ ਹੁਣ ਲਿਆ ਰਹੇ ਹਾਂ, ਇਹ ਵੀ half hearted approach ਹੈ। ਮੈਨੂੰ ਦੋ ਮਿੰਟ ਬੋਲ ਲੈਣ ਦਿਉ, ਮੈਂ ਚਾਨਣ ਪਾ ਦਿਆਂਗਾ ਅਤੇ ਤੁਸੀਂ ਸਾਰੇ ਐਗਰੀ ਕਰੋਗੇ।

**ਮਾਣਯੋਗ ਸਪੀਕਰ** : ਹਾਂ ਜੀ।

**ਰਾਣਾ ਗੁਰਜੀਤ ਸਿੰਘ** : ਸਪੀਕਰ ਸਾਹਿਬ, ਪੰਜਾਬ ਵਿੱਚ ਕਰੀਬ 30 ਲੱਖ ਹੈਕਟੇਅਰ ਵਿੱਚ ਕਣਕ ਹੁੰਦੀ ਹੈ। ਇੱਕ ਹੈਕਟੇਅਰ ਲਈ ਇੱਕ ਕੁਇੰਟਲ ਕਣਕ ਦੀ ਲੋੜ ਪੈਂਦੀ ਹੈ, ਤੁਸੀਂ ਹਿਸਾਬ ਕਿਤਾਬ ਲਗਾ ਲਉ। ਅੱਜ ਹੋ ਕੀ ਰਿਹਾ ਹੈ? ਖਾਲੀ ਤੁਸੀਂ ਇਸ ਲਈ ਜ਼ਿੰਮੇਵਾਰ ਨਹੀਂ ਹੋ, ਐਂਵੇ ਨਾ ਭੜਕ ਪੈਣਾ ਕਿ ਸਾਡੀ ਨਿੰਦਾ ਕਰ ਰਿਹਾ ਹੈ। ਇਹ ਪਹਿਲਾਂ ਤੋਂ ਹੋ ਰਿਹਾ ਹੈ। ਮੈਂ ਆਪਣੀ ਸਰਕਾਰ ਵਿੱਚ, ਅਕਾਲੀ ਦਲ ਦੀ ਸਰਕਾਰ ਵਿੱਚ ਇਹ ਗੱਲਾਂ ਕਰਦਾ ਰਿਹਾ ਹਾਂ, ਇਹ ਬਿਲ ਆਪਾਂ ਸਿਰਫ ਸੁਰਖੀ-ਬਿੰਦੀ ਲਾਉਣ ਲਈ ਲੈ ਕੇ ਆਏ ਹਾਂ ਕਿਉਂਕਿ ਸਾਲ 2021 ਵਿੱਚ ਅਸੀਂ ਸੋਧ ਕੀਤੀ ਸੀ, ਤੁਸੀਂ ਦੱਸ ਦਿਉ ਕਿ ਉਸ ਤੇ ਕੀ ਐਕਸ਼ਨ ਹੋਇਆ ਹੈ? ਉਸ ਵਿੱਚ ਅਸੀਂ through satellite traceability ਦੀ ਗੱਲ ਕੀਤੀ ਸੀ, certification for potato seeds ਦੀ ਗੱਲ ਕੀਤੀ ਸੀ, ਉਸ ਵਿੱਚ ਜੇਕਰ ਕੋਈ ਕੰਮ ਹੋਇਆ ਹੈ ਤਾਂ ਦੱਸ ਦਿਉ। Root stop ਸਰਟੀਫਾਈਡ ਹੋਣਾ ਚਾਹੀਦਾ ਹੈ, ਕਿਥੋਂ ਆਇਆ, ਕਿਵੇਂ ਆਇਆ, ਇਸ ਦੀ ਜਾਂਚ ਹੋਣੀ ਚਾਹੀਦੀ ਹੈ, ਚਾਹੇ ਉਹ ਪੌਦਾ ਫਲਾਂ ਦਾ ਹੋਵੇ ਜਾਂ ਹੋਰ ਵੀ ਜਿੰਨੇ ਹਾਰਟੀਕਲਚਰ ਦੇ ਬੀਜ ਹਨ, ਉਨ੍ਹਾਂ ਦੀ ਗੱਲ ਹੋਵੇ। ਸੋ, ਗੱਲ ਇਹ ਹੈ ਕਿ ਉਸ ਸਬੰਧੀ ਅਸੀਂ ਕੁਝ ਨਹੀਂ ਕੀਤਾ। ਇਹ ਬਿਲ ਆਪਾਂ ਲੈ ਆਏ ਹਾਂ। ਨਾ ਤੁਸੀਂ ਲਾਗੂ ਕਰਨਾ ਹੈ ਅਤੇ ਨਾ ਅਗਲਿਆਂ ਨੇ ਕਰਨਾ ਹੈ ਲੇਕਿਨ ਇਹ ਮਸਲਾ ਸੀਰੀਅਸ ਹੈ। ਇਸ ਉੱਤੇ ਚਰਚਾ ਹੋਣੀ ਚਾਹੀਦੀ ਹੈ। ਮੈਂ ਇਹ ਕਹਾਂਗਾ ਕਿ ਇਸ Bill ਨੂੰ ਡੈਫਰ ਕਰ ਦਿਉ। ਇਸ ਨੂੰ ਇਸ ਕਰਕੇ ਡੈਫਰ ਕਰੋ ਕਿ ਅੱਜ ਅਸੀਂ 30 ਲੱਖ ਹੈਕਟੇਅਰ ਵਿੱਚ ਕਣਕ ਬੀਜਦੇ ਹਾਂ ਅਤੇ ਸੀਡ ਜਾਂ ਤਾਂ ਸਟੇਜ 1 ਅਤੇ ਸਟੇਜ 2 ਦਾ ਬ੍ਰੀਡਰ ਸੀਡ ਹੋਵੇਗਾ ਜਾਂ ਫਿਰ ਸਟੇਜ 1 ਤੇ ਸਟੇਜ 2 ਫਾਊਂਡੇਸ਼ਨ ਵਾਲਾ ਹੋਵੇਗਾ ਜਾਂ ਫਿਰ ਸਟੇਜ 1 ਤੇ ਸਟੇਜ 2 ਸਰਟੀਫਾਈਡ ਵਾਲਾ ਹੋਵੇਗਾ? ਅਸੀਂ ਕਿੰਨੇ ਪਰਸੈਂਟ ਬੰਦਿਆਂ ਨੂੰ ਇਹ ਸਟੇਜ 2 ਤੱਕ ਵਾਲੇ ਸਰਟੀਫਾਈਡ ਬੀਜ ਪਹੁੰਚਾਉਣੇ ਹਨ? ਸਟੇਜ ਵੰਨ ਵੀ ਛੱਡ ਦਿਉ ਅਤੇ ਫਾਊਂਡੇਸ਼ਨ ਸਟੇਜ ਵੀ ਛੱਡ ਦਿਉ। ਮੇਰੇ ਕਹਿਣ ਦਾ ਮਤਲਬ ਹੈ ਕਿ ਸਾਰੇ ਹੀ ਬੀਜ ਜਿੰਨੇ ਹਨ, ਕੀ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਦੇਣੇ ਹਨ ਜਾਂ ਆਪਾਂ ਪੰਜਾਬ ਨੂੰ ਦੇਣੇ ਹਨ। ਮੰਡੀਆਂ ਵਿੱਚ ਐਫ.ਸੀ.ਆਈ. ਤੁਹਾਡੀ ਏਜੰਸੀ ਹੈ, ਜਿਹੜੀ ਲਾਲ ਜਿਹੀ ਦਵਾਈ ਲਗਾ ਕੇ ਸੀਡ ਪ੍ਰਚੇਜ਼ ਕਰਦੀ ਹੈ ਅਤੇ ਅਸੀਂ ਉਸ ਨੂੰ ਸੀਡ ਕਹਿ ਦਿੰਦੇ ਹਾਂ। ਇਹ ਫਾਰਮਰਜ਼ ਨਾਲ ਚੀਟਿੰਗ ਹੈ, ਫਾਰਮਰਜ਼ ਨਾਲ ਧੋਖਾ ਹੁੰਦਾ ਹੈ। ਇਸ ਨਾਲੋਂ ਤਾਂ ਇਹ ਲਿਖਣਾ ਚਾਹੀਦਾ ਹੈ ਕਿ ਇਹ ਬੀਜ ਨਹੀਂ ਹੈ, ਤੁਸੀਂ ਮੰਡੀ ਵਿੱਚੋਂ ਖਰੀਦ ਲਵੋ। ਇਸ ਸਬੰਧ ਵਿੱਚ ਇੱਕ ਪਰਾਪਰ ਪ੍ਰੋਗਰਾਮ ਬਣਾਉ। ਜਿਸ ਤਰ੍ਹਾਂ ਇਹ ਚੀਜ਼ ਜਿਵੇਂ ਝੋਨੇ 'ਤੇ ਅਪਲਾਈ ਕਰਦੀ ਹੈ ਉਵੇਂ ਹੀ ਬਾਕੀ ਚੀਜ਼ਾਂ ਉੱਤੇ ਵੀ ਅਪਲਾਈ ਕਰਦੀ ਹੈ। ਅਸੀਂ ਇਸ ਵਿੱਚ ਅਮੈਂਡਮੈਂਟ ਕੁਝ ਨਹੀਂ ਕੀਤਾ ਕਿਉਂਕਿ ਭਾਰਤ ਸਰਕਾਰ ਨੇ ਤਾਂ ਇਸ ਨੂੰ ਪਾਸ ਹੀ ਨਹੀਂ ਕੀਤਾ ਔਰ ਇਸ ਮਸਲੇ ਨਾਲ ਹੋਰ ਬੜੀਆਂ ਚੀਜ਼ਾਂ ਜੁੜੀਆਂ ਹੋਈਆਂ ਹਨ। ਇਸ ਸਬੰਧ ਵਿੱਚ ਇੱਕ ਕਮੇਟੀ ਬਣਾਉ, ਉਸ ਵਿੱਚ ਅਸੀਂ ਸਾਰੇ ਮੈਂਬਰ ਹੋਈਏ ਅਤੇ ਸਾਇੰਟਿਸਟਜ਼ ਤੁਹਾਡਾ ਸਾਥ ਦੇਣ। ਜਿੰਨਾ ਮਾੜਾ-ਮੋਟਾ ਸਾਨੂੰ ਪਤਾ ਹੈ, ਅਸੀਂ ਵੀ ਦੱਸ ਦੇਵਾਂਗੇ ਪਰ ਇਹ half hearted approach ਨਾ ਕਰੋ। ਸਪੀਕਰ ਸਾਹਿਬ, ਕੀ ਮੈਂ ਇੱਥੇ ਗਵਰਨਰ ਗੈਲਰੀ ਵਿੱਚ ਬੈਠੇ ਕਿਸੇ ਨੁਮਾਇੰਦੇ ਦਾ ਨਾਂ ਲੈ ਸਕਦਾ ਹਾਂ ਜੀ?

**ਮਾਣਯੋਗ ਸਪੀਕਰ:** ਨਹੀਂ ਜੀ।

**ਰਾਣਾ ਗੁਰਜੀਤ ਸਿੰਘ:** ਠੀਕ ਹੈ ਜੀ। ਮੈਂ ਕਹਿ ਦਿੰਦਾ ਹਾਂ ਕਿ ਸਾਡਾ ਇੱਕ ਮੈਂਬਰ ਪਾਰਲੀਮੈਂਟ ਪੰਜਾਬ ਵਿੱਚ ਜੰਮਿਆ ਹੈ। ਸਾਡੇ 13 ਮੈਂਬਰ ਪਾਰਲੀਮੈਂਟ ਲੋਕ ਸਭਾ ਦੇ ਹਨ ਅਤੇ 6 ਰਾਜ ਸਭਾ ਦੇ ਹਨ। ਜੇ ਉਨ੍ਹਾਂ ਨੂੰ ਜੋੜ ਲਈਏ ਤਾਂ ਸਾਡੀ ਗਿਣਤੀ ਵੱਧ ਜਾਂਦੀ ਹੈ। ਪੰਜਾਬ ਸਰਕਾਰ ਇੱਕ ਕਮੇਟੀ ਬਣਾ ਕੇ ਸੋਧ ਕਰਕੇ ਅਮੈਂਡਮੈਂਟ ਬਿਲ ਲਿਆਵੇ। ਉਸ ਤੋਂ ਬਾਅਦ ਸਾਡੇ ਇਨ੍ਹਾਂ ਮੈਂਬਰ ਸਾਹਿਬਾਨ ਨੂੰ ਕਹੋ ਕਿ ਇਹ ਸਾਨੂੰ ਉਪਰ ਐਡਵੋਕੇਟ ਕਰਨ। Haryana is also interested. ਸੋ, ਮੇਰੇ ਕਹਿਣ ਦਾ ਮਤਲਬ ਹੈ ਕਿ ਪਹਿਲਾਂ ਤਾਂ ਆਪਾਂ ਇੱਕੋ ਆਈਟਮ ਲੈ ਕੇ ਆਏ ਹਾਂ ਕਿ ਜਿਹੜੇ ਵਪਾਰੀ ਗਲਤ ਬੀਜ ਬੀਜਦੇ ਤੇ ਭੇਜਦੇ ਹਨ, ਉਨ੍ਹਾਂ ਦਾ ਕੰਮ ਠੀਕ ਹੋਣਾ ਚਾਹੀਦਾ ਹੈ। ਜੋ ਪ੍ਰੋਪੋਜ਼ ਕੀਤਾ ਹੈ, ਇਹ ਬਿਲਕੁਲ ਠੀਕ ਹੈ। ਅਸੀਂ ਕਦੇ ਸੋਚਿਆ ਹੀ ਨਹੀਂ ਕਿ ਸਾਡੇ ਸੀਡ ਸਰਟੀਫਿਕੇਸ਼ਨ ਡਿਪਾਰਟਮੈਂਟ ਨੂੰ ਕਿੰਨਾ ਸਟਰੈਂਥਨ ਕਰਨ ਦੀ ਲੋੜ ਹੈ ਅਤੇ ਉਸ ਵਿੱਚ ਕਿੰਨੇ ਮੁਲਾਜ਼ਮ ਹਨ? ਕਹਿਣਾ ਨਹੀਂ ਚਾਹੀਦਾ, ਇੱਥੇ ਮੇਰੇ ਕਈ ਵੀਰ ਮੇਰੇ ਨਾਲ ਵਿਧਾਨ ਸਭਾ ਕਮੇਟੀ ਵਿੱਚ ਮੈਂਬਰ ਸਨ, ਉਹ ਮੇਰੇ ਨਾਲ ਸਹਿਮਤ ਹੋਣਗੇ। ਇੱਕ ਮੀਟਿੰਗ ਦੌਰਾਨ ਸੀਡ ਸਰਟੀਫਿਕੇਸ਼ਨ ਵਿਭਾਗ ਦੇ ਡਾਇਰੈਕਟਰ ਨੂੰ ਕੋਈ ਗੱਲ ਹੀ ਨਹੀਂ ਆਈ, ਉਸ ਨੂੰ ਪਤਾ ਹੀ ਕੁਝ ਨਹੀਂ ਸੀ। ਸੋ, ਮੇਰੇ ਕਹਿਣ ਦਾ ਮਤਲਬ ਹੈ ਕਿ ਇਹ ਗੰਭੀਰ ਮਸਲਾ ਹੈ।

**ਮਾਣਯੋਗ ਸਪੀਕਰ:** ਧੰਨਵਾਦ ਜੀ।

**ਰਾਣਾ ਗੁਰਜੀਤ ਸਿੰਘ:** ਸਰ, ਜੇ ਮੈਂ ਕੋਈ ਗਲਤ ਗੱਲ ਕਰ ਰਿਹਾ ਹਾਂ ਤਾਂ ਮੈਂ ਬਹਿ ਜਾਵਾਂਗਾ।

**ਮਾਣਯੋਗ ਸਪੀਕਰ:** ਠੀਕ ਹੈ ਜੀ। ਤੁਹਾਡੀ ਗੱਲ ਆ ਗਈ ਹੈ।

**ਰਾਣਾ ਗੁਰਜੀਤ ਸਿੰਘ:** ਨਹੀਂ ਜੀ। ਮੇਰੀ ਗੱਲ ਆਈ ਨਹੀਂ ਹੈ। ਇਹ ਗੱਲਾਂ ਬਹੁਤ ਲੰਬੀਆਂ ਹਨ। ਮੈਂ ਉਨ੍ਹਾਂ ਉਤੇ ਡਿਸਕਸ਼ਨ ਲਈ ਬਾਅਦ ਵਿੱਚ ਸਮਾਂ ਮੰਗਾਂਗਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਖਰਬੂਜੇ ਦਾ ਬੀਜ ਲਿਆਉਂਦੇ ਹਾਂ। ਉਹ ਹਜ਼ਾਰਾਂ ਰੁਪਏ ਪ੍ਰਤੀ ਕਿੱਲੋ ਮਿਲਦਾ ਹੈ, ਤਕਰੀਬਨ 80 ਹਜ਼ਾਰ ਰੁਪਏ ਦਾ ਕਿੱਲੋ ਮਿਲਦਾ ਹੈ। ਅਸੀਂ ਉਹ ਬੀਜ ਲਿਆ ਕੇ ਜ਼ਿੰਮੀਦਾਰ ਨੂੰ ਦੇ ਦਿੰਦੇ ਹਾਂ। ਕਈ ਵਾਰ ਉਹ ਖਰਬੂਜਾ ਉੱਗਦਾ ਹੈ ਜਾਂ ਨਹੀਂ ਉੱਗਦਾ, ਵੈਸੇ ਬੜਾ ਵਧੀਆ ਕੰਮ ਹੈ, ਕੋਈ ਮਾੜਾ ਨਹੀਂ। ਇਸੇ ਤਰ੍ਹਾਂ BT Cotton ਲਿਆਉਂਦੇ ਹਾਂ, ਇੱਥੇ ਸਾਰੀ ਨਕਲੀ ਆਉਂਦੀ ਹੈ। ਕੀ ਕਦੇ ਅਸੀਂ ਸੋਚਿਆ ਹੈ ਕਿ ਜੇਕਰ ਅਸੀਂ ਮੱਕੀ ਦਾ ਬੀਜ ਪ੍ਰਚੇਜ਼ ਕਰਦੇ ਹਾਂ ਤਾਂ ਕਿੰਨੇ ਹਜ਼ਾਰ ਦਾ ਹੈ? ਪੰਜਾਬ ਨਾਲ ਬੀਜਾਂ ਨੂੰ ਲੈ ਕੇ ਕਿੰਨੀ ਚੀਟਿੰਗ ਹੁੰਦੀ ਹੈ? ਉਸ ਦੀ ਮਾਰਕੀਟ ਪ੍ਰਾਈਸ 1300 ਰੁਪਏ ਪ੍ਰਤੀ ਕਿੱਲੋ ਹੈ ਅਤੇ ਉਹ ਵਿਕਦਾ 3500 ਰੁਪਏ ਕਿੱਲੋ ਹੈ। ਇੱਥੇ ਇਹ ਗੱਲਾਂ ਕਰਨ ਵਾਲੀਆਂ ਹਨ। ਅਸੀਂ ਪ੍ਰਾਈਸ ਉੱਤੇ ਵੀ ਗੱਲ ਕਰਾਂਗੇ। ਇਸ ਦੀ ਸਰਟੀਫਿਕੇਸ਼ਨ ਦੀ ਵੀ ਗੱਲ ਕਰਨੀ ਹੈ। ਇਹ ਬੀਜ ਹੈਦਰਾਬਾਦ ਵਿੱਚ ਪੈਦਾ ਹੋ ਰਿਹਾ ਹੈ ਅਤੇ ਪੰਜਾਬ ਨੇ ਪੈਕੇਟ ਲੈ ਲਿਆ। ਸਾਨੂੰ ਕੀ ਪਤਾ ਕਿ ਉਸ ਪੈਕੇਟ ਵਿੱਚ ਕੀ ਹੈ? ਇਹ ਸਾਡੇ ਬੰਦਿਆਂ ਨਾਲ ਮਿਲ ਕੇ ਵਿਕੀ ਜਾਂਦਾ ਹੈ ਤੇ ਫਾਰਮਰਜ਼ ਨਾਲ ਚੀਟਿੰਗ ਹੁੰਦੀ ਹੈ। ਫਿਰ ਕਿਉਂ ਨਾ ਸਾਡੀ ਸੀਡ ਸਰਟੀਫਿਕੇਟ ਏਜੰਸੀ ਤਕੜੀ ਹੋਵੇ? ਜਿਹੜਾ ਵੀ ਬੀਜ ਤਿਆਰ ਹੋ ਰਿਹਾ ਹੈ, ਉਹ ਪੰਜਾਬ ਅੰਦਰ ਤਾਂ ਹੀ ਐਂਟਰ ਕਰੇਗਾ ਜੇਕਰ ਉਸ ਦੀ ਸਰਟੀਫਿਕੇਸ਼ਨ ਅਸੀਂ ਆਪ ਕਰਾਂਗੇ। ਸਰਟੀਫਿਕੇਸ਼ਨ ਦਾ ਮਤਲਬ ਇਹ ਨਹੀਂ ਕਿ ਇੱਕ ਵੇਲੇ ਚਲੇ ਗਏ ਅਤੇ ਇੱਕ ਬੀਅ ਬੀਜ ਦਿੱਤਾ। ਇੱਦਾਂ ਠੀਕ ਨਹੀਂ। ਇਸ ਦੀਆਂ ਤਿੰਨ-ਚਾਰ ਸਟੇਜਾਂ ਇੰਸਪੈਕਸ਼ਨ ਲਈ ਹੁੰਦੀਆਂ ਹਨ। ਇਨ੍ਹਾਂ ਸਾਰੀਆਂ ਸਟੇਜਿਜ਼ ਉੱਤੇ ਸਾਡੀ ਏਜੰਸੀ ਆਪ ਇੰਸਪੈਕਸ਼ਨ ਕਰੇ ਤਾਂ

ਕਿ ਪੰਜਾਬ ਦੇ ਫਾਰਮਰ ਦਾ ਫਾਇਦਾ ਹੋਵੇ। ਸੋ, ਗੱਲਾਂ ਕਰਨ ਵਾਲੀਆਂ ਬਹੁਤ ਹਨ। ਕਿਸੇ ਦਿਨ ਖੁੱਲ੍ਹਾ ਟਾਈਮ ਮਿਲੇ ਤਾਂ ਕਰਾਂਗੇ। ਸਰ, ਮੈਂ ਹੁਣ ਤੁਹਾਡੀਆਂ ਅੱਖਾਂ ਵੱਲ ਦੇਖ ਰਿਹਾ ਹਾਂ, ਤੁਸੀਂ ਖਤਰਨਾਕ ਰੂਪ ਨਾਲ ਵੇਖ ਰਹੇ ਹੋ ਕਿ ਹੁਣ ਮੈਂ ਬਹਿ ਜਾਵਾਂ।

**ਮਾਣਯੋਗ ਸਪੀਕਰ:** ਨਹੀਂ ਜੀ, ਨਹੀਂ।

**ਰਾਣਾ ਗੁਰਜੀਤ ਸਿੰਘ:** ਮੈਂ ਬਹਿ ਜਾਣਾ ਹੈ ਜੀ। ਤੁਹਾਡਾ ਧੰਨਵਾਦ ਲੇਕਿਨ ਇਸ ਬਿਲ ਨੂੰ ਡੈਫਰ ਕਰੋ। ਆਪਾਂ ਵਧੀਆ ਬਿਲ ਬਣਾ ਕੇ ਭੇਜੀਏ, ਜੋ ਪਾਸ ਹੋਵੇ ਅਤੇ ਸਾਰਾ ਹਿੰਦੁਸਤਾਨ ਪੰਜਾਬ ਦੀ ਵਿਧਾਨ ਸਭਾ ਦਾ ਅਤੇ ਸਾਡੇ ਮੁੱਖ ਮੰਤਰੀ ਦਾ ਧੰਨਵਾਦ ਕਰੇ।

---

## OBSERVATION BY THE HON'BLE SPEAKER

**ਮਾਣਯੋਗ ਸਪੀਕਰ:** ਵੈਸੇ ਅੱਜ ਮੈਂ ਇਸ ਗੱਲ ਤੋਂ ਬੜਾ ਖੁਸ਼ ਹਾਂ ਜੀ। ਮੈਂ ਤੁਹਾਡਾ ਧੰਨਵਾਦੀ ਵੀ ਹਾਂ ਕਿ ਜਦੋਂ ਵੀ ਕਿਤੇ ਡਿਸਕਸ਼ਨ ਹੁੰਦੀ ਹੈ, ਸਾਡੀਆਂ ਸਪੀਕਰਜ਼ ਕਾਨਫਰੰਸਿਜ਼ ਹੁੰਦੀਆਂ ਹਨ, ਉਥੇ ਇੱਕੋ ਗੱਲ ਡਿਸਕਸ ਹੁੰਦੀ ਹੈ ਕਿ ਲੋਕਤੰਤਰ ਵਿੱਚ ਜਿਹੜੀ ਲੈਜਿਸਲੇਚਰ ਹੈ, ਇਸ ਨੂੰ ਸਭ ਤੋਂ ਵੱਧ ਪਾਵਰਫੁੱਲ ਬਣਾਇਆ ਗਿਆ ਹੈ। ਡੈਮੋਕਰੇਸੀ ਵਿੱਚ ਜੁਡੀਸ਼ਰੀ ਇੰਡੀਪੈਂਡੈਂਟ ਹੈ, ਐਗਜੈਕਟਿਵ ਵੀ ਇੰਡੀਪੈਂਡੈਂਟ ਹੈ ਪ੍ਰੰਤੂ ਉਹ ਜਿਹੜੀ ਪਾਵਰ ਲੈਂਦੀ ਹੈ, ਉਹ ਲੈਜਿਸਲੇਚਰ ਤੋਂ ਪਾਵਰ ਲੈਂਦੀ ਹੈ। ਹੁਣ ਅਮੈਂਡਮੈਂਟਸ ਹੀ ਇੰਨੀਆਂ ਹੋ ਗਈਆਂ ਹਨ ਕਿ ਜਿਹੜੀ ਲੈਜਿਸਲੇਚਰ ਹੈ, ਉਸ ਦੀ say ਘੱਟਦੀ ਜਾ ਰਹੀ ਹੈ। ਉਹ ਹੋਈਆਂ ਇਸ ਕਰਕੇ ਕਿਉਂਕਿ ਬਿਲਾਂ ਤੇ ਡਿਸਕਸ਼ਨ ਨਹੀਂ ਹੁੰਦੀ ਸੀ। ਇਹ ਇਕੱਲੀ ਇਕ ਸਟੇਟ ਦੀ ਗੱਲ ਨਹੀਂ ਹੈ ਬਲਕਿ ਸਾਰੇ ਹਿੰਦੁਸਤਾਨ ਵਿਚ ਇਹੀ ਚੱਲ ਰਿਹਾ ਹੈ। ਸੋ, ਅੱਜ ਮੈਂ ਬੜਾ ਖੁਸ਼ ਹਾਂ ਕਿ ਤੁਸੀਂ ਇਸ ਡਿਸਕਸ਼ਨ ਵਿਚ ਭਾਗ ਲਿਆ ਹੈ। ਮੈਂ ਸਮਝਦਾ ਹਾਂ ਕਿ ਇਸ ਕੁਰਸੀ ਨਾਲ ਆਪਾਂ ਅੱਜ ਜਸਟਿਸ ਕਰ ਰਹੇ ਹਾਂ। ਜਿਹੜੇ ਲੋਕਾਂ ਨੇ ਸਾਨੂੰ ਇਸ ਸਦਨ ਵਿਚ ਭੇਜਿਆ ਹੈ, ਅੱਜ ਆਪਾਂ ਉਨ੍ਹਾਂ ਨਾਲ ਜਸਟਿਸ ਕਰ ਰਹੇ ਹਾਂ।

---

## THE SEEDS (PUNJAB AMENDMENT) BILL, 2025 *(Resumption)*

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ) :** ਧੰਨਵਾਦ ਸਪੀਕਰ ਸਾਹਿਬ, ਇਹ ਚੰਗੀ ਪ੍ਰੋਵੀਜ਼ਨ ਲਿਆਂਦੀ ਗਈ ਹੈ ਕਿ ਇਸ ਵਿੱਚ ਸਜ਼ਾਵਾਂ ਸਖਤ ਕੀਤੀਆਂ ਗਈਆਂ ਹਨ ਲੇਕਿਨ ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ। ਪੀ.ਏ.ਯੂ. ਨੇ ਜਦੋਂ ਜਦੋਂ ਵੀ ਖੋਜ ਕੀਤੀ ਹੈ, ਉਸ ਨਾਲ ਫਸਲਾਂ ਦਾ ਝਾੜ ਵਧਿਆ ਹੈ ਤੇ ਸਾਡੇ ਕਿਸਾਨਾਂ ਦਾ ਪ੍ਰਾਫਿਟ ਵਧਿਆ ਹੈ ਲੇਕਿਨ ਅੱਜ ਦੀ ਤਾਰੀਖ ਵਿਚ ਪੀ.ਏ.ਯੂ. ਇਸ ਗੱਲ ਲਈ ਸਟਰੱਗਲ ਕਰ ਰਹੀ ਹੈ ਕਿ ਨਾ ਤਾਂ ਉਨ੍ਹਾਂ ਕੋਲੋਂ ਖੋਜ ਹੋ ਰਹੀ ਹੈ ਅਤੇ ਨਾ ਉਨ੍ਹਾਂ ਕੋਲ ਸਟਾਫ਼ ਹੈ। ਮੈਨੂੰ ਲੱਗਦਾ ਹੈ ਕਿ ਆਪਾਂ ਭਾਵੇਂ ਹੋਰ ਕੰਮ ਮਾੜੇ-ਮੋਟੇ ਬੰਦ ਕਰ ਲਈਏ ਪਰ ਜਿਹੜੀ ਸਾਡੀ ਲਾਈਫ਼ ਲਾਈਨ ਹੈ, ਅਸੀਂ ਉਸ ਨੂੰ ਤਾਂ ਸਹੀ ਤਰੀਕੇ ਨਾਲ ਚਲਾ ਲਈਏ। ਦੂਜੀ ਗੱਲ, ਇਹ ਸੈਂਟਰਲ ਐਕਟ ਹੈ। ਇਸ ਵਾਸਤੇ ਹਰਿਆਣੇ ਨੇ ਵੀ ਬਿਲ ਲਿਆਂਦਾ ਸੀ, ਉਹ ਸਟੱਕ ਡਾਊਨ ਹੋ ਗਿਆ। ਇਸ ਦਾ ਲੀਗਲ ਐਂਗਲ ਵੀ ਦੇਖ ਲਈਏ। ਜਿਹੜੀਆਂ ਸਖਤ ਸਜ਼ਾਵਾਂ ਦੀ ਗੱਲ ਹੈ, ਉਹ ਚੰਗੀ ਹੈ ਪਰ ਜਿਹੜਾ ਵਾਟਰ ਪਲਿਊਸ਼ਨ ਹੈ, ਆਪਾਂ ਉਸ ਦੀਆਂ ਸਖਤ ਸਜ਼ਾਵਾਂ ਨੂੰ ਕਨਵਰਟ ਕਰਕੇ ਸਿਰਫ਼ ਜੁਰਮਾਨੇ ਤੱਕ ਸੀਮਤ ਕਰ ਦਿੱਤਾ ਹੈ,

ਉਸ ਤੇ ਵੀ ਦੁਬਾਰਾ ਵਿਚਾਰ ਕਰਨ ਦੀ ਜ਼ਰੂਰਤ ਹੈ। ਸਾਡੇ ਕੋਲ ਤਿੰਨ ਫੀਸਦੀ ਫਾਰੈਸਟ ਰਹਿ ਗਿਆ ਹੈ ਜੋ ਹੌਲੀ ਹੌਲੀ ਸਾਡੇ ਵਾਤਾਵਰਣ ਤੇ ਸਾਡੀ ਸਿਹਤ ਉਤੇ ਅਸਰ ਪਾ ਰਿਹਾ ਹੈ। ਆਪਾਂ ਉਸ ਤੇ ਦੁਬਾਰਾ ਵਿਚਾਰ ਕਰੀਏ, ਨਜ਼ਰਸਾਨੀ ਕਰੀਏ। ਅਸੀਂ ਕਹਿੰਦੇ ਹਾਂ ਕਿ ਪੰਜਾਬ ਵਿੱਚ ਇੰਡਸਟਰੀ ਆ ਜਾਵੇ ਪਰ ਸਾਡਾ ਵਾਤਾਵਰਣ ਥੱਲੇ ਜਾ ਰਿਹਾ ਹੈ। ਸੋ, ਇਸ ਵਾਸਤੇ ਵੀ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ।

ਦੂਜਾ, ਡੀ-ਸਿਲਟਿੰਗ ਲਈ ਆਪਾਂ ਆਪਣਾ ਕੁਝ ਵੈਟ ਘਟਾ ਦੇਈਏ ਤਾਂ ਮੈਨੂੰ ਲੱਗਦਾ ਹੈ ਕਿ ਕਿਸਾਨਾਂ ਨੂੰ ਉਸ ਦਾ ਫਾਇਦਾ ਹੋ ਜਾਵੇਗਾ। ਇੱਥੇ ਵਿੱਤ ਮੰਤਰੀ ਜੀ ਬੈਠੇ ਹਨ, ਚਾਹੇ ਤਿੰਨ ਮਹੀਨੇ ਲਈ ਕਰ ਦੇਈਏ, ਚਾਹੇ ਛੇ ਮਹੀਨੇ ਲਈ ਕਰ ਦੇਈਏ, ਮੈਨੂੰ ਲੱਗਦਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਹੀ ਆਪਾਂ ਕਿਸਾਨੀ ਨੂੰ ਥੋੜ੍ਹਾ-ਬਹੁਤਾ ਪੈਰਾਂ ਸਿਰ ਖੜ੍ਹਾ ਕਰਨ ਵਿਚ ਆਪਣਾ ਯੋਗਦਾਨ ਪਾਵਾਂਗੇ। ਧੰਨਵਾਦ।

**ਸ੍ਰੀ ਸੰਦੀਪ ਜਾਖੜ (ਅਬੋਹਰ):** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਗੁਜ਼ਾਰਿਸ਼ ਕਰਾਂਗਾ ਕਿ ਆਪਾਂ ਕਨਵਿਕਸ਼ਨ ਰੇਟ ਵਧਾਈਏ ਕਿਉਂਕਿ ਅਕਸਰ ਇਹ ਹੁੰਦਾ ਹੈ ਕਿ ਜਦੋਂ ਕੋਈ ਨਕਲੀ ਬੀਜ ਫੜਿਆ ਜਾਂਦਾ ਹੈ ਤਾਂ ਉਹ ਸੈਂਪਲਿੰਗ ਵਾਸਤੇ ਜਾਂਦਾ ਹੈ ਅਤੇ ਜੇਕਰ ਆਪਾਂ ਰਿਕਾਰਡ ਕਢਵਾ ਕੇ ਦੇਖੀਏ, ਚਾਹੇ ਪਿਛਲੇ 50 ਸਾਲਾਂ ਦਾ ਰਿਕਾਰਡ ਦੇਖ ਲਉ, ਮੇਰਾ ਖਿਆਲ ਹੈ ਕਿ ਕਨਵਿਕਸ਼ਨ ਰੇਟ ਜ਼ੀਰੋ ਹੋਣਾ ਹੈ। ਸੋ, ਮੇਰੀ ਇਹੀ ਬੇਨਤੀ ਹੈ, ਜੇਕਰ ਆਪਾਂ ਕਿਸੇ ਨੂੰ ਫੜ੍ਹਦੇ ਹਾਂ ਤਾਂ ਉਸ ਨੂੰ ਕਨਕਲੂਜ਼ਨ ਉਤੇ ਪਹੁੰਚਾਈਏ। ਬਹੁਤ ਧੰਨਵਾਦ।

**ਡਾਕਟਰ ਵਿਜੈ ਸਿੰਗਲਾ (ਮਾਨਸਾ) :** ਸਪੀਕਰ ਸਾਹਿਬ, ਜਿਹੜਾ ਬਿਲ ਸਾਡੇ ਮਾਣਯੋਗ ਖੇਤੀਬਾੜੀ ਮੰਤਰੀ ਜੀ ਲੈ ਕੇ ਆਏ ਹਨ, ਇਹ ਬਹੁਤ ਵਧੀਆ ਹੈ। ਇਸ ਨਾਲ ਨਕਲੀ ਬੀਜ ਬਣਾਉਣ ਵਾਲਿਆਂ ਨੂੰ ਸਜ਼ਾ ਮਿਲੇਗੀ। ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਅਤੇ ਮਾਣਯੋਗ ਮੁੱਖ ਮੰਤਰੀ ਜੀ ਨੂੰ ਅਪੀਲ ਕਰਨਾ ਚਾਹੁੰਦਾ ਹਾਂ ਕਿ ਜਿਹੜੀ ਇਹ ਸਜ਼ਾ ਹੈ, ਉਹ ਮੈਨੂਫੈਕਚਰਰ ਨੂੰ ਮਿਲੇ ਕਿਉਂਕਿ ਬਹੁਤ ਵਾਰ ਐਸਾ ਹੁੰਦਾ ਹੈ ਕਿ ਜਿਹੜੇ ਸਾਡੇ ਡੀਲਰ ਹੁੰਦੇ ਹਨ, ਉਹ ਸਰਟੀਫਾਈਡ ਕੰਪਨੀਆਂ ਦਾ ਸੀਡ ਹੀ ਵੇਚਦੇ ਹਨ ਪਰ ਜਦੋਂ ਸੈਂਪਲਿੰਗ ਹੁੰਦੀ ਹੈ ਤਾਂ ਉਹ ਦੁਕਾਨਦਾਰਾਂ ਤੋਂ ਹੁੰਦੀ ਹੈ। ਦੁਕਾਨਦਾਰ ਤਾਂ ਸਿਰਫ਼ ਇਕ ਕੁਰੀਅਰ ਸਰਵਿਸ ਹੈ, ਜੇਕਰ ਕੋਈ ਗਲਤ ਸੀਡ ਵੇਚ ਰਿਹਾ ਹੈ ਤਾਂ ਉਨ੍ਹਾਂ ਨੂੰ ਜ਼ਰੂਰ ਸਜ਼ਾ ਹੋਣੀ ਚਾਹੀਦੀ ਹੈ ਪ੍ਰੰਤੂ ਜਦੋਂ ਉਹ ਕਿਸੇ ਕੰਪਨੀ ਦਾ ਸਰਟੀਫਾਈਡ ਸੀਡ ਜਾਂ ਪ੍ਰੋਡਕਟ ਵੇਚਦੇ ਹਨ ਅਤੇ ਜੇਕਰ ਉਸ ਸੀਡ ਜਾਂ ਪ੍ਰੋਡਕਟ ਵਿੱਚ ਕੋਈ ਕਮੀ ਹੈ ਤਾਂ ਉਸ ਲਈ ਦੁਕਾਨਦਾਰ ਨੂੰ ਜ਼ਿੰਮੇਵਾਰ ਨਾ ਠਹਿਰਾਇਆ ਜਾਵੇ ਕਿਉਂਕਿ ਉਹ ਸੀਡ ਜਾਂ ਪ੍ਰੋਡਕਟ ਇੰਡਸਟਰੀ ਜਾਂ ਮੈਨੂਫੈਕਚਰਰ ਤੋਂ ਆਉਂਦਾ ਹੈ। ਸੋ, ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਅਤੇ ਮਾਣਯੋਗ ਮੁੱਖ ਮੰਤਰੀ ਜੀ ਨੂੰ ਅਪੀਲ ਕਰਦਾ ਹਾਂ ਕਿ ਆਮ ਦੁਕਾਨਦਾਰ ਅਤੇ ਡੀਲਰ ਨੂੰ ਇਸ ਦੀ ਸਜ਼ਾ ਨਾ ਮਿਲੇ ਕਿਉਂਕਿ ਸਾਡੇ ਡੀਲਰ ਅਤੇ ਦੁਕਾਨਦਾਰ ਇਸ ਬਾਰੇ ਬਹੁਤ ਚਿੰਤਤ ਹਨ, ਉਨ੍ਹਾਂ ਦਾ ਬਿਜ਼ਨਸ ਪਹਿਲਾਂ ਹੀ ਬਰਬਾਦ ਹੋਇਆ ਪਿਆ ਹੈ। ਸੋ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਇਸ ਬਿਲ ਵਿਚ ਇਹ ਸੋਧ ਕੀਤੀ ਜਾਵੇਗੀ।

**ਸ੍ਰੀ ਗੁਰਲਾਲ ਘਨੌਰ (ਘਨੌਰ):** ਸਪੀਕਰ ਸਾਹਿਬ, ਧੰਨਵਾਦ। ਇਸ ਸੋਧ ਦੀ ਬਹੁਤ ਜ਼ਰੂਰਤ ਸੀ। ਰਾਣਾ ਜੀ ਦੀ ਅਤੇ ਸਾਰੇ ਸਾਥੀਆਂ ਦੀ ਇਸ ਲਈ ਸਹਿਮਤੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਡੁਪਲੀਕੇਟ ਸੀਡ ਦੀ ਰਾਜਪੁਰੇ ਵਿੱਚ ਵੀ ਇਕ ਘਟਨਾ ਵਾਪਰੀ ਸੀ, ਉਦੋਂ ਧਾਲੀਵਾਲ ਸਾਹਿਬ ਉਥੇ ਗਏ ਸੀ। ਜਿੰਨੀ ਕੁ ਮੇਰੀ ਨਾਲੇਜ ਹੈ, ਮੈਨੂੰ ਲੱਗਦਾ ਹੈ ਕਿ ਹਿਸਟਰੀ ਵਿੱਚ ਪਹਿਲੀ ਵਾਰ ਹੋਇਆ ਸੀ, ਡੁਪਲੀਕੇਟ ਸੀਡ ਉਤੇ compensation ਮਿਲਿਆ ਸੀ। ਰਾਜਪੁਰਾ ਵਿੱਚ

ਘਨੌਰ ਦੇ ਕਿਸਾਨਾਂ ਨੂੰ ਇਹ ਕੰਪਨਸੇਸ਼ਨ ਦਿੱਤੀ ਗਈ ਸੀ। ਡਾਕਟਰ ਸਾਹਿਬ ਨੇ ਬੜੀ ਵਧੀਆ ਗੱਲ ਕਹੀ ਹੈ, ਉਦੋਂ ਸਾਨੂੰ ਇੱਕ ਦਿੱਕਤ, ਪਰੇਸ਼ਾਨੀ ਇਹ ਆਈ ਸੀ ਕਿ ਜਿਹੜਾ ਦੁਕਾਨਦਾਰ ਇਨਵਾਲਵਡ ਸੀ, ਉਹ ਕਿਸੇ ਹੋਰ ਸਟੇਟ ਤੋਂ ਬੀਜ ਲਿਆ ਕੇ ਵੇਚ ਰਿਹਾ ਸੀ। ਸਾਨੂੰ ਕਾਨੂੰਨੀ ਅੜਚਣਾਂ ਬਹੁਤ ਆਈਆਂ। ਸਾਨੂੰ ਦੂਜੀ ਸਟੇਟ ਵਿੱਚ ਜਾ ਕੇ ਫੈਕਟਰੀ ਚੈੱਕ ਕਰਨ ਵਿੱਚ ਵੀ ਦਿੱਕਤਾਂ, ਪਰੇਸ਼ਾਨੀਆਂ ਆਈਆਂ। ਉਨ੍ਹਾਂ ਤੇ ਐਫ.ਆਈ.ਆਰ. ਦਰਜ ਕਰਨ ਵਿੱਚ ਵੀ ਦਿੱਕਤ, ਪਰੇਸ਼ਾਨੀ ਆਈ ਸੀ। ਮੈਂ ਚਾਹੁੰਦਾ ਹਾਂ ਕਿ ਜੇ ਕੋਈ ਬੰਦਾ ਕਿਸਾਨ ਨਾਲ ਧੋਖਾ ਕਰਦਾ ਹੈ ਤਾਂ ਉਸ ਨੂੰ ਸਖਤ ਸਜ਼ਾ ਮਿਲਣੀ ਚਾਹੀਦੀ ਹੈ। ਐਗਰੀਕਲਚਰ ਵਿਭਾਗ ਵੱਲੋਂ ਮਾਨਤਾ ਪ੍ਰਾਪਤ ਬੀਜਾਂ ਦੀਆਂ ਕਿਸਮਾਂ ਦੀ ਲਿਸਟ ਡਿਸਪਲੇਅ ਹੋਣੀ ਚਾਹੀਦੀ ਹੈ। ਹਰ ਸਾਲ ਨਵੀਆਂ ਬੀਜਾਂ ਦੀਆਂ ਕਿਸਮਾਂ ਆ ਜਾਂਦੀਆਂ ਹਨ, ਕਿਸਾਨ ਭੋਲੇ-ਭਾਲੇ ਹੁੰਦੇ ਹਨ, ਉਨ੍ਹਾਂ ਨੂੰ ਕਈ ਵਾਰ ਪਤਾ ਨਹੀਂ ਲੱਗਦਾ ਅਤੇ ਝਾਂਸੇ ਵਿੱਚ ਆ ਜਾਂਦੇ ਹਨ। ਸਰਕਾਰ ਇਸ ਸਬੰਧੀ ਬਹੁਤ ਕੈਂਪ ਵੀ ਲਗਾ ਰਹੀ ਹੈ, ਬੜਾ ਕੁਝ ਕਰ ਰਹੀ ਹੈ। ਸਾਡੇ ਮਾਣਯੋਗ ਮੁੱਖ ਮੰਤਰੀ ਸਾਹਿਬ ਬਹੁਤ ਹੀ ਸਤਿਕਾਰਯੋਗ ਹਨ ਅਤੇ ਸਾਡੇ ਮੰਤਰੀ ਸਾਹਿਬ ਵੀ ਬੈਠੇ ਹਨ। ਫਲੱਡਾਂ ਬਾਰੇ ਜਿਹੜੀ ਗੱਲ ਹੋਈ ਹੈ।

**ਮਾਣਯੋਗ ਸਪੀਕਰ:** ਤੁਸੀਂ ਬੀਜਾਂ ਤੇ ਆਉ ਜੀ।

**ਸ੍ਰੀ ਗੁਰਲਾਲ ਘਨੌਰ:** ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਇਸ ਤੇ ਬੜਾ ਹੀ ਸਖਤ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ। ਕਿਸਾਨਾਂ ਦੇ ਲਈ ਇਹ ਸੋਧ ਬਿਲ ਬਿਲਕੁਲ ਆਉਣਾ ਚਾਹੀਦਾ ਹੈ। ਬਹੁਤ ਬਹੁਤ ਧੰਨਵਾਦ।

**ਸਰਦਾਰ ਹਰਦੇਵ ਸਿੰਘ ਲਾਡੀ (ਸ਼ਾਹਕੋਟ):** ਮਾਣਯੋਗ ਸਪੀਕਰ ਸਾਹਿਬ, ਧੰਨਵਾਦ ਜੀ। ਤੁਸੀਂ ਮੈਨੂੰ ਪੰਜਾਬ ਬੀਜ ਸੋਧ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਜਿੱਥੇ ਸਾਰਿਆਂ ਨੇ ਇਹ ਗੱਲ ਰੱਖੀ ਹੈ ਕਿ ਕਾਨੂੰਨ ਸਖਤ ਹੋਣਾ ਚਾਹੀਦਾ ਹੈ, ਬੀਜ ਬਾਰੇ ਮੈਂ ਇਹ ਗੱਲ ਜ਼ਰੂਰ ਕਰਾਂਗਾ ਕਿ ਪੰਜਾਬ ਐਗਰੀਕਲਚਰ ਬੇਸਡ ਹੈ, ਸਾਡੀ ਸਾਰੀ ਇਕਾਨਮੀ ਐਗਰੀਕਲਚਰ ਨਾਲ ਸਬੰਧਤ ਹੈ, ਫਰਟੀਲਾਈਜ਼ਰ ਤੇ ਪੈਸਟੀਸਾਈਡ ਵਿੱਚ ਵੀ ਬਹੁਤ ਡੁਪਲੀਕੇਸੀ ਆ ਰਹੀ ਹੈ, ਜਿਸ ਨਾਲ ਫਾਰਮਰ ਦਾ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਬਿਮਾਰੀਆਂ ਦਿਨ-ਬ-ਦਿਨ ਵੱਧ ਰਹੀਆਂ ਹਨ। ਗਲੋਬਲ ਵਾਰਮਿੰਗ ਹੋ ਰਹੀ ਹੈ, ਫਸਲਾਂ ਦਾ ਝਾੜ ਘੱਟ ਰਿਹਾ ਹੈ। ਮੈਂ ਸਮਝਦਾ ਹਾਂ ਕਿ ਜਿਵੇਂ ਰਾਣਾ ਜੀ ਨੇ ਗੱਲ ਦੱਸੀ ਹੈ ਕਿ ਹਾਰਟੀਕਲਚਰ ਵਿੱਚ ਪੋਟੈਟੋਜ਼ ਤੇ ਬਿਲ ਲੈ ਕੇ ਆਏ ਸੀ, ਇਹ ਨੈਸ਼ਨਲ ਐਕਟ ਹੈ, ਅਸੀਂ ਉਸ ਨੂੰ ਬਦਲ ਨਹੀਂ ਸਕਦੇ ਸੀ ਪਰ ਅਸੀਂ ਉਸ ਵਿੱਚ ਅਮੈਂਡਮੈਂਟ ਕੀਤੀ ਸੀ। ਉਸ ਦੀ ਵੀ ਅਜੇ ਪਰਾਪਰ ਇੰਪਲੀਮੈਂਟੇਸ਼ਨ ਨਹੀਂ ਹੋਈ ਹੈ। ਜਿਵੇਂ ਉਸ ਦਾ ਪ੍ਰੋਗਰਾਮ ਉਲੀਕਿਆ ਗਿਆ, ਉਹ ਉਸੇ ਤਰ੍ਹਾਂ ਹੀ ਹੈ। ਮੈਂ ਇਹ ਸਿਫਾਰਸ਼ ਕਰਦਾ ਹਾਂ ਕਿ ਇਸ ਬਿਲ ਤੇ ਪਰਾਪਰ ਡਿਸਕਸ਼ਨ ਕੀਤੀ ਜਾਵੇ ਅਤੇ ਇਹ ਜ਼ਰੂਰ ਲਾਗੂ ਹੋਣਾ ਚਾਹੀਦਾ ਹੈ। ਮੈਂ ਇਸ ਦਾ ਸਮਰਥਨ ਕਰਦਾ ਹਾਂ। ਧੰਨਵਾਦ ਜੀ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ):** ਮਾਣਯੋਗ ਸਪੀਕਰ ਸਾਹਿਬ, ਮੰਤਰੀ ਸਾਹਿਬ ਜਿਹੜਾ ਇਹ ਬੀਜ ਸੋਧ ਬਿਲ ਲੈ ਕੇ ਆਏ ਹਨ, ਮੈਂ ਸਮਝਦਾ ਹਾਂ ਕਿ ਇਹ ਇੱਕ ਬੜਾ ਵੱਡਾ ਕਦਮ ਹੈ ਕਿਉਂਕਿ ਜਦੋਂ ਇੱਕ ਵਾਰ ਬੀਜ ਲੈ ਕੇ ਖੇਤਾਂ ਵਿੱਚ ਬੀਜ ਦਿੱਤਾ ਜਾਂਦਾ ਹੈ ਤਾਂ ਉਸ ਦਾ ਪਤਾ ਤਾਂ ਛੇ ਮਹੀਨਿਆਂ ਬਾਅਦ ਹੀ ਲਗਦਾ ਹੈ ਕਿ ਉਹ ਨਕਲੀ ਹੈ ਜਾਂ ਅਸਲੀ ਹੈ। ਇਹ ਇਕੱਲਾ ਬੀਜਾਂ ਦੀ ਮਿਲਾਵਟ ਤੱਕ ਹੀ ਸੀਮਤ ਨਹੀਂ, ਨਕਲੀ ਹਲਦੀ ਹੋ ਗਈ, ਨਕਲੀ ਦੁੱਧ ਹੋ ਗਿਆ, ਨਕਲੀ ਮਿਰਚਾਂ ਹੋ ਗਈਆਂ, ਇੱਥੋਂ ਤੱਕ ਕਿ ਯੂ.ਪੀ. ਵਿੱਚ ਇੱਕ ਫੈਕਟਰੀ ਫੜੀ ਗਈ ਸੀ, ਜਿੱਥੇ ਨਕਲੀ ਖ਼ੂਨ ਬਣਦਾ ਸੀ। ਇਸ ਲੈਵਲ ਤੱਕ ਅਸੀਂ ਪੈਸਾ ਕਮਾਉਣ ਵਾਸਤੇ ਲਾਲਚ ਵਿੱਚ ਡੁੱਬ ਗਏ ਹਾਂ। ਉੱਥੇ ਮਰੇ ਹੋਏ ਜਾਨਵਰਾਂ ਦਾ ਖ਼ੂਨ ਲੈ ਕੇ ਇੱਕ

ਯੂਨੀਵਰਸਿਟੀ ਤੋਂ ਏ-ਪਾਜ਼ੀਟਿਵ, ਬੀ-ਪਾਜ਼ੀਟਿਵ ਆਦਿ ਬਲੱਡ ਸੈਂਪਲਜ਼ ਦੀਆਂ ਥੈਲੀਆਂ ਲੈ ਕੇ ਨਕਲੀ ਖ਼ੂਨ ਦੀ ਸਪਲਾਈ ਕਰੀ ਜਾਂਦੇ ਸੀ। ਜਦੋਂ ਖ਼ੂਨ ਚੜ੍ਹਦਾ ਸੀ ਤਾਂ ਮਰੀਜ਼ ਦੀ ਮੌਤ ਹੋ ਜਾਂਦੀ ਸੀ। ਲੋਕ ਉਸ ਨੂੰ ਕਿਸਮਤ ਮੰਨ ਲੈਂਦੇ ਸੀ, ਕਾਰਨ ਦਾ ਪਤਾ ਹੀ ਨਹੀਂ ਲਗਦਾ ਸੀ। ਜਦੋਂ ਛਾਪਾ ਪਿਆ ਉਦੋਂ ਪਤਾ ਲੱਗਿਆ ਕਿ ਨਕਲੀ ਖ਼ੂਨ ਸੀ, ਅਸੀਂ ਇਸ ਲੈਵਲ ਉਤੇ ਮਿਲਾਵਟਾਂ ਵਿੱਚ ਪੈ ਗਏ, ਲਾਲਚਾਂ ਵਿੱਚ ਪੈ ਗਏ ਹਾਂ। ਬੀਜਾਂ ਵਿੱਚ ਮਿਲਾਵਟ ਦੀਆਂ ਬਹੁਤ ਸ਼ਿਕਾਇਤਾਂ ਮਿਲਦੀਆਂ ਰਹੀਆਂ ਹਨ। ਅਸੀਂ ਕੋਸ਼ਿਸ਼ ਕੀਤੀ ਹੈ ਕਿ ਇਸ ਵਿੱਚ ਸਜ਼ਾ ਵੀ ਮਿਲੇ, ਜਿਸ ਤਰ੍ਹਾਂ ਮੈਂਬਰਾਂ ਨੇ ਕਿਹਾ ਹੈ ਕਿ ਦੁਕਾਨਦਾਰਾਂ ਤੇ ਛਾਪਾ ਪੈ ਜਾਂਦਾ ਹੈ ਅਤੇ ਮੈਨੂਫੈਕਚਰਰ ਬਚ ਜਾਂਦਾ ਹੈ ਪਰ ਦੁਕਾਨਦਾਰ ਨੂੰ ਜੇ ਅਸੀਂ ਲਿਸਟ ਦੇ ਦੇਵਾਂਗੇ ਤਾਂ ਉਹ ਐਸਾ ਪ੍ਰੋਡਕਟ ਰੱਖੇਗਾ ਹੀ ਨਹੀਂ। ਮੈਂ ਉਦਾਹਰਨ ਦਿੰਦਾ ਹਾਂ ਕਿ ਮੋਨੋਕਰੋਟੋਫਾਸ ਬਹੁਤ ਜ਼ਿਆਦਾ ਜ਼ਹਿਰ ਵਾਲੀ ਸਪਰੇਅ ਹੈ, ਜਿਸ ਨੂੰ ਪੂਰੀ ਦੁਨੀਆ ਨੇ ਕਈ ਸਾਲ ਪਹਿਲਾਂ ਬੰਦ ਕਰ ਦਿੱਤਾ, ਬੈਨ ਕਰ ਦਿੱਤਾ। ਅਸੀਂ ਪਤਾ ਕੀਤਾ ਅਤੇ ਪਤਾ ਲੱਗਾ ਕਿ ਸਾਡੇ ਇੱਥੇ ਹਾਲੇ ਵੀ ਮਿਲਦੀ ਸੀ। ਜਦੋਂ ਪੂਰੀ ਦੁਨੀਆ ਵਿੱਚ ਬੈਨ ਹੀ ਹੋ ਗਈ ਤਾਂ ਤੁਸੀਂ ਇੱਥੇ ਕਿਵੇਂ ਵੇਚੀ ਜਾ ਰਹੇ ਹੋ? ਕਹਿਣ ਲੱਗੇ ਕਿ ਪਹਿਲਾਂ ਦਾ ਸਟਾਕ ਪਿਆ ਹੈ। ਮੋਨੋਕਰੋਟੋਫਾਸ ਜਿਹੜੀ ਕਿ ਟੋਟਲੀ ਬੈਨ ਹੈ, ਅਮਰੀਕਾ ਨੇ, ਕੈਨੇਡਾ ਨੇ ਸਾਰੇ ਮੁਲਕਾਂ ਨੇ ਬੈਨ ਕਰ ਰੱਖੀ ਹੈ ਪਰ ਸਾਡੇ ਇੱਥੇ ਫਿਰ ਵੀ ਵੇਚੀ ਜਾਂਦੇ ਹਨ ਤੇ ਕਹਿੰਦੇ ਹਨ ਕਿ ਪੁਰਾਣਾ ਮਾਲ ਪਿਆ ਹੈ। ਸੋ, ਅਸੀਂ ਕਈ ਪੈਸਟੀਸਾਈਡਜ਼ ਬੈਨ ਵੀ ਕੀਤੀਆਂ ਹਨ, ਅਸੀਂ ਉਨ੍ਹਾਂ ਦੀ ਲਿਸਟ ਵੀ ਦੇਵਾਂਗੇ। ਜਿਹੜੇ ਸਰਟੀਫਾਈਡ ਬੀਜ ਹਨ, ਕਿਸਾਨ ਉਹੀ ਬੀਜ ਖਰੀਦਣ। ਕਈ ਵਾਰੀ ਰਿਕੁਮੈਂਡੇਸ਼ਨ ਤੇ ਹੀ ਕੰਮ ਚੱਲ ਪੈਂਦਾ ਹੈ। ਪਹਿਲਾਂ ਕੋਈ ਦੱਸਦਾ ਹੀ ਨਹੀਂ ਸੀ ਕਿ ਕਿਹੜੀ ਸਪਰੇਅ ਕਰਨੀ ਹੈ। ਇੱਕ-ਦੂਜੇ ਨੂੰ ਪੁੱਛ ਕੇ ਕਰਦੇ ਸੀ ਕਿ ਸਾਡੇ ਵੀ ਪੀਲੇ ਜਿਹੇ ਖੰਭਾਂ ਵਾਲੀ ਸੁੰਡੀ ਲੱਗ ਗਈ ਹੈ, ਅੱਗੋਂ ਅਗਲਾ ਕਹਿੰਦਾ ਕਿ ਸਾਡੇ ਵੀ ਲੱਗ ਗਈ ਹੈ। ਤੂੰ ਕੱਲ੍ਹ ਸਪਰੇਅ ਕਰੀ ਜਾਂਦਾ ਸੀ, ਕਿਹੜੀ ਸੀ? ਅਗਲਾ ਕਹਿੰਦਾ ਹੈ ਕਿ ਪਤਾ ਨਹੀਂ ਕਿਹੜੀ ਹੈ, ਲਾਲ ਜਿਹੇ ਢੱਕਣ ਵਾਲੀ ਹੈ। ਫਿਰ ਕੀ ਹੈ, ਚੱਕ ਦਿਉ, ਸਾਰਾ ਪਿੰਡ ਲਾਲ ਜਿਹੇ ਢੱਕਣ ਵਾਲੀ ਸਪਰੇਅ ਲੈ ਆਉਂਦਾ ਹੈ। ਕੋਈ ਨਹੀਂ ਪੁੱਛਦਾ ਕਿ ਦਵਾਈ ਕਿਹੜੀ ਹੈ। ਉਹ ਪੀਲੇ ਜਿਹੇ ਖੰਭਾਂ ਵਾਲੀ ਸੁੰਡੀ ਵਾਸਤੇ ਹੈ ਵੀ ਕਿ ਨਹੀਂ। ਦੁਕਾਨਦਾਰ ਨੂੰ ਜਿਹੜੀ ਵੇਚ ਕੇ ਜ਼ਿਆਦਾ ਫਾਇਦਾ ਹੁੰਦਾ ਹੈ, ਉਹ ਉਹੀ ਵੇਚੀ ਜਾਂਦਾ ਹੈ। ਇੱਕ ਪੰਪ ਦੀ ਢੋਲੀ ਵਿੱਚ 40 ML ਦਵਾਈ ਰਿਕੁਮੈਂਡ ਹੈ ਤੇ ਦੁਕਾਨਦਾਰ ਕਹਿ ਦਿੰਦਾ ਹੈ ਕਿ 60 ML ਪਾ ਲਈਂ। ਅੱਗੇ ਕਿਸਾਨ ਕਹਿ ਦਿੰਦਾ ਹੈ ਕਿ 80 ML ਕਰ ਲੈ, ਵਾਰ-ਵਾਰ ਕਿਹੜਾ ਸਪਰੇਅ ਕਰੇਗਾ। ਫਿਰ ਸਪਰੇਅ ਕਰਨ ਵਾਲਾ ਨੌਕਰ ਜਾਂ ਸੀਰੀ ਕਹਿੰਦਾ ਕਿ 100 ML ਹੀ ਕਰ ਦੇਈਏ, ਹੁਣ ਰੋਜ਼ ਰੋਜ਼ ਕਿਹੜਾ ਸਪਰੇਅ ਕਰੇਗਾ ਮਤਲਬ ਜਿਹੜੀ 40 ML ਰਿਕੁਮੈਂਡ ਕੀਤੀ ਹੋਈ ਹੈ, ਉਹ 100 ML ਕਰ ਦਿੰਦੇ ਹਾਂ, ਉਸ ਤੋਂ ਢਾਈ ਗੁਣਾ ਵੱਧ ਦਵਾਈ ਛਿੜਕੀ ਜਾਂਦੇ ਹਾਂ। ਫਿਰ ਉਹ ਜਿਹੜਾ ਜ਼ਹਿਰ ਹੈ, ਦਾਣਿਆਂ ਰਾਹੀਂ, ਚਾਰੇ ਰਾਹੀਂ ਪਸ਼ੂਆਂ ਅਤੇ ਇਨਸਾਨਾਂ ਵਿੱਚ ਆ ਰਿਹਾ ਹੈ, ਇਹੀ ਬਿਮਾਰੀਆਂ ਦਾ ਕਾਰਨ ਬਣ ਰਿਹਾ ਹੈ। ਸਾਡੇ ਬੀਜ ਤਾਂ ਬਾਹਰ ਜਾ ਕੇ ਫੇਲ੍ਹ ਹੋ ਜਾਂਦੇ ਹਨ। ਸਿੰਗਾਪੁਰ ਨੇ ਸਾਡਾ ਸ਼ਿੱਪ ਹੀ ਵਾਪਸ ਕਰ ਦਿੱਤਾ ਕਿ ਇਹ ਤਾਂ ਖਾਣ ਯੋਗ ਹੀ ਨਹੀਂ ਹੈ। ਅਸੀਂ ਕਿਸੇ ਵੀ ਪ੍ਰੋਡਕਟ ਵਿੱਚ ਇੰਟਰਨੈਸ਼ਨਲ ਮਾਪਦੰਡ ਹੀ ਨਹੀਂ ਪਾਰ ਕਰ ਸਕੇ। ਸਰਕਾਰਾਂ ਬੱਸ ਇੱਕ ਵਾਰ ਵਿੱਚ ਕਹਿ ਕੇ ਕਿ ਇੱਥੋਂ ਖਰੀਦ ਲਵੋ, ਆਪਣੀ ਜ਼ਿੰਮੇਵਾਰੀ ਖਤਮ ਸਮਝ ਲੈਂਦੀਆਂ ਹਨ, ਸਰਕਾਰਾਂ ਦੇਖਦੀਆਂ ਹੀ ਨਹੀਂ ਕਿ ਕੌਣ ਕੀ ਵੇਚ ਰਿਹਾ ਹੈ। ਇਸ ਦੀ ਮੋਨੀਟਰਿੰਗ ਵੀ ਕਰਨੀ ਪਵੇਗੀ। ਮੈਂ ਨਹੀਂ ਚਾਹੁੰਦਾ ਕਿ ਕਿਸੇ ਨੂੰ ਸਜ਼ਾ ਹੋਵੇ ਪਰ ਜੇ ਸਰਕਾਰ ਮੋਨੀਟਰਿੰਗ ਕਰੇ ਤਾਂ ਅਜਿਹੀ ਕੋਈ ਗੱਲ ਹੀ ਨਹੀਂ ਹੋ ਸਕਦੀ। ਮੈਂ ਮੰਤਰੀ ਸਾਹਿਬ ਨੂੰ ਇੱਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਖਾਸ ਤੌਰ ਤੇ ਆਪਣੇ ਅਫ਼ਸਰਾਂ ਨੂੰ ਸਖਤ ਹਦਾਇਤਾਂ ਦਿਉ ਕਿ ਜਦੋਂ ਬੀਜ ਖਰੀਦੇ ਜਾ ਰਹੇ ਹਨ ਤਾਂ ਉਦੋਂ ਵੀ ਮੋਨੀਟਰਿੰਗ ਚੱਲੇ। ਵੈਸੇ ਰੈਂਡਮਲੀ ਦੁਕਾਨਦਾਰਾਂ ਕੋਲ ਜਾਉ, ਇਸ ਨੂੰ ਛਾਪਾ ਨਾ ਕਹੋ ਕਿਉਂਕਿ ਛਾਪਾ ਲਫਜ਼ ਥੋੜ੍ਹਾ ਜਿਹਾ ਡਰਾਉਣਾ ਲਗਦਾ ਹੈ, ਉਸ ਨੂੰ ਕਹੋ ਕਿ ਇਹ ਬੀਜ ਨਹੀਂ ਵੇਚਣੇ, ਇਸ ਨਾਲ ਤੇਰਾ ਨੁਕਸਾਨ ਤਾਂ ਹੈ

ਹੀ ਕਿਸਾਨ ਦਾ ਵੀ ਨੁਕਸਾਨ ਹੋਵੇਗਾ। ਇਸ ਕਰਕੇ ਮੈਂ ਇਸ ਸੋਧ ਐਕਟ ਦਾ ਸਮਰਥਨ ਕਰਦਾ ਹਾਂ। ਮੈਂ ਬਿਲ ਦਾ ਸਮਰਥਨ ਕਰਦਾ ਹੋਇਆ ਉਮੀਦ ਕਰਦਾ ਹਾਂ ਕਿ ਖਾਲਸ, ਪਿਉਰ ਚੀਜ਼ਾਂ ਵੇਚੋ, ਚਾਹੇ ਉਹ ਖਾਣ ਵਾਲੀਆਂ ਹੋਣ ਜਾਂ ਬੀਜਣ ਵਾਲੀਆਂ ਹੋਣ, ਪੰਜਾਬ ਵਿੱਚ ਪਿਉਰਿਟੀ ਆਵੇ, ਖਾਲਸ ਚੀਜ਼ਾਂ ਬੀਜੀਏ। ਸਾਡੀ ਧਰਤੀ ਬਹੁਤ ਉਪਜਾਊ ਹੈ, ਬਹੁਤ ਫਰਟਾਈਲ ਹੈ, ਇਸ ਵਿੱਚ ਜੋ ਮਰਜ਼ੀ ਬੀਜ ਦਿਉ, ਥੋੜ੍ਹੀ ਜਿਹੀ ਨਮੀ ਚਾਹੀਦੀ ਹੈ, ਉਹ ਉੱਗ ਪੈਂਦੀ ਹੈ। ਬੀਜ ਤਾਂ ਹਰੇਕ ਹੀ ਉੱਗ ਪੈਂਦਾ ਹੈ ਪਰ ਨਫਰਤ ਦਾ ਬੀਜ ਪੰਜਾਬ ਵਿੱਚ ਨਹੀਂ ਉੱਗ ਸਕਦਾ। ਸਾਡਾ ਆਪਸੀ ਭਾਈਚਾਰਾ, ਸਾਡੀ ਸੋਸ਼ਲ ਬੌਂਡਿੰਗ ਬਹੁਤ ਕਮਾਲ ਦੀ ਹੈ। ਅਸੀਂ ਸਾਰੇ ਰਲ-ਮਿਲ ਕੇ ਤਰੱਕੀ ਕਰੀਏ। ਖੇਤੀ ਦਾ ਇੱਕ ਸਰਕਲ ਹੈ, ਇੱਕ ਚੇਨ ਹੈ। ਕਿਸਾਨ ਖੇਤੀ ਕਰਦਾ ਹੈ, ਫਿਰ ਆੜ੍ਹਤੀਏ ਆ ਜਾਂਦੇ ਹਨ, ਉਨ੍ਹਾਂ ਦੇ ਮੁਨੀਮ ਆ ਜਾਂਦੇ ਹਨ, ਇਸ ਤੋਂ ਬਾਅਦ ਕਿੰਨੇ ਹੀ ਲੋਕਾਂ ਨੂੰ ਰੋਜ਼ਗਾਰ ਮਿਲਦਾ ਹੈ। ਇਹ ਇੱਕ ਚੇਨ ਹੈ, ਚੇਨ ਵਿੱਚੋਂ ਜੇ ਕਿਤੇ ਇੱਕ ਵੀ ਕੜੀ ਨਿਕਲ ਜਾਵੇ ਤਾਂ ਚੇਨ ਟੁੱਟ ਜਾਂਦੀ ਹੈ। ਆਪਾਂ ਸਾਰੇ ਤਰੱਕੀ ਦੀ ਇਸ ਚੇਨ ਨੂੰ ਚਲਦਾ ਰੱਖੀਏ ਅਤੇ ਤਰੱਕੀ ਵਾਲੇ ਪਹੀਏ ਨੂੰ ਘੁੰਮਦਾ ਰੱਖੀਏ।

**ਮਾਣਯੋਗ ਸਪੀਕਰ :** ਧੰਨਵਾਦ ਜੀ। ਇਆਲੀ ਸਾਹਿਬ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਇਹ ਬਹੁਤ ਵਧੀਆ ਬਿਲ ਲੈ ਕੇ ਆਏ ਹਨ। ਕਿਸਾਨਾਂ ਨੂੰ ਸਹੀ ਬੀਜ ਮਿਲਣਾ ਚਾਹੀਦਾ ਹੈ ਚਾਹੇ ਉਹ ਫਾਊਂਡੇਸ਼ਨ ਹੋਵੇ ਜਾਂ ਸਰਟੀਫਾਈਡ ਹੋਵੇ। ਇਸ ਲਈ ਸਖਤੀ ਹੋਣੀ ਚਾਹੀਦੀ ਹੈ। ਜਿਹੜੀ ਸਜ਼ਾ ਵਧਾਈ ਗਈ ਹੈ ਅਤੇ ਜੁਰਮਾਨਾ ਵਧਾਇਆ ਗਿਆ ਹੈ, ਮੈਂ ਇਸ ਨਾਲ ਸਹਿਮਤ ਹਾਂ। ਇਸ ਦੇ ਨਾਲ ਹੀ ਮੈਂ ਗੱਲ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਿੱਚ 1.20 ਲੱਖ ਹੈਕਟੇਅਰ ਵਿੱਚ ਆਲੂ ਦੀ ਖੇਤੀ ਹੋ ਰਹੀ ਹੈ। ਪੰਜਾਬ ਰਾਜ ਆਪਣੇ ਲੈਵਲ ਤੇ ਬੀਜ ਤਿਆਰ ਕਰਦਾ ਹੈ, ਕਿਸਾਨਾਂ ਵੱਲੋਂ ਆਲੂ ਦਾ ਬੀਜ ਤਿਆਰ ਕੀਤਾ ਜਾਂਦਾ ਹੈ, ਇਹ ਬੀਜ ਲੈਬਜ਼ ਵਿੱਚ ਤਿਆਰ ਕੀਤਾ ਜਾਂਦਾ ਹੈ। ਇਸ ਵਿੱਚ ਸਰਕਾਰ ਦਾ ਕੋਈ ਰੋਲ ਨਹੀਂ ਹੈ। ਪੰਜਾਬ ਨੂੰ ਪਰਮਾਤਮਾ ਦੀ ਬਖਸ਼ਿਸ ਹੈ ਕਿ ਇੱਥੋਂ ਦੀ ਮਿੱਟੀ ਤੇ ਇੱਥੋਂ ਦਾ ਵਾਤਾਵਰਣ ਬਹੁਤ ਵਧੀਆ ਹੈ ਕਿ ਜਿਹੜਾ ਇੱਥੇ ਆਲੂ ਪੈਦਾ ਹੁੰਦਾ ਹੈ, ਉਹ ਸਾਊਥ ਵਿੱਚ ਸੀਡ ਦੇ ਤੌਰ ਤੇ ਜਾਂਦਾ ਹੈ ਕਿਉਂਕਿ ਉੱਥੇ ਆਲੂ ਤੇ ਦੋ ਸਾਲ ਬਾਅਦ ਵਾਇਰਸ ਆ ਜਾਂਦਾ ਹੈ। ਇਸ ਲਈ ਇਹ ਸਾਡੀ ਖੁਸ਼ਕਿਸਮਤੀ ਹੈ ਕਿ ਇੱਥੇ ਆਲੂ ਦੀ ਇੰਨੀ ਖੇਤੀ ਹੋ ਰਹੀ ਹੈ ਪਰ ਉਸ ਵਾਸਤੇ ਸਰਕਾਰ ਦੀ ਕੋਈ ਸਪੋਰਟ ਨਹੀਂ ਹੈ। ਅੱਜ ਸੀ.ਐਮ. ਸਾਹਿਬ ਬੈਠੇ ਹਨ । ਮੈਂ ਇਸ ਮੌਕੇ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਆਲੂ ਦੀ ਖੇਤੀ ਕਰਨ ਵਾਲੇ ਕਿਸਾਨਾਂ ਦੀ ਬਾਂਹ ਫੜੀ ਜਾਵੇ ਅਤੇ ਪੰਜਾਬ ਵਿੱਚ ਵੱਧ ਤੋਂ ਵੱਧ ਆਲੂਆਂ ਦੇ ਪ੍ਰੋਸੈਸਿੰਗ ਯੂਨਿਟ ਲਗਾਏ ਜਾਣ।

**ਮਾਣਯੋਗ ਸਪੀਕਰ**: ਧੰਨਵਾਦ ਜੀ, ਇਸ ਬਿਲ ਦੇ ਸਬੰਧ ਵਿੱਚ ਜੋ ਕੋਈ interpretation ਹੈ ਤਾਂ ਦੱਸੋ। ਧੰਨਵਾਦ ਜੀ।

(ਇਸ ਸਮੇਂ ਅਜ਼ਾਦ ਮੈਂਬਰ, ਰਾਣਾ ਇੰਦਰ ਪ੍ਰਤਾਪ ਸਿੰਘ ਬਿਲ ਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ** : ਰਾਣਾ ਜੀ, ਕੀ ਤੁਸੀਂ ਬਾਪੂ ਜੀ ਤੋਂ ਵੱਖਰਾ ਸੁਜੈਸ਼ਨ ਦਿਉਗੇ? ਰਹਿਣ ਦਿਉ। ਜੋ ਇਹ ਬੋਲ ਲਏ ਤਾਂ ਹੁਣ ਤੁਸੀਂ ਬੋਲਦੇ ਚੰਗੇ ਨਹੀਂ ਲੱਗਦੇ।

**ਰਾਣਾ ਗੁਰਜੀਤ ਸਿੰਘ (ਬੈਠੇ ਬੈਠੇ):** ਨਹੀਂ ਜੀ, ਉਸ ਨੇ ਵੱਖਰਾ ਬੋਲਣਾ ਹੈ।

**ਮੁੱਖ ਮੰਤਰੀ (ਬੈਠੇ ਬੈਠੇ) :** ਪਰ ਤੁਸੀਂ ਹੋ ਤਾਂ ਇਕੱਠੇ ਹੀ। ਬੀਜ ਤਾਂ ਸੇਮ ਹੀ ਹੈ।

**ਮਾਣਯੋਗ ਸਪੀਕਰ**: ਹੋ ਤਾਂ ਤੁਸੀਂ ਬਾਪੂ ਹੀ, ਸਿਆਣਪ ਤਾਂ ਉਨ੍ਹਾਂ ਨੇ ਤੁਹਾਡੇ ਕੋਲੋਂ ਹੀ ਲਈ ਹੈ। ਰਹਿਣ ਦਿਉ ਰਾਣਾ ਜੀ, ਅਗਲੇ ਬਿਲ ਤੇ ਬੋਲ ਲੈਣਾ।

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ):** ਸਪੀਕਰ ਸਾਹਿਬ, ਲੀਡਰ ਆਫ ਦਿ ਆਪੋਜ਼ੀਸ਼ਨ ਨੇ ਪੁੱਛਿਆ ਸੀ ਤੇ ਮੈਂ ਆਪਣਾ ਫਰਜ਼ ਸਮਝਦਾ ਹਾਂ ਕਿ ਮੈਂ ਜਵਾਬ ਦਿਆਂ। ਜਿਹੜੀ ਹੜ੍ਹਾਂ ਨਾਲ ਪੰਜ ਲੱਖ ਏਕੜ ਫਸਲ ਪ੍ਰਭਾਵਿਤ ਹੋਈ ਹੈ, ਉਸ ਵਾਸਤੇ ਅਸੀਂ ਦੋ ਲੱਖ ਕੁਇੰਟਲ ਬੀਜ ਮੁਫਤ ਦੇ ਰਹੇ ਹਾਂ, ਉਸ ਵਿੱਚ ਕੋਈ ਪੰਜ ਏਕੜ ਦੀ ਸਲੈਬ ਨਹੀਂ ਹੈ। ਦੋ ਲੱਖ ਕੁਇੰਟਲ ਬੀਜ ਦੇਣਾ ਹੈ ਜਿਸ ਵਿੱਚੋਂ 60% ਸੈਂਟਰ ਸਰਕਾਰ ਦਿੰਦੀ ਹੈ ਅਤੇ 40% ਰਾਜ ਸਰਕਾਰ ਦਿੰਦੀ ਹੈ ਅਤੇ ਪੰਜਾਬ ਦਾ 40% ਅਸੀਂ ਆਪਣੇ ਵੱਲੋਂ ਮਾਫ ਕਰ ਰਹੇ ਹਾਂ। ਇਸ ਦੇ ਲਗਭਗ 31 ਤੋਂ 34 ਕਰੋੜ ਰੁਪਏ ਬਣਦੇ ਹਨ। ਇਸ ਵਿੱਚ 1 ਲੱਖ 85 ਹਜ਼ਾਰ ਕੁਇੰਟਲ ਕਣਕ ਦਾ ਬੀਜ ਹੈ ਅਤੇ 16 ਹਜ਼ਾਰ ਕੁਇੰਟਲ ਸਰ੍ਹੋਂ ਦਾ ਬੀਜ ਹੈ। ਜੇ ਇੱਕ ਏਕੜ ਦਾ ਅਸੀਂ 40 ਕਿਲੋ ਬੀਜ ਮੰਨਦੇ ਹਾਂ ਤਾਂ ਪੰਜ ਲੱਖ ਏਕੜ ਹੋ ਗਿਆ ਕਿਉਂਕਿ 2x2.5 ਕਰੀਏ ਤਾਂ ਪੰਜ ਲੱਖ ਹੋਇਆ। ਅਸੀਂ ਇਹ ਬੀਜ ਹੜ੍ਹਾਂ ਤੋਂ ਪ੍ਰਭਾਵਿਤ ਪੰਜ ਲੱਖ ਏਕੜ ਫਸਲ ਵਾਸਤੇ ਦਿਆਂਗੇ। ਪਹਿਲਾਂ ਕਿਸਾਨਾਂ ਦੀ ਮਿੱਟੀ ਵੀ ਚੁਕਾਵਾਂਗੇ ਅਤੇ ਉਨ੍ਹਾਂ ਦੀ ਜ਼ਮੀਨ ਵੀ ਫਸਲ ਬੀਜਣ ਵਾਸਤੇ ਤਿਆਰ ਕਰਾਂਗੇ ਤੇ ਨਾਲ ਹੀ ਕੁਆਲਿਟੀ ਦਾ ਬੀਜ ਫਰੀ ਦੇਵਾਂਗੇ ਤਾਂ ਜੋ ਜਿਨ੍ਹਾਂ ਘਰਾਂ ਤੇ ਮਾਰ ਪੈ ਗਈ ਹੈ, ਉਹ ਜਲਦੀ ਤੋਂ ਜਲਦੀ ਪੱਟੜੀ ਤੇ ਚੜ੍ਹ ਸਕਣ।

**ਮਾਣਯੋਗ ਸਪੀਕਰ**: ਪ੍ਰਸ਼ਨ ਹੈ -

ਕਿ ਬੀਜ (ਪੰਜਾਬ ਸੋਧ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।*** (ਥੰਪਿੰਗ)

**ਮਾਣਯੋਗ ਸਪੀਕਰ**: ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਣਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 2**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।*** (ਥੰਪਿੰਗ)

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ**: ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਬੀਜ (ਪੰਜਾਬ ਸੋਧ) ਬਿਲ, 2025 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ-

ਕਿ ਬੀਜ (ਪੰਜਾਬ ਸੋਧ) ਬਿਲ, 2025 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਬੀਜ (ਪੰਜਾਬ ਸੋਧ) ਬਿਲ, 2025 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।*** (ਥੰਪਿੰਗ)

---

**18A. Announcement by Local Govt. Minister reg. accepting demand of Unions for filling up posts of Sweeper and Sewermen at Local Committee level through recruiting agencies by taking them out from the purview of the S.S.S Board.**

**ਸਥਾਨਕ ਸਰਕਾਰ ਮੰਤਰੀ (ਡਾਕਟਰ ਰਵਜੋਤ ਸਿੰਘ):** ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਪਵਿੱਤਰ ਸਦਨ ਦਾ ਕੀਮਤੀ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਸਦਨ ਦਾ ਧਿਆਨ ਸ਼ਹਿਰੀ ਸਥਾਨਕ ਸੰਸਥਾਵਾਂ ਅੰਦਰ ਜਿਹੜੇ ਦਰਜਾ-4 ਸਫਾਈ ਸੇਵਕ ਅਤੇ ਸੀਵਰਮੈਨ ਕੰਮ ਕਰਦੇ ਹਨ, ਉਨ੍ਹਾਂ ਦੀਆਂ ਯੂਨੀਅਨਜ਼ ਵੱਲੋਂ ਸਮੇਂ ਸਮੇਂ ਤੇ ਕੀਤੀ ਜਾ ਰਹੀ ਮੰਗ ਵੱਲ ਦਿਵਾਉਣਾ ਚਾਹੁੰਦਾ ਹਾਂ। ਪਿਛਲੀ ਸਰਕਾਰ ਦੌਰਾਨ ਸਾਲ 2021 ਵਿੱਚ ਇਨ੍ਹਾਂ ਗਰੁੱਪ-ਡੀ ਕਰਮਚਾਰੀਆਂ ਦੀ ਜਿਹੜੀ ਭਰਤੀ ਹੋਈ ਸੀ, ਉਹ ਸਟੇਟ ਲੈਵਲ ਤੇ ਐਸ.ਐਸ.ਐਸ. ਬੋਰਡ ਰਾਹੀਂ ਕਰਨ ਦਾ ਫੈਸਲਾ ਲਿਆ ਗਿਆ ਸੀ। ਸਰ, ਇਹ ਪਿਛਲੀ ਸਰਕਾਰ ਸਮੇਂ ਦੀ ਗੱਲ ਹੈ ਕਿ ਸਟੇਟ ਲੈਵਲ ਤੇ ਐਸ.ਐਸ.ਐਸ. ਬੋਰਡ ਰਾਹੀਂ ਭਰਤੀ ਕੀਤੀ ਜਾਵੇ, ਜਿਸ ਨਾਲ ਇਨ੍ਹਾਂ ਮੁਲਾਜ਼ਮਾਂ ਦੀ ਭਰਤੀ ਆਪਣੀ ਰਿਹਾਇਸ਼ ਤੋਂ ਕਾਫੀ ਦੂਰ ਹੋਣ ਕਰਕੇ ਅਤੇ ਕਮੇਟੀ ਵਿੱਚ ਡਿਊਟੀ ਦੇਰ-ਸਵੇਰ ਹੋਣ ਕਰਕੇ ਉਨ੍ਹਾਂ ਨੂੰ ਕਾਫੀ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਕਰਕੇ ਵੱਖ ਵੱਖ ਯੂਨੀਅਨਜ਼ ਵੱਲੋਂ ਮੰਗ ਕੀਤੀ ਜਾ ਰਹੀ ਸੀ ਕਿ ਸਫਾਈ ਸੇਵਕ, ਸੀਵਰਮੈਨ ਅਤੇ ਗਰੁੱਪ-ਡੀ ਦੇ ਜਿੰਨੇ ਵੀ ਕਰਮਚਾਰੀ ਹਨ, ਇਨ੍ਹਾਂ ਦੀ ਭਰਤੀ ਸਟੇਟ ਲੈਵਲ ਐਸ.ਐਸ.ਐਸ. ਬੋਰਡ ਦੀ ਬਜਾਏ ਲੋਕਲ ਕਮੇਟੀ ਲੈਵਲ ਤੇ ਕੀਤੀ ਜਾਵੇ। ਮੈਂ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਮੰਗ ਨੂੰ ਗੌਰ ਨਾਲ ਵਿਚਾਰਿਆ ਅਤੇ ਮੈਨੂੰ ਇਹ ਦੱਸਦੇ ਹੋਏ ਬੜੀ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਗਰੁੱਪ-ਡੀ ਦੀਆਂ ਅਸਾਮੀਆਂ ਨੂੰ ਐਸ.ਐਸ.ਐਸ. ਬੋਰਡ, ਪੰਜਾਬ ਦੇ ਪਰਵਿਊ ਵਿੱਚੋਂ ਬਾਹਰ ਕੱਢ ਕੇ ਰਿਕਰੂਟਿੰਗ ਏਜੰਸੀਆਂ ਰਾਹੀਂ ਭਰਨ ਦੀ ਪ੍ਰਵਾਨਗੀ ਦਿੱਤੀ ਹੈ। ਮੈਂ ਸਮਝਦਾ ਹਾਂ ਕਿ ਇਹ ਸਾਡੇ ਸਫਾਈ ਸੇਵਕ ਅਤੇ ਸੀਵਰਮੈਨ ਕਰਮਚਾਰੀਆਂ ਲਈ ਬਹੁਤ ਵੱਡੀ ਸਹੂਲਤ ਹੈ, ਬਹੁਤ ਵੱਡਾ ਰਿਲੀਫ ਹੈ। ਇਸ ਰਾਹੀਂ ਮਾਨ ਸਰਕਾਰ ਨੇ ਕਰਮਚਾਰੀਆਂ ਦੇ ਹਿਤਾਂ ਦੀ ਰਾਖੀ ਕਰਦੇ ਹੋਏ ਅਤੇ ਸ਼ਹਿਰੀ ਨਾਗਰਿਕਾਂ ਦੇ ਜੀਵਨ ਮਿਆਰ ਵਿੱਚ ਸੁਧਾਰ ਕਰਨ ਦੀ ਆਪਣੀ ਵਚਨਬੱਧਤਾ ਦਰਸਾਈ ਹੈ। ਬਹੁਤ ਬਹੁਤ ਧੰਨਵਾਦ ਜੀ।

---

## 2. THE PUNJAB RIGHT TO BUSINESS (AMENDMENT) BILL, 2025

**ਮਾਣਯੋਗ ਸਪੀਕਰ:** ਸਰਦਾਰ ਤਰੁਨਪ੍ਰੀਤ ਸਿੰਘ ਸੌਂਦ, ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ ਬਿਲ ਪੇਸ਼ ਕਰਨਗੇ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ):** ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ। ਸਪੀਕਰ ਸਾਹਿਬ, ਮੇਰੇ ਕੈਬਨਿਟ ਸਾਥੀ ਸਾਡੇ ਆਨਰੇਬਲ ਉਦਯੋਗ ਅਤੇ ਵਣਜ ਮੰਤਰੀ, ਸ਼੍ਰੀ ਸੰਜੀਵ ਅਰੋੜਾ ਜੀ ਅੱਜ World Food India, 2025 ਵਿੱਚ Punjab State Knowledge Sharing Session ਵਿੱਚ ਹਾਜ਼ਰੀ ਲਗਵਾਉਣ ਅਤੇ ਪੰਜਾਬ ਨੂੰ ਰਿਪ੍ਰੀਜ਼ੈਂਟ ਕਰਨ ਲਈ ਗਏ ਹਨ। ਉਨ੍ਹਾਂ ਦੇ behalf ਤੇ ਮੈਂ ਪੰਜਾਬ ਰਾਈਟ ਟੂ ਬਿਜ਼ਨਸ (ਸੋਧ) ਬਿਲ, 2025 ਪੇਸ਼ ਕਰਨ ਜਾ ਰਿਹਾ ਹਾਂ। ਇਸ ਤੋਂ ਪਹਿਲਾਂ ਮੈਂ ਕੁਝ ਦੱਸਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ:** ਪਹਿਲਾਂ ਬਿਲ ਪੇਸ਼ ਹੋ ਜਾਣ ਦਿਉ, ਉਸ ਤੋਂ ਬਾਅਦ ਦੱਸ ਦਿਉ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ:** ਬਿਲਕੁਲ ਠੀਕ ਹੈ ਜੀ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ) :** ਸ਼੍ਰੀਮਾਨ ਜੀ, ਮੈਂ ਪੰਜਾਬ ਰਾਈਟ ਟੂ ਬਿਜ਼ਨਸ (ਸੋਧ) ਬਿਲ, 2025 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਰਾਈਟ ਟੂ ਬਿਜ਼ਨਸ (ਸੋਧ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ -

ਕਿ ਪੰਜਾਬ ਰਾਈਟ ਟੂ ਬਿਜ਼ਨਸ (ਸੋਧ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਮੰਤਰੀ ਜੀ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ :** ਮਾਣਯੋਗ ਸਪੀਕਰ ਸਾਹਿਬ, ਆਪਾਂ ਸਾਰੇ ਜਾਣਦੇ ਹਾਂ ਕਿ ਪੰਜਾਬ ਦਾ ਵਪਾਰ, ਬਿਜ਼ਨਸ ਅਤੇ ਇੰਡਸਟਰੀ ਪਿਛਲੇ ਲੰਬੇ ਸਮੇਂ ਤੋਂ ਇੱਕ ਕ੍ਰਾਈਸਿਸ ਵਿੱਚ ਚਲਦੀ ਆ ਰਹੀ ਸੀ। ਇਸ ਦਾ ਕਾਰਨ ਕੀ ਸੀ? ਪੰਜਾਬ ਦੀ ਇੰਡਸਟਰੀ ਦੀ ਅੱਜ ਤੱਕ ਕਿਸੇ ਨੇ ਬਾਂਹ ਨਹੀਂ ਫੜੀ ਸੀ। ਬੜੇ ਛੋਟੇ ਛੋਟੇ ਮੁੱਦੇ ਇਕੱਠੇ ਹੁੰਦੇ ਗਏ ਅਤੇ ਅੱਗੇ ਜਾ ਕੇ ਇਹ ਬਹੁਤ ਜ਼ਿਆਦਾ ਗੰਭੀਰ ਮਸਲੇ ਬਣ ਗਏ। ਸੰਨ 1975 ਵਿੱਚ ਇੰਡਸਟਰੀਅਲ ਫੋਕਲ ਪੁਆਇੰਟ ਕੱਟਣੇ ਸ਼ੁਰੂ ਹੋਏ ਸੀ। ਪੀ.ਐਸ.ਆਈ.ਈ.ਸੀ. (Punjab Small Industries and Export Corporation) ਵਿੱਚ ਐਸੀਆਂ ਪ੍ਰਾਬਲਮਜ਼ ਕ੍ਰੀਏਟ ਹੋ ਗਈਆਂ ਜਿਹੜੀਆਂ ਕਿਸੇ ਵੀ ਸਰਕਾਰ ਨੇ ਨਹੀਂ ਦੇਖੀਆਂ। ਅਕਾਲੀ ਦਲ ਦੀ ਵੀ ਸਰਕਾਰ ਆਈ, ਕਾਂਗਰਸ ਦੀ ਵੀ ਸਰਕਾਰ ਆਈ, ਕਿਸੇ ਨੇ ਉਦਯੋਗ ਦੇ ਮਸਲੇ ਐਡਰੈਸ ਹੀ ਨਹੀਂ ਕੀਤੇ। ਫਿਰ ਆਮ ਆਦਮੀ ਪਾਰਟੀ ਦੀ ਸਰਕਾਰ ਆਈ, ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਆਈ। ਸ਼੍ਰੀ ਅਰਵਿੰਦ ਕੇਜਰੀਵਾਲ ਜੀ, ਮਾਨ ਸਾਹਿਬ, ਸਾਡੇ ਦੋਨਾਂ ਲੀਡਰਾਂ ਨੇ ਉਦਯੋਗਪਤੀਆਂ ਨਾਲ ਚਾਰ ਮੀਟਿੰਗਾਂ ਕੀਤੀਆਂ। ਜਿਹੜੀ ਮਿਲਣੀ ਹੋਈ, ਉਸ ਵਿੱਚ ਸਾਡੇ ਵਪਾਰੀਆਂ, ਇੰਡਸਟਰੀਲਿਸਟਾਂ, ਉਦਯੋਗਪਤੀਆਂ ਅਤੇ ਟਰੇਡਰਜ਼ ਨੇ ਇਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਦੱਸੀਆਂ ਅਤੇ ਇਹ ਵੀ ਦੱਸਿਆ ਕਿ ਇਨ੍ਹਾਂ ਲਈ ਇਹ ਹੱਲ ਕਰ ਦਿਉ। ਮੈਨੂੰ ਅੱਜ ਇਸ ਪਵਿੱਤਰ ਸਦਨ ਵਿੱਚ ਦੱਸਦਿਆਂ ਬੜੀ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਸਾਡੇ ਦੋਨੋਂ ਲੀਡਰਾਂ ਨੇ ਇਸ ਚੀਜ਼ ਦੀ ਗੰਭੀਰਤਾ ਨੂੰ ਸਮਝਿਆ। ਉਦਯੋਗਪਤੀ ਸੱਚ-ਮੁੱਚ ਹੀ ਪੁਰਾਣੀਆਂ ਸਰਕਾਰਾਂ ਤੋਂ ਕਲਪਿਆ ਹੋਇਆ ਅਤੇ ਝੁਲਸਿਆ ਹੋਇਆ ਹੈ। ਅਗਰ ਪੰਜਾਬ ਅੰਦਰ ਉਦਯੋਗ ਨੂੰ ਵਧਾਉਣਾ ਹੈ ਜਾਂ ਰਾਹਤ ਦੇਣੀ ਹੈ, ਅਗਰ ਪੰਜਾਬ ਅੰਦਰ ਬੱਚਿਆਂ ਨੂੰ ਰੋਜ਼ਗਾਰ ਦੇਣਾ ਹੈ, ਅਗਰ ਪੰਜਾਬ ਅੰਦਰ ਇੰਡਸਟਰੀ ਹੋਰ ਲੈ ਕੇ ਆਉਣੀ ਹੈ ਤਾਂ ਸਾਨੂੰ ਜਾਇਜ਼ ਮੰਗਾਂ ਤੁਰੰਤ ਪੂਰੀਆਂ ਕਰਨੀਆਂ ਪੈਣੀਆਂ ਹਨ। ਇਨ੍ਹਾਂ ਮੰਗਾਂ ਨੂੰ ਦੇਖਦੇ ਹੋਏ ਪੰਜਾਬ ਇੰਡਸਟਰੀ ਅੰਦਰ ਲਗਭਗ 15 ਰਿਫਾਰਮਜ਼ ਕੀਤੇ ਹਨ, ਜੋ ਕਿ ਅੱਜ ਤੱਕ ਦੀ ਹਿਸਟਰੀ ਵਿੱਚ ਸਭ ਤੋਂ ਵੱਡੇ ਬੈਂਚਮਾਰਕ ਰਿਫਾਰਮਜ਼ ਹਨ। ਸਾਡੇ ਸਤਿਕਾਰਯੋਗ ਮੰਤਰੀ ਸੰਜੀਵ ਅਰੋੜਾ ਜੀ ਬਹੁਤ ਅੱਛੇ ਤਰੀਕੇ ਨਾਲ ਇਸ ਵਿਭਾਗ ਨੂੰ ਚਲਾ ਰਹੇ ਹਨ, ਇਹ ਬਹੁਤ

ਅੱਛਾ perform ਕਰ ਰਹੇ ਹਨ। ਜਿਹੜਾ ਅੱਜ ਅਸੀਂ ਬਿਲ ਪੇਸ਼ ਕੀਤਾ ਹੈ, ਇਹ ਆਪਣੇ ਆਪ ਵਿੱਚ ਬਹੁਤ ਚੰਗਾ ਬਿਲ ਹੈ। ਮੈਂ ਦੱਸਣਾ ਚਾਹਾਂਗਾ ਕਿ ਰਾਈਟ ਟੂ ਬਿਜ਼ਨਸ, ਹੁਣ ਤੱਕ ਜਿਹੜਾ ਇੱਕ ਅਧਿਕਾਰ ਸੀ, ਉਸ ਵਿੱਚ ਅੱਠ ਸਰਵਿਸਿਜ਼ ਇਨਕਲੂਡ ਸਨ, ਜਿਸ ਵਿੱਚ Sanction of Building plans, issuance of completion certificate for building, issuance of occupation certificate for buildings, application for fire NOC, grant of trade licence, change of land use, approval of factory building plan except for the industries involving hazardous process as per the first Schedule of Factories Act 1948, Registration of shop or establishment, ਇਹ ਅੱਠ ਸਰਵਿਸਿਜ਼ ਇਨਕਲੂਡ ਸਨ ਪਰ ਅੱਜ ਜਦੋਂ ਤੁਸੀਂ ਸਦਨ ਵਿੱਚ ਇਸ ਬਿਲ ਨੂੰ ਪਾਸ ਕਰ ਦੇਵੋਗੇ ਤਾਂ ਇਸ ਵਿੱਚ ਅੱਠ ਸਰਵਿਸਿਜ਼ ਦੀ ਜਗ੍ਹਾ 15 ਸਰਵਿਸਿਜ਼ ਇਨਕਲੂਡ ਹੋ ਜਾਣਗੀਆਂ। ਇਹ ਆਪਣੇ ਆਪ ਵਿੱਚ ਬਹੁਤ ਵੱਡੀ ਗੱਲ ਹੈ, ਜਿਸ ਵਿੱਚ registration of principle employers, registration under BOCW Act, Stability certificate, factory licence, consent to establish within approved industrial park, white, green and orange category of industries, outside approved industrial park, white and green category of industries, consent to operate white and green category of industry, NOC for no forest land, ਇਹ ਸਰਵਿਸਿਜ਼ ਐਡ ਹੋ ਜਾਣਗੀਆਂ। ਮੈਨੂੰ ਸਦਨ ਵਿੱਚ ਦੱਸਦਿਆਂ ਮਾਣ ਮਹਿਸੂਸ ਹੋ ਰਿਹਾ ਹੈ ਕਿ ਜੇਕਰ ਕਿਸੇ ਨੇ ਇੰਡਸਟਰੀਲਿਸਟ ਦੀ ਬਾਂਹ ਫੜੀ ਹੈ ਤਾਂ ਉਹ ਸਿਰਫ ਤੇ ਸਿਰਫ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਫੜੀ ਹੈ। ਸਰਦਾਰ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਉਦਯੋਗਪਤੀ ਦੀ ਬਾਂਹ ਫੜੀ ਹੈ। ਸਪੀਕਰ ਸਾਹਿਬ, ਅੱਜ ਦੀ ਡੇਟ ਤੱਕ ਵਪਾਰੀ ਵਰਗ ਬਹੁਤ ਦੁਖੀ ਸੀ। ਸੋ, ਇਸ ਗੱਲ ਦੀ ਮੈਂ ਸਾਰੇ ਵਪਾਰੀ ਵਰਗ ਨੂੰ ਮੁਬਾਰਕਬਾਦ ਵੀ ਦਿੰਦਾ ਹਾਂ। ਉਨ੍ਹਾਂ ਵਿੱਚ ਵੀ ਇਸ ਗੱਲ ਲਈ ਖੁਸ਼ੀ ਦੀ ਲਹਿਰ ਹੋਵੇਗੀ।

ਦੂਜੀ ਗੱਲ, ਮੈਂ ਇਹ ਵੀ ਸਦਨ ਨੂੰ ਦੱਸਣਾ ਚਾਹਾਂਗਾ ਕਿ ਜਿੰਨੇ ਵੀ ਸਾਡੇ ਉਦਯੋਗਿਕ ਪਾਰਕ ਹੋਣਗੇ, ਉਨ੍ਹਾਂ ਨੂੰ ਪੰਜ ਕਾਰਜਕਾਰੀ ਦਿਨਾਂ ਵਿੱਚ ਸਮਾਂਬੱਧ ਪ੍ਰਵਾਨਗੀ ਦਿਆ ਕਰਾਂਗੇ, ਜੋ ਆਪਣੇ ਆਪ ਵਿੱਚ ਬਹੁਤ ਵੱਡੀ ਗੱਲ ਹੈ। ਸਾਡੇ ਜਿਹੜੇ ਖੇਤਰ ਉਦਯੋਗਿਕ ਪਾਰਕਾਂ ਤੋਂ ਬਾਹਰ ਹਨ ਪਰ ਇੰਡਸਟਰੀਅਲ ਜ਼ੋਨ ਵਿੱਚ ਆਉਂਦੇ ਹਨ, ਉਸ ਵਿੱਚ ਵਪਾਰੀ ਨੂੰ ਆਪਣਾ ਯੂਨਿਟ ਸਥਾਪਿਤ ਕਰਨ ਲਈ 18 ਦਿਨਾਂ ਵਿੱਚ ਮਨਜ਼ੂਰੀ ਦੇਵਾਂਗੇ। ਇਸ ਬਿਲ ਦੇ ਪਾਸ ਹੋਣ ਨਾਲ ਪੰਜਾਬ ਦਾ ਵਪਾਰ ਬਹੁਤ ਉੱਨਤ ਅਤੇ ਪ੍ਰਫੁੱਲਿਤ ਹੋਵੇਗਾ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ):** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਜਿਹੜਾ ਪੰਜਾਬ ਰਾਈਟ ਟੂ ਬਿਜ਼ਨਸ ਬਿਲ ਹੈ, ਇਹ ਠੀਕ ਹੈ ਕਿ ਆਪਾਂ 5 ਜਾਂ 18 ਦਿਨਾਂ ਵਿੱਚ ਪ੍ਰਵਾਨਗੀ ਦੇਣ ਲਈ ਸਮਾਂਬੱਧ ਕੀਤਾ ਹੈ। ਮੈਂ ਦੱਸਣਾ ਚਾਹਾਂਗਾ ਕਿ ਜਿਹੜੀ ਫਾਰੈਸਟ ਹੈ, ਉਹ ਸਾਡੀ ਸਾਰੀ 1847 ਵਰਗ ਕਿਲੋਮੀਟਰ ਹੈ ਤੇ ਸਾਡੇ ਕੋਲ ਇਸ ਲਈ ਲੋੜੀਂਦਾ ਮੈਕੇਨਿਜ਼ਮ ਨਹੀਂ ਹੈ। ਦੂਜੀ ਗੱਲ, ਇਸ ਬਿਲ ਦੇ ਸੈਕਸ਼ਨ 12 ਵਿੱਚ ਲਿਖਿਆ ਗਿਆ ਹੈ ਕਿ ਕੁਝ ਹੋਰ ਕਾਨੂੰਨਾਂ ਨੂੰ deemed to be amended ਮੰਨਿਆ ਜਾਵੇ। ਇਸ ਵਿੱਚ Factories Act, 1948, Water Act, 1974 ਅਤੇ Air Act, 1981 ਵੀ ਹੈ। ਇਹ ਕੇਂਦਰੀ ਕਾਨੂੰਨ ਹਨ। ਮੈਨੂੰ ਨਹੀਂ ਪਤਾ ਕਿ ਐਲ.ਆਰ. ਨੇ ਕਿਸ ਤਰ੍ਹਾਂ vetting ਕੀਤੀ ਹੈ ਕਿਉਂਕਿ ਵਿਧਾਨ ਸਭਾ ਕੋਲ ਇਨ੍ਹਾਂ ਐਕਟਾਂ ਨੂੰ ਅਮੈਂਡ ਕਰਨ ਦੀ ਪਾਵਰ ਨਹੀਂ ਹੈ। ਸੋ, ਮੇਰੀ ਗੁਜ਼ਾਰਿਸ਼ ਹੈ ਕਿ ਇਸ ਨੂੰ ਥੋੜ੍ਹਾ ਜਿਹਾ ਸੋਚ-ਸਮਝ ਲਿਆ ਜਾਵੇ ਕਿਉਂਕਿ ਜੇਕਰ ਆਪਾਂ ਇੱਥੇ ਲੈਜਿਸਲੇਸ਼ਨ ਕਰਦੇ ਹਾਂ ਔਰ ਕੱਲ੍ਹ ਨੂੰ ਇਹ legally stuck down ਹੋ ਜਾਂਦਾ ਹੈ ਤਾਂ ਮੈਨੂੰ ਲੱਗਦਾ ਹੈ ਕਿ ਲੈਜਿਸਲੇਸ਼ਨ ਦੀ ਵੀ ਹਾਸੋਹੀਣੀ ਹਾਲਤ ਹੋ ਜਾਵੇਗੀ। ਇੱਥੇ ਆਫੀਸਰਜ਼ ਬੈਠੇ ਹਨ, ਮੈਨੂੰ ਲੱਗਦਾ ਹੈ ਕਿ ਇਸ ਬਿਲ ਨੂੰ ਆਪਾਂ assess ਕਰ

ਲਈਏ ਕਿਉਂਕਿ ਇਸ ਵਿੱਚ ਖਾਸ ਕਰਕੇ ਵਾਤਾਵਰਨ, ਮਜ਼ਦੂਰਾਂ ਦੇ ਹੱਕਾਂ ਦੀ ਰੱਖਿਆ ਦੀ ਪ੍ਰੋਵੀਜ਼ਨ ਹੈ। ਉਸ ਵਿੱਚ ਕਿਤੇ ਨਾ ਕਿਤੇ ਸਾਨੂੰ ਸਮੀਖਿਆ ਕਰਨ ਦੀ ਲੋੜ ਹੈ ਅਤੇ ਸੈਂਟਰਲ ਐਕਟ ਨੂੰ ਦੇਖ ਲੈਣਾ ਚਾਹੀਦਾ ਹੈ ਕਿ ਅਸੀਂ ਉਸ ਨੂੰ ਅਮੈਂਡ ਕਰ ਸਕਦੇ ਹਾਂ, ਕੀ ਹਾਊਸ ਕੋਲ ਇਸ ਦੀ ਪਾਵਰ ਹੈ ਜਾਂ ਨਹੀਂ? ਸਪੀਕਰ ਸਾਹਿਬ, ਮੇਰੀ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਇਹੀ ਗੁਜ਼ਾਰਿਸ਼ ਹੈ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ):** ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਨਾਲ ਮਾਣਯੋਗ ਮੈਂਬਰ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਰਾਈਟ ਟੂ ਬਿਜ਼ਨਸ ਐਕਟ ਵਿੱਚ ਸਾਰੀਆਂ ਫੈਸਿਲਟੀਜ਼ ਦੇ ਰਹੇ ਹਾਂ। ਇਸ ਵਿੱਚ ਅਸੀਂ ਕਿਤੇ ਵੀ ਇਹ ਨਹੀਂ ਕਹਿ ਰਹੇ ਕਿ ਕੋਈ ਵੀ ਬੰਦਾ ਵਾਇਓਲੇਸ਼ਨ ਕਰੇ ਅਤੇ ਅਸੀਂ ਉਸ ਨੂੰ ਇਜਾਜ਼ਤ ਦੇਵਾਂਗੇ। ਇਹ ਅਸੀਂ ਕਿਤੇ ਵੀ ਨਹੀਂ ਲਿਖਿਆ। ਅਸੀਂ ਇਸ ਵਿੱਚ ਸਿਰਫ ਅਤੇ ਸਿਰਫ ਇਹ ਗੱਲ ਕਹੀ ਹੈ ਕਿ ਜਿਹੜੇ ਸਾਡੇ ਨੋਟੀਫਾਈਡ ਏਰੀਏ ਹਨ, ਜਿਹੜੇ ਸਾਡੇ ਬਿਜ਼ਨਸ ਪਾਰਕ ਹਨ ਜਾਂ ਜਿਹੜੇ ਸਾਡੇ ਪਾਰਕ ਨੋਟੀਫਾਈ ਹੋ ਚੁੱਕੇ ਹਨ ਜਾਂ ਏਰੀਏ ਨੋਟੀਫਾਈ ਹੋ ਚੁੱਕੇ ਹਨ, ਜਿੱਥੇ ਅਸੀਂ ਇੰਡਸਟਰੀ ਲਗਾ ਸਕਦੇ ਹਾਂ, ਅਸੀਂ ਸਿਰਫ ਉੱਥੇ ਹੀ ਇਨ੍ਹਾਂ ਨੂੰ ਅਨੁਮਤੀ ਦੇਣੀ ਹੈ। ਇਹ ਨਹੀਂ ਕਿ ਇਨ੍ਹਾਂ ਨੂੰ ਕਾਗਜ਼-ਪੱਤਰ ਜਾਂ ਡਾਕੂਮੈਂਟਸ ਪੂਰੇ ਨਹੀਂ ਕਰਨੇ ਪੈਣਗੇ। ਅਸੀਂ ਸਿਰਫ ਉਨ੍ਹਾਂ ਨੂੰ ਮਿਆਰੀ ਸਹੂਲਤਾਂ ਦੇ ਰਹੇ ਹਾਂ ਕਿ ਉਨ੍ਹਾਂ ਦਾ ਕੰਮ ਨਾ ਅੜੇ, ਅਸੀਂ ਉਨ੍ਹਾਂ ਨੂੰ ਇਹ ਸਾਰੀਆਂ ਪਰਮਿਸ਼ਨਾਂ ਪਹਿਲਾਂ ਹੀ ਗ੍ਰਾਂਟ ਕਰ ਦੇਣੀਆਂ ਹਨ। ਉਨ੍ਹਾਂ ਨੂੰ ਸਮੇਂ ਸਮੇਂ ਤੇ ਸਾਰੇ ਡਾਕੂਮੈਂਟਸ ਪ੍ਰੋਵਾਈਡ ਕਰਵਾਉਣੇ ਪੈਣਗੇ। ਇਸ ਕਰਕੇ ਮੇਰਾ ਮੰਨਣਾ ਇਹ ਹੈ ਕਿ ਇਸ ਤੇ ਸਾਰੀ ਸਮੀਖਿਆ ਕਰਕੇ, ਇਸ ਤੇ ਲੀਗਲ ਅਡਵਾਈਜ਼ ਲੈ ਕੇ ਹੀ ਇਸ ਨੂੰ ਪਰਪੋਜ਼ ਕੀਤਾ ਹੈ। ਧੰਨਵਾਦ ਜੀ।

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ (ਆਦਮਪੁਰ, ਐਸ.ਸੀ.) :** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਮੰਤਰੀ ਜੀ ਰਾਈਟ ਟੂ ਬਿਜ਼ਨਸ ਅਮੈਂਡਮੈਂਟ ਬਿਲ ਲੈ ਕੇ ਆਏ ਹਨ। ਉਨ੍ਹਾਂ ਨੇ ਦੱਸਿਆ ਹੈ ਕਿ ਉਸ ਵਿੱਚ ਰਜਿਸਟ੍ਰੇਸ਼ਨਜ਼, ਸਰਟੀਫਿਕੇਟ, ਫੈਕਟਰੀ ਲਾਇਸੰਸ ਅਤੇ ਐਨ.ਓ.ਸੀ. ਆਦਿ ਨੂੰ ਐਕਟ ਵਿੱਚ ਸ਼ਾਮਲ ਕੀਤਾ ਗਿਆ ਹੈ, ਜਿਸ ਨਾਲ ਅਸਾਨੀ ਨਾਲ ਕਾਰੋਬਾਰ ਵਧਾਇਆ ਜਾ ਸਕਦਾ ਹੈ ਪਰ ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀਆਂ ਫੈਕਟਰੀਆਂ ਪਹਿਲਾਂ ਹੀ ਇਨ੍ਹਾਂ ਸਾਰੀਆਂ ਫਾਰਮੈਲਟੀਜ਼ ਨੂੰ ਪੂਰਾ ਨਹੀਂ ਕਰਦੀਆਂ, ਕੀ ਉਨ੍ਹਾਂ ਖਿਲਾਫ ਵੀ ਕੋਈ ਐਕਸ਼ਨ ਲੈਣ ਲਈ ਇਸ ਵਿੱਚ ਕੋਈ ਪ੍ਰਾਵਧਾਨ ਹੈ? ਜਿਵੇਂ ਪੰਜਾਬ ਵਿੱਚ ਸੀ.ਐਨ.ਜੀ. ਪਲਾਂਟ ਲੱਗੇ ਸਨ ਅਤੇ ਬਹੁਤ ਕੁਝ ਹੋਇਆ। ਪਿਛਲੇ ਸਮੇਂ ਵੀ ਮੈਂ ਵਿਧਾਨ ਸਭਾ ਵਿੱਚ ਇਹ ਮੁੱਦੇ ਉਠਾਏ ਸਨ ਅਤੇ ਸਰਕਾਰ ਦੀ ਤਰਫੋਂ ਉਨ੍ਹਾਂ ਦੀ ਡੀਮਾਰਕੇਸ਼ਨ ਕੀਤੀ ਗਈ। ਮਾਣਯੋਗ ਵਿੱਤ ਮੰਤਰੀ ਸਾਹਿਬ ਵੀ ਇੱਥੇ ਬੈਠੇ ਹਨ, ਮੈਂ ਉਨ੍ਹਾਂ ਦੇ ਧਿਆਨ ਵਿੱਚ ਵੀ ਲਿਆਉਣਾ ਚਾਹੁੰਦਾ ਹਾਂ ਕਿ ਸਰਕਾਰ ਕੋਲੋਂ ਉਨ੍ਹਾਂ ਦੀ ਡੀਮਾਰਕੇਸ਼ਨ ਕਰਵਾ ਕੇ ਰਿਪੋਰਟਾਂ ਅਦਾਲਤਾਂ ਵਿੱਚ ਸਬਮਿੱਟ ਹੋ ਗਈਆਂ ਪਰ ਜਦੋਂ ਉਹ ਕੰਡੀਸ਼ਨਾਂ ਪੂਰੀਆਂ ਨਹੀਂ ਕਰਦੇ ਸਨ ਤਾਂ ਉਨ੍ਹਾਂ ਦੇ ਕੋਰਟ ਵਿੱਚ ਜਾਣ ਤੋਂ ਪਹਿਲਾਂ ਹੀ ਸਰਕਾਰ ਨੂੰ ਖੁਦ ਇਨੀਸ਼ੀਏਟਿਵ ਲੈ ਕੇ ਉਨ੍ਹਾਂ ਫੈਕਟਰੀਆਂ ਦੇ ਲਾਇਸੰਸ ਰੱਦ ਕਰਨੇ ਚਾਹੀਦੇ ਸਨ ਤਾਂ ਕਿ ਕੋਰਟਾਂ ਵਿੱਚ ਸਮਾਂ ਅਤੇ ਪੈਸਾ ਬਰਬਾਦ ਨਾ ਹੋਵੇ। ਸਮੇਂ ਦੇ ਮੁਤਾਬਿਕ ਜਿਹੜੀ ਡੀਮਾਰਕੇਸ਼ਨ ਹੋ ਚੁੱਕੀ ਹੈ ਜਾਂ ਜੋ ਐਨ.ਓ.ਸੀਜ਼. ਨੂੰ ਪੂਰਾ ਨਹੀਂ ਕਰਦੇ ਜਾਂ ਉਨ੍ਹਾਂ ਨੇ ਕਿਸੇ ਗਲਤ ਢੰਗ ਨਾਲ ਐਨ.ਓ.ਸੀਜ਼. ਲਈਆਂ ਹਨ, ਜੇਕਰ ਉਸ ਦੀ ਰਿਪੋਰਟ ਸਰਕਾਰ ਦੇ ਰਿਕਾਰਡ ਮੁਤਾਬਿਕ ਉਨ੍ਹਾਂ ਦੇ ਖਿਲਾਫ ਆਈ ਹੈ ਤਾਂ ਜਿਹੜੇ ਅਧਿਕਾਰੀ ਅਜਿਹੇ ਲਾਇਸੰਸ ਜਾਰੀ ਕਰਦੇ ਹਨ ਜਾਂ ਉਨ੍ਹਾਂ ਦੇ ਦਾਇਰੇ ਵਿੱਚ ਜੋ ਉਨ੍ਹਾਂ ਨੂੰ ਰੂਲ ਆਊਟ ਕੀਤਾ ਗਿਆ, ਉਨ੍ਹਾਂ ਦੇ ਖਿਲਾਫ ਕਾਰਵਾਈ ਕਰਨ ਦਾ ਵੀ ਇਸ ਵਿੱਚ ਪ੍ਰਾਵਧਾਨ ਹੋਣਾ ਚਾਹੀਦਾ ਹੈ। ਸਰਕਾਰ ਦੀ ਇਨਕੁਆਰੀ ਉਪਰੰਤ ਜੇਕਰ ਉਸ ਦੀ ਡੀਮਾਰਕੇਸ਼ਨ ਆ ਜਾਵੇ

ਕਿ ਇੱਥੇ ਫੈਕਟਰੀ ਜਾਂ ਸੀ.ਐਨ.ਜੀ. ਪਲਾਂਟ ਨਹੀਂ ਲੱਗ ਸਕਦੇ, ਉਨ੍ਹਾਂ ਦੇ ਲਾਇਸੰਸ ਰੱਦ ਕੀਤੇ ਜਾਣੇ ਚਾਹੀਦੇ ਹਨ। ਮੈਂ ਮੰਤਰੀ ਸਾਹਿਬ ਨੂੰ ਇਹੀ ਗੁਜ਼ਾਰਿਸ਼ ਕਰਨੀ ਚਾਹੁੰਦਾ ਹਾਂ ਕਿ ਇਸ ਅਮੈਂਡਮੈਂਟ ਵਿੱਚ ਇਸ ਨੂੰ ਵੀ ਸ਼ਾਮਲ ਕੀਤਾ ਜਾਵੇ। ਧੰਨਵਾਦ ਜੀ।

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਰਾਈਟ ਟੂ ਬਿਜ਼ਨਸ (ਸੋਧ) ਬਿਲ, 2025 'ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 13**

**ਮਾਣਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 13 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 13 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ -ਕਲਾਜ਼ (1)**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਰਾਈਟ ਟੂ ਬਿਜ਼ਨਸ (ਸੋਧ) ਬਿਲ, 2025 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਪੰਜਾਬ ਰਾਈਟ ਟੂ ਬਿਜ਼ਨਸ (ਸੋਧ) ਬਿਲ, 2025 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਪੰਜਾਬ ਰਾਈਟ ਟੂ ਬਿਜ਼ਨਸ (ਸੋਧ) ਬਿਲ, 2025 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---

## OBSERVATION BY THE HON'BLE SPEAKER

**ਮਾਣਯੋਗ ਸਪੀਕਰ :** ਮੈਂ ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਹ ਬੜਾ ਹੀ ਕੀਮਤੀ ਅਤੇ ਬੜਾ ਅਜ਼ੀਮ ਸਦਨ ਹੈ। ਆਪਾਂ ਇੱਥੇ ਸੀਰੀਅਸ ਹੋ ਕੇ ਬੈਠਿਆ ਕਰੀਏ, ਆਪਾਂ ਗੱਲਾਂ-ਬਾਤਾਂ ਕਰਨੀਆਂ ਹਨ ਤਾਂ ਬਾਹਰ ਕਰ ਲਉ। ਪੰਜਾਬ ਦੇ ਤਿੰਨ ਕਰੋੜ ਲੋਕ ਸਾਨੂੰ ਦੇਖ ਰਹੇ ਹਨ ਔਰ ਬੜੀਆਂ ਆਸਾਂ ਨਾਲ ਦੇਖ ਰਹੇ ਹਨ। ਸੋ, ਇੱਥੋਂ ਬਹੁਤ ਹੀ ਸੀਰੀਅਸਨੈੱਸ ਜਾਣੀ ਚਾਹੀਦੀ ਹੈ। ਇੱਕ ਗੱਲ ਹੋਰ, ਸਦਨ ਵਿੱਚ ਬੈਠਣ ਦੇ ਅਤੇ ਵਿਚਰਨ ਦੇ ਕਈ ਨਿਯਮ ਹਨ, ਆਪਾਂ ਉਨ੍ਹਾਂ ਨਿਯਮਾਂ ਦੀ ਪਾਲਣਾ ਕਰੀਏ। ਕਈ ਨਿਯਮ ਇਸ ਤਰ੍ਹਾਂ ਦੇ ਹਨ, ਜਿਨ੍ਹਾਂ ਦੀ ਕਿ ਬਹੁਤੇ ਮੈਂਬਰ ਅਤੇ ਕਈ ਸੀਨੀਅਰ ਮੈਂਬਰ ਵੀ ਉਲੰਘਣਾ ਕਰਦੇ ਹਨ। ਜੇਕਰ ਉਨ੍ਹਾਂ ਦਾ ਨੋਟਿਸ ਲਿਆ ਜਾਵੇ ਤਾਂ ਸਖਤ ਤੋਂ ਸਖਤ ਕਾਰਵਾਈ ਹੋ ਸਕਦੀ ਹੈ। ਸੋ, ਮੈਂ ਇਹ ਸਮਝਦਾ ਹਾਂ ਕਿ ਸਾਰੇ ਮੈਂਬਰ ਸਾਹਿਬਾਨ ਨੂੰ ਸਦਨ ਦੀ ਮਰਿਆਦਾ ਨੂੰ ਬਣਾ ਕੇ

ਰੱਖਣਾ ਚਾਹੀਦਾ ਹੈ। ਜਿਸ ਤਰ੍ਹਾਂ ਕੰਡਕਟ ਹੈ, ਅੰਦਰ ਕਿਵੇਂ ਆਉਣਾ-ਜਾਣਾ ਹੈ, ਉਸ ਨੂੰ ਪਰਾਪਰਲੀ ਮੇਨਟੇਨ ਕਰਨਾ ਚਾਹੀਦਾ ਹੈ। ਜੇ ਆਪਾਂ ਸਦਨ ਦੀ ਮਰਿਆਦਾ ਬਣਾ ਕੇ ਰੱਖਾਂਗੇ ਤਾਂ ਪੰਜਾਬ ਦੇ ਲੋਕਾਂ ਨੂੰ ਖੁਸ਼ੀ ਹੋਵੇਗੀ ਕਿ ਅਸੀਂ ਇੱਥੇ ਸਹੀ ਲੋਕਾਂ ਨੂੰ ਚੁਣ ਕੇ ਭੇਜਿਆ ਹੈ। ਸੋ, ਆਪਾਂ ਉਨ੍ਹਾਂ ਦੇ ਟਰੱਸਟ ਨੂੰ uphold ਕਰੀਏ।

---

## 3. PUNJAB GOODS AND SERVICES TAX (AMENDMENT) BILL, 2025

**ਮਾਣਯੋਗ ਸਪੀਕਰ :** ਅਗਲਾ ਬਿਲ। ਸਰਦਾਰ ਹਰਪਾਲ ਸਿੰਘ ਚੀਮਾ, ਆਬਕਾਰੀ ਅਤੇ ਕਰ ਮੰਤਰੀ ਬਿਲ ਪੇਸ਼ ਕਰਨਗੇ।

**ਆਬਕਾਰੀ ਅਤੇ ਕਰ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) :** ਸ਼੍ਰੀਮਾਨ ਜੀ, ਮੈਂ ਪੰਜਾਬ ਗੁਡਜ਼ ਐਂਡ ਸਰਵਿਸਜ਼ ਟੈਕਸ (ਸੋਧ) ਬਿਲ, 2025 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਗੁਡਜ਼ ਐਂਡ ਸਰਵਿਸਜ਼ ਟੈਕਸ (ਸੋਧ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਪੰਜਾਬ ਗੁਡਜ਼ ਐਂਡ ਸਰਵਿਸਜ਼ ਟੈਕਸ (ਸੋਧ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

---

## OBSERVATION BY THE HON'BLE SPEAKER

**ਮਾਣਯੋਗ ਸਪੀਕਰ :** ਮੈਂ ਆਪਣੇ ਵੱਲੋਂ ਇੱਕ interaction ਦੱਸਣੀ ਚਾਹੁੰਦਾ ਹਾਂ ਕਿ ਜਦੋਂ ਜੀ.ਐਸ.ਟੀ ਦਾ ਬਿਲ ਆਇਆ ਸੀ ਤਾਂ ਅਸੀਂ ਆਪੋਜੀਸ਼ਨ ਵਾਲੇ ਪਾਸੇ ਬੈਠੇ ਸੀ ਅਤੇ ਟਰੇਜ਼ਰੀ ਬੈਂਚਿਜ਼ ਤੋਂ ਉਸ ਸਮੇਂ ਦੇ ਫਾਈਨਾਂਸ ਮਨਿਸਟਰ ਸਾਹਿਬ ਬੋਲ ਰਹੇ ਸੀ। ਉਦੋਂ ਉਨ੍ਹਾਂ ਨੇ ਕਿਹਾ ਸੀ ਕਿ ਇਹ ਸਦੀਆਂ ਵਿੱਚ ਕਦੇ ਕਦੇ ਹੁੰਦਾ ਹੈ, ਜਿਹੜਾ ਇੰਨਾ ਵਧੀਆ ਬਿਲ ਆ ਰਿਹਾ ਹੈ। ਅੱਜ ਤੱਕ ਇਕੱਲਾ ਪੰਜਾਬ ਹੀ ਨਹੀਂ, ਸਾਰੀਆਂ ਹੀ ਸਟੇਟਾਂ ਉਸ ਦਾ ਖਮਿਆਜ਼ਾ ਭੁਗਤ ਰਹੀਆਂ ਹਨ। ਉਸ ਬਿਲ ਦੀ ਇੰਪਲੀਮੈਂਟੇਸ਼ਨ ਦੇ ਨਾਲ ਛੋਟੇ ਬਿਜ਼ਨਸਮੈਨ ਮਾਰੇ ਗਏ। ਦੇਸ਼ ਦਾ ਨੁਕਸਾਨ ਹੋਇਆ, ਗਰੀਬ ਲੋਕਾਂ ਦਾ ਨੁਕਸਾਨ ਹੋਇਆ। ਸੋ, ਵੱਧ ਤੋਂ ਵੱਧ ਡਿਸਕਸ਼ਨ ਵਿੱਚ ਹਿੱਸਾ ਲਉ। ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਸਾਹਿਬ, ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਆਪਾਂ ਸਜ਼ਾ ਭਾਵੇਂ ਨਾ ਦੇਈਏ ਲੇਕਿਨ ਪ੍ਰੋਤਸਾਹਨ ਦਿਉ। ਤੁਸੀਂ ਐਕਸਪਲੋਰ ਕਰੋ ਕਿ ਜਿਹੜਾ ਬਿਲ ਹੈ, as per Rule 15 ਦਿਨ ਪਹਿਲਾਂ ਆ ਸਕਦਾ ਹੈ ਪਰ ਜਿਹੜਾ ਕੋਈ ਅਫਸਰ ਪਹਿਲਾਂ ਲੈ ਆਵੇਗਾ, ਉਨ੍ਹਾਂ ਨੂੰ ਕੋਈ ਸਾਬਾਸ਼ੀ ਦਿਉ, ਕੋਈ ਤਰੱਕੀ ਦਿਉ, ਕੋਈ ਇਨਕ੍ਰੀਮੈਂਟ ਦਿਉ। ਇਹ ਬਹੁਤ ਜ਼ਰੂਰੀ ਹੈ, ਜਿਹੜੀਆਂ ਵੀ ਮੱਦਾਂ ਇੱਥੇ ਬਿਨਾਂ ਡਿਸਕਸ਼ਨ ਤੋਂ ਪਾਸ ਹੋਣਗੀਆਂ, ਉਸ ਦਾ ਲੋਕਾਂ ਨੂੰ ਫਾਇਦਾ ਹੋਣ

ਦੇ ਚਾਂਸਿਜ਼ ਹੁੰਦੇ ਹੋਣਗੇ ਪਰ ਮੈਨੂੰ ਇਹ ਲੱਗਦਾ ਹੈ ਕਿ ਜੇਕਰ ਡਿਸਕਸ਼ਨ ਨਾਲ ਹੋਵੇ ਤਾਂ ਫਾਇਦਾ ਹੋਣ ਦੇ ਚਾਂਸਿਜ਼ ਵੱਧ ਜਾਣਗੇ। ਸੋ, ਅੱਗੇ ਤੋਂ ਇਹ ਯਕੀਨੀ ਬਣਾਇਆ ਜਾਵੇ ਕਿ ਬਿਲ ਜਿੰਨਾ ਪਹਿਲਾਂ ਲਿਆ ਸਕਦੇ ਹਾਂ, ਲਿਆਉ, as per provision 15 ਦਿਨ ਪਹਿਲਾਂ ਤਾਂ ਹੈ ਹੀ। (ਵਿਘਨ)

---

**PUNJAB GOODS AND SERVICES TAX (AMENDMENT) BILL, 2025**
***(Resumption)***

**ਮਾਣਯੋਗ ਸਪੀਕਰ** : ਹਾਂ ਜੀ, ਬਾਜਵਾ ਜੀ, ਤੁਸੀਂ ਕੁਝ ਕਹਿਣਾ ਚਾਹੁੰਦੇ ਹੋ?

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ):** ਸਪੀਕਰ ਸਾਹਿਬ, ਥੈਂਕ ਯੂ। ਇਹ ਜਿਹੜਾ ਪੰਜਾਬ ਗੁਡਜ਼ ਐਂਡ ਸਰਵਿਸਜ਼ ਅਮੈਂਡਮੈਂਟ ਬਿਲ ਹੈ, ਜਿਸ ਤਰ੍ਹਾਂ ਤੁਸੀਂ ਪਹਿਲਾਂ ਗੱਲ ਕਹੀ ਹੈ ਕਿ ਇਹ ਬਿਲ ਆਉਂਦੇ ਹੀ ਮੌਕੇ, ਪੈਰ ਤੇ ਹਨ। ਇਨ੍ਹਾਂ ਨੂੰ ਰਿਸਰਚ ਕਰਨ ਦਾ, ਪੜ੍ਹਨ ਦਾ ਟਾਈਮ ਘੱਟ ਹੀ ਮਿਲਦਾ ਹੈ। ਹੁਣ ਜਿਹੜੀ ਇਨ੍ਹਾਂ ਨੇ ਦੋ ਨੰਬਰ ਵਾਲੀ ਅਮੈਂਡਮੈਂਟ ਲਿਆਂਦੀ ਹੈ, ਇਹ ਜੇ ਕਿਸੇ ਨੂੰ ਵੀ ਤੁਸੀਂ ਪੜ੍ਹਾਉਣਾ ਚਾਹੋ ਤਾਂ ਮੇਰਾ ਖਿਆਲ ਕਿਸੇ ਇੱਕ ਬੰਦੇ ਨੂੰ ਵੀ ਇਸ ਦੀ ਸਮਝ ਨਹੀਂ ਆਵੇਗੀ ਕਿ ਇਹ ਹੈ ਕੀ? ਬਿਨਾਂ ਸੋਚ-ਸਮਝ ਇੱਥੇ ਅਸੀਂ ਸਾਰੇ ਚੁੱਪ ਹੋ ਕੇ ਬੈਠੇ ਰਹਿੰਦੇ ਹਾਂ। ਸਰ, ਇਸ ਤੇ ਕੱਲ੍ਹ ਚਿੰਦਬਰਮ ਸਾਹਿਬ ਦਾ ਇੱਕ ਆਰਟੀਕਲ ਆਇਆ ਹੈ, ਜਿਹੜੇ ਸੈਂਟਰ ਸਰਕਾਰ ਵਿੱਚ ਫਾਇਨਾਂਸ ਮਨਿਸਟਰ ਵੀ ਰਹੇ ਹਨ। ਜੇ ਤੁਸੀਂ ਇਜਾਜ਼ਤ ਦੇਵੋ ਤਾਂ ਇੱਕ ਸੈਕਿੰਡ ਲਈ ਮੈਂ ਉਸ ਦਾ ਇੱਕ ਪੈਰ੍ਹਾ ਪੜ੍ਹਨਾ ਚਾਹੁੰਦਾ ਹਾਂ। ਉਹ ਕਹਿੰਦੇ ਹਨ ਕਿ - Another hard reform is de-regulation. Everybody loves making rules and regulations - from law enforcement to tax administration. Ministers are briefed on the Bills but kept in the dark on rules, regulations, forms, notifications, guidelines, etc. That is how a perfectly good idea like GST ultimately became Gabbar Singh Tax. ਸਪੀਕਰ ਸਾਹਿਬ, ਮੈਂ ਤੁਹਾਡੀ ਤਵੱਜੋ ਚਾਹੁੰਦਾ ਹਾਂ। ਅਫਸਰ ਬੜੇ ਸਿਆਣੇ ਹਨ, ਤੁਹਾਨੂੰ ਪਤਾ ਹੈ, ਇਨ੍ਹਾਂ ਨੇ ਕਿਸੇ ਮਨਿਸਟਰ ਨੂੰ ਸਮਝ ਨਹੀਂ ਆਉਣ ਦੇਣੀ। ਸਰ, ਉਨ੍ਹਾਂ ਦਾ ਅੱਗੇ ਕਹਿਣਾ ਹੈ - The government will make a Big Reform if it will appoint an empowered authority armed with a machete to cut through the overgrowth of rules and regulations. ਕਹਿਣ ਦਾ ਮਤਲਬ ਜਿੰਨੇ ਕਾਇਦੇ-ਕਾਨੂੰਨ ਆਪਾਂ ਬਣਾਈ ਜਾ ਰਹੇ ਹਾਂ, ਆਮ ਲੋਕਾਂ ਵਾਸਤੇ ਬਹੁਤ ਵੱਡੀ ਮੁਸ਼ਕਲ ਆ ਰਹੀ ਹੈ। ਹੁਣ ਤੁਸੀਂ ਵੇਖੋ, ਜੇ ਮੋਦੀ ਸਾਹਿਬ ਦੀ ਸਰਕਾਰ ਦਾ ਹੀ ਵੇਖ ਲਈਏ, ਜਦੋਂ ਇਹ ਪਹਿਲੇ ਆਏ, ਉਦੋਂ ਪੋਸਟਰ ਲਗਵਾਏ, ਮਸ਼ਹੂਰੀਆਂ ਕਰਵਾਈਆਂ, ਕਰੋੜਾਂ ਰੁਪਏ ਖਰਚੇ ਗਏ। 55 ਲੱਖ ਕਰੋੜ ਤੋਂ ਵੱਧ ਪੈਸਾ ਲੈਣ ਤੋਂ ਬਾਅਦ ਹੁਣ ਇਸ ਤੇ ਫਿਰ ਦੀਵੇ ਬਾਲੇ ਜਾ ਰਹੇ ਹਨ। ਹੁਣ ਕਹਿ ਰਹੇ ਹਨ ਕਿ ਇਹ ਸਾਰਿਆਂ ਨਾਲੋਂ ਵੱਡਾ ਰਿਫਾਰਮ ਆ ਗਿਆ ਹੈ। ਸੋ, ਕਹਿਣ ਦਾ ਮਤਲਬ ਇਹ ਹੈ ਕਿ ਇੱਥੇ ਜਿਸ ਤਰ੍ਹਾਂ ਇਹ ਹੁਣ ਬਿਲ ਲੈ ਕੇ ਆਏ ਹਨ, ਤੁਸੀਂ ਕਿਸੇ ਮੈਂਬਰ ਨੂੰ ਇਹ ਪੜ੍ਹਾ ਲਵੋ, nobody understands ਕਿ ਇਸ ਦਾ ਮਤਲਬ ਕੀ ਹੈ। ਮੇਰੀ ਗੁਜ਼ਾਰਿਸ਼ ਇੰਨੀ ਹੈ ਕਿ ਜਿਸ ਤਰ੍ਹਾਂ ਚਿੰਦਬਰਮ ਸਾਹਿਬ ਨੇ ਕਿਹਾ ਹੈ, ਇਸ ਦੀ ਕੋਈ ਇੱਕ empowered committee ਬਣਾਈਏ। ਕੋਈ ਕਾਨੂੰਨ ਆ ਜਾਂਦਾ ਹੈ, ਜੇ ਉਸ ਵਿੱਚ ਵੀ ਕੋਈ ਸੋਧ ਕਰਨੀ ਹੋਵੇ, we can do it at a later stage. We should learn a lesson from the Central Government. They have already faced major backlash ਅਤੇ ਹੁਣ ਆ ਕੇ ਫਿਰ ਉਨ੍ਹਾਂ ਨੇ ਪੈਰ ਪਿਛਾਂਹ ਨੂੰ ਖਿੱਚੇ ਹਨ। ਸੋ, ਤੁਸੀਂ ਕੋਈ ਅਮੈਂਡਮੈਂਟ ਲਿਆਉ, ਅਸੀਂ ਤੁਹਾਡੀ ਮਦਦ ਕਰਨ ਨੂੰ ਤਿਆਰ ਹਾਂ but

ਇਸ ਵਿੱਚ ਕੋਈ ਨਾ ਕੋਈ ਇਹੋ ਜਿਹਾ ਕਾਇਦਾ-ਕਾਨੂੰਨ ਰੱਖੀਏ ਕਿ ਜੇ ਕੋਈ ਗਲਤ rules and regulations ਆਉਂਦੇ ਵੀ ਹਨ, ਉਨ੍ਹਾਂ ਤੇ ਵਿਚਾਰ ਕਰਨ ਲਈ ਕੋਈ ਇਹੋ ਜਿਹੀ ਕਮੇਟੀ ਹੋਵੇ, ਜਿਹੜੀ ਬਾਅਦ ਵਿੱਚ ਉਸ ਉੱਤੇ ਧਿਆਨ ਰੱਖ ਸਕੇ। Thank you, Sir.

**Mr. Speaker:** Thank you. ਮੈਨੂੰ ਲੱਗਦਾ ਹੈ ਕਿ ਵਿੱਤ ਮੰਤਰੀ ਸਾਹਿਬ ਸਮਝਾਉਣਾ ਚਾਹੁੰਦੇ ਹਨ। ਹਾਂ ਜੀ।

**ਆਬਕਾਰੀ ਅਤੇ ਕਰ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਮਾਣਯੋਗ ਸਪੀਕਰ ਸਾਹਿਬ, ਲੀਡਰ ਆਫ ਆਪੋਜ਼ੀਸ਼ਨ ਕਹਿ ਰਹੇ ਹਨ ਕਿ ਪੀ. ਚਿੰਦਬਰਮ ਜੀ ਨੇ ਲੇਖ ਲਿਖਿਆ ਹੈ ਅਤੇ ਜੀ.ਐਸ.ਟੀ. ਨੂੰ ਗੱਬਰ ਸਿੰਘ ਟੈਕਸ ਕਿਹਾ ਹੈ, ਬਿਲਕੁਲ ਠੀਕ ਹੈ ਪਰ ਸਵਾਲ ਇਹ ਹੈ ਕਿ ਇਹ ਪਰਪੋਜ਼ਲ ਕਿਸ ਦੀ ਹੈ? ਦੇਸ਼ ਵਿੱਚ ਇਹ ਪਰਪੋਜ਼ਲ ਸਾਲ 2006 ਵਿੱਚ ਪੀ. ਚਿੰਦਬਰਮ ਜੀ ਨੇ ਲਿਆਂਦੀ ਸੀ। ਜੀ.ਐਸ.ਟੀ. ਤੇ ਸਭ ਤੋਂ ਪਹਿਲਾਂ ਕਾਂਗਰਸ ਪਾਰਟੀ ਨੇ ਲੰਬਾ ਸਮਾਂ ਕੰਮ ਕੀਤਾ ਹੈ, ਉਸ ਤੋਂ ਬਾਅਦ ਕਿਸੇ ਨਾ ਕਿਸੇ ਵਿਰੋਧ ਕਰਕੇ ਰੁਕ ਗਿਆ। ਜਦੋਂ ਦੇਸ਼ ਅੰਦਰ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਈ ਤਾਂ One Nation, One Tax ਦੀ ਥਿਊਰੀ ਤੇ ਕੰਮ ਕੀਤਾ ਗਿਆ ਔਰ ਸਾਡੇ ਪੰਜਾਬ ਦੇ ਪੁਰਾਣੇ ਫਾਇਨਾਂਸ ਮਨਿਸਟਰ, ਸਤਿਕਾਰਯੋਗ ਬਾਦਲ ਸਾਹਿਬ ਨੇ ਉੱਥੇ ਜਾ ਕੇ ਹਾਮੀ ਭਰੀ ਕਿ One Nation, One Tax ਹੋਣਾ ਚਾਹੀਦਾ ਹੈ। Government of India ਨੇ ਇਸ ਗੱਲ ਦੀ ਐਸ਼ੋਰੈਂਸ ਦਿੱਤੀ ਕਿ ਅਸੀਂ ਸਟੇਟਾਂ ਨੂੰ ਕੰਪਨਸੇਸ਼ਨ ਦੇਵਾਂਗੇ ਜਦ ਤੱਕ ਸਟੇਟਾਂ ਦੀ ਇਕਾਨਮੀ ਸਟੇਬਲ ਨਹੀਂ ਹੋ ਜਾਂਦੀ। ਕੰਪਨਸੇਸ਼ਨ ਐਕਟ, 2017 ਦੇ ਸੈਕਸ਼ਨ 8 ਅਤੇ 9 ਵਿੱਚ ਲਿਖਿਆ ਹੈ ਕਿ ਜਦ ਤੱਕ ਸਟੇਟਾਂ ਦੀ ਇਕਾਨਮੀ ਸਟੇਬਲ ਨਹੀਂ ਹੋ ਜਾਂਦੀ, ਜਦ ਤੱਕ ਉਹ loss ਵਿੱਚ ਰਹਿਣੀਆਂ, ਸੈਂਟਰ ਲਗਾਤਾਰ ਕੰਪਨਸੇਸ਼ਨ ਸੈੱਸ ਦਿੰਦਾ ਰਹੇਗਾ। ਸਰ, 2017 ਤੋਂ ਲੈ ਕੇ 2022 ਤੱਕ 5 ਸਾਲ ਉਹ ਕੰਪਨਸੇਸ਼ਨ ਸੈੱਸ ਆਉਂਦਾ ਰਿਹਾ ਪਰ ਅਫਸੋਸ ਕਿ 2022 ਤੋਂ ਬਾਅਦ ਉਹ ਕੰਪਨਸੇਸ਼ਨ ਸੈੱਸ ਬੰਦ ਹੋ ਗਿਆ। ਜੇ ਆਪਾਂ ਪੰਜਾਬ ਦੇ ਰੈਵੇਨਿਊ ਨਿਊਟ੍ਰਲ ਰੇਟ ਦੀ ਗੱਲ ਕਰੀਏ, ਪੰਜਾਬ ਦਾ ਰੈਵੇਨਿਊ ਨਿਊਟ੍ਰਲ ਰੇਟ 2017 ਤੋਂ ਪਹਿਲਾਂ 18.3% ਸੀ ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਸੀ। ਟੈਕਸ ਕੁਲੈਕਸ਼ਨ ਵਿੱਚ ਦੇਸ਼ 14% ਤੇ ਚੱਲ ਰਿਹਾ ਸੀ ਔਰ ਪੰਜਾਬ 18.3% ਤੇ ਚੱਲ ਰਿਹਾ ਸੀ ਲੇਕਿਨ ਉਸ ਤੋਂ ਬਾਅਦ ਲਗਾਤਾਰ ਡਿਕਲਾਈਨ ਹੁੰਦਾ ਗਿਆ। ਅਸੀਂ 8 ਸਾਲ ਦਾ ਲੇਖਾ-ਜੋਖਾ ਕੀਤਾ ਅਤੇ ਅੱਜ ਪੁਜ਼ੀਸ਼ਨ ਇਹ ਹੈ ਕਿ ਜੀ.ਐਸ.ਟੀ. ਲਾਗੂ ਹੋਣ ਨਾਲ ਪੰਜਾਬ ਦੇ ਰੈਵੇਨਿਊ ਦਾ 1 ਲੱਖ 11 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ ਜਦਕਿ ਕੰਪਨਸੇਸ਼ਨ ਸੈੱਸ ਦੇ ਰੂਪ ਵਿੱਚ 61,000 ਕਰੋੜ ਰੁਪਿਆ ਸਾਨੂੰ ਪ੍ਰਾਪਤ ਹੋਇਆ ਹੈ। ਸੋ, ਜੀ.ਐਸ.ਟੀ. ਲਾਗੂ ਹੋਣ ਕਰਕੇ ਸਾਡਾ 50,000 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇਹ ਇਕੱਲੇ ਪੰਜਾਬ ਦੀ ਗੱਲ ਨਹੀਂ ਹੈ। ਇਹੀ ਲੜਾਈ ਕਰਨਾਟਕਾ ਵੀ ਲੜ ਰਿਹਾ ਹੈ। ਉੱਥੇ ਇਸ ਸਮੇਂ ਕਾਂਗਰਸ ਪਾਰਟੀ ਦਾ ਰਾਜ ਹੈ। ਇਹੀ ਲੜਾਈ ਹਿਮਾਚਲ, ਕੇਰਲਾ, ਤਾਮਿਲਨਾਡੂ ਵੀ ਲੜ ਰਹੇ ਹਨ। ਜਦੋਂ ਜੀ.ਐਸ.ਟੀ.-2 ਵਿੱਚ ਅਮੈਂਡਮੈਂਟ ਆਈ ਸੀ, ਅਸੀਂ ਸਾਰੀਆਂ ਸਟੇਟਾਂ ਲੜਾਈਆਂ ਲੜ ਰਹੀਆਂ ਸੀ ਕਿ ਕੰਪਨਸੈਸ਼ਨ ਸੈੱਸ ਕੰਟੀਨਿਊ ਕੀਤਾ ਜਾਵੇ। ਕੇਂਦਰ ਸਰਕਾਰ ਵਿੱਚ ਭਾਰਤੀ ਜਨਤਾ ਪਾਰਟੀ ਦਾ ਬਹੁਮਤ ਹੈ, ਇਸ ਲਈ ਉਥੇ ਕੋਈ ਸੁਣਦਾ ਨਹੀਂ ਹੈ। ਅਸੀਂ ਵੀ ਆਪਣੀ ਗੱਲ ਕਹਿ ਕੇ ਆ ਗਏ। ਪੰਜਾਬ ਕਿਉਂਕਿ agrarian state ਹੈ, ਇਸ ਕਰਕੇ ਪੰਜਾਬ ਵਿੱਚ ਪਰਚੇਜ਼ ਟੈਕਸ ਲੱਗਾ ਹੋਇਆ ਸੀ ਅਤੇ ਹਰ ਸਾਲ ਪੰਜਾਬ ਨੂੰ ਉਸ ਪਰਚੇਜ਼ ਟੈਕਸ ਤੋਂ 3500-3600 ਕਰੋੜ ਰੁਪਏ ਆ ਜਾਂਦਾ ਸੀ। ਕੇਵਲ ਪਰਚੇਜ਼ ਟੈਕਸ ਦਾ ਹੀ ਹੁਣ ਤੱਕ ਘੱਟੋ ਘੱਟ 25-30 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋ ਗਿਆ ਹੈ। ਮੈਂ ਸਮਝਦਾ ਹਾਂ ਕਿ ਜਿਸ ਸਮੇਂ ਕਾਂਗਰਸ ਪਾਰਟੀ ਨੇ thought develop ਕੀਤਾ ਕਿ One Nation One Tax ਦੀ theory ਆਉਣੀ ਚਾਹੀਦੀ ਹੈ, ਉਸ ਸਮੇਂ ਕਿਹੜੇ progressive ਸਟੇਟਸ ਹਨ ਅਤੇ ਕਿਹੜੇ ਸਟੇਟ non-

progressive ਹਨ, ਉਨ੍ਹਾਂ ਬਾਰੇ ਸੋਚਣਾ ਚਾਹੀਦਾ ਸੀ। ਜਿਹੜੇ ਪ੍ਰੋਗਰੈਸਿਵ ਸਟੇਟਸ ਹਨ, ਉਹ ਅੱਜ ਬਿਮਾਰੂ ਬਣ ਗਏ ਹਨ ਅਤੇ ਜਿਹੜੇ ਬਿਮਾਰੂ ਸਟੇਟ ਸਨ, ਉਹ ਪ੍ਰੋਗਰੈਸਿਵ ਸਟੇਟ ਬਣ ਗਏ ਹਨ। ਜੀ.ਐਸ.ਟੀ. destination based tax ਹੈ, consumer based tax ਹੈ। ਜਿੱਥੇ consumption ਜ਼ਿਆਦਾ ਹੋਵੇਗੀ, ਉੱਥੇ ਟੈਕਸ ਕੁਲੈਕਸ਼ਨ ਜ਼ਿਆਦਾ ਹੋਵੇਗੀ ਪਰ ਪੰਜਾਬ ਨੂੰ ਇਸ ਗੱਲ ਦਾ ਖਮਿਆਜ਼ਾ ਭੁਗਤਣਾ ਪੈਂਦਾ ਹੈ ਕਿ ਇਸ ਦੀ ਪਾਪੂਲੇਸ਼ਨ ਘੱਟ ਹੈ। ਕੇਰਲਾ, ਕਰਨਾਟਕਾ ਨੂੰ ਵੀ ਇਸ ਗੱਲ ਦਾ ਖਮਿਆਜ਼ਾ ਭੁਗਤਣਾ ਪੈਂਦਾ ਹੈ ਕਿਉਂਕਿ ਉਹ ਪ੍ਰੋਡਕਸ਼ਨ ਸਟੇਟਾਂ ਹਨ। ਉਹ ਕਿਸੇ ਸਮੇਂ ਅਗਾਂਹਵਧੂ ਸਟੇਟ ਸਨ ਲੇਕਿਨ ਅੱਜ ਉਨ੍ਹਾਂ ਦੀ ਇਕਾਨਮੀ ਦੇਸ਼ ਭਰ ਵਿੱਚ destablize ਹੋ ਰਹੀ ਹੈ। ਮੈਂ ਮੈਡਮ ਨਿਰਮਲਾ ਸੀਤਾਰਮਨ ਜੀ ਸਾਹਮਣੇ ਬਹੁਤ ਬੋਲ ਕੇ ਆਇਆ ਹਾਂ ਕਿ ਸਾਡੀਆਂ ਸਟੇਟਾਂ ਦੀ ਇਕਾਨਮੀ ਨੂੰ ਤੁਸੀਂ destablize ਨਾ ਕਰੋ। ਇਹ ਫੈਡਰਲ ਸਟਰੱਕਚਰ ਹੈ, ਇਸ ਫੈਡਰਲ ਸਟਰੱਕਚਰ ਵਿੱਚ ਜੇਕਰ ਸਟੇਟਾਂ ਦੀ ਇਕਾਨਮੀ ਤਹਿਸ ਨਹਿਸ ਹੋ ਗਈ ਤਾਂ ਸਟੇਟ ਟੁੱਟ ਜਾਣਗੇ। ਸਟੇਟਸ ਮਿਉਂਸਿਪਲ ਕਮੇਟੀਆਂ ਬਣ ਜਾਣਗੀਆਂ ਅਤੇ ਸੈਂਟਰ ਸਾਹਮਣੇ ਜਾ ਕੇ ਖੜ੍ਹ ਜਾਇਆ ਕਰਨਗੀਆਂ ਕਿ ਪੈਸੇ ਦੇ ਦਿਉ ਜੀ। ਅੱਜ ਪੰਜਾਬ ਵਿੱਚ ਇਹ ਹਾਲਾਤ ਬਣੇ ਪਏ ਹਨ। ਸੋ, ਮੇਰੇ ਕਹਿਣ ਦਾ ਭਾਵ ਹੈ ਕਿ ਭਾਰਤੀ ਜਨਤਾ ਪਾਰਟੀ ਦੇਸ਼ ਅੰਦਰ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੁਆਰਾ ਬਣਾਏ ਗਏ ਸੰਵਿਧਾਨ ਨੂੰ ਇੱਕ ਇੱਕ ਕਰਕੇ, ਬੜੀ ਬਾਰੀਕੀ ਨਾਲ ਖਤਮ ਕਰ ਰਹੀ ਹੈ। ਕਦੇ ਕਹਿ ਦਿੰਦੇ ਹਨ One Nation One Election ਅਤੇ ਕਦੇ One Nation One Tax ਕਹਿ ਦਿੰਦੇ ਹਨ। ਇਹ ਸਾਰੀਆਂ ਥਿਊਰੀਆਂ ਉਧਰ ਨੂੰ ਜਾ ਰਹੀਆਂ ਹਨ। ਸੋ, ਅਸੀਂ ਤਾਂ ਲਗਾਤਾਰ ਇਸ ਦਾ ਵਿਰੋਧ ਕਰਦੇ ਹਾਂ ਲੇਕਿਨ ਸ਼ੁਰੂਆਤੀ ਦੌਰ ਤੇ ਇਹ ਕੰਡੇ ਕਾਂਗਰਸ ਪਾਰਟੀ ਵੱਲੋਂ ਬੀਜੇ ਗਏ ਸਨ, ਉਸ ਤੋਂ ਅੱਗੇ ਫਿਰ ਭਾਰਤੀ ਜਨਤਾ ਪਾਰਟੀ ਲੈ ਕੇ ਗਈ। ਮੈਂ ਲੀਡਰ ਆਫ ਆਪੋਜੀਸ਼ਨ ਨੂੰ ਦੱਸ ਦਿਆਂ ਕਿ ਇਹ ਅਮੈਂਡਮੈਂਟ ਟੈਕਨੀਕਲ ਅਮੈਂਡਮੈਂਟਸ ਨਹੀਂ ਹੈ। ਦੋ ਡੈਫੀਨੇਸ਼ਨਾਂ ਦੀਆਂ ਅਮੈਂਡਮੈਂਟਸ ਹਨ। ਪੜ੍ਹ ਲਉ, ਕਲਾਜ਼ 61 ਦੀ ਸੈਕਸ਼ਨ 2 ਵਿੱਚ ਲਿਖਿਆ ਹੈ ਤੇ Sub Clause C of the Clause 69 ਦਾ ਸੈਕਸ਼ਨ 2 ਹੈ, ਜਿਸ ਵਿੱਚ “Municipal or Local Fund” with “Municipal Fund or Local Fund” ਨੂੰ ਐਡ ਕੀਤਾ ਗਿਆ ਹੈ। ਡੈਫੀਨੇਸ਼ਨ ਵਿੱਚ ਇਨ੍ਹਾਂ ਕਲਾਜ਼ਾਂ ਨੂੰ ਐਡ ਕੀਤਾ ਗਿਆ ਹੈ। ਸੋ, ਜਿਹੜੀਆਂ ਅਮੈਂਡਮੈਂਟਸ ਜੀ.ਐਸ.ਟੀ. ਕੌਂਸਲ ਵਿੱਚ ਪਾਸ ਹੁੰਦੀਆਂ ਹਨ, ਉਨ੍ਹਾਂ ਨੂੰ ਗੌਰਮਿੰਟ ਆਫ ਇੰਡੀਆ ਪਾਸ ਕਰਦੀ ਹੈ ਅਤੇ ਫਿਰ ਸਟੇਟਾਂ ਲਈ ਜ਼ਰੂਰੀ ਹੋ ਜਾਂਦੀਆਂ ਹਨ। ਅਸੀਂ ਜੇ ਇਹ ਪਾਸ ਨਹੀਂ ਕਰਾਂਗੇ ਤਾਂ ਸਾਡਾ further ਹੋਰ loss ਹੋਵੇਗਾ। ਹੁਣ ਦੋ ਸਲੈਬਾਂ ਬਣੀਆਂ ਹਨ। ਪਹਿਲਾਂ ਪੰਜ ਸਲੈਬਾਂ ਸਨ, ਕਹਿਣ ਨੂੰ 4 ਸਲੈਬ ਸੀ ਪਰ 5 ਸਲੈਬਾਂ ਸੀ। ਇਹ ਸਲੈਬਾਂ ਕਿਹੜੀਆਂ ਸਨ - 5, 12, 18, 28 ਤੇ ਇੱਕ Special Slab for Compensation Cess. ਹੁਣ ਕਿੰਨੀਆਂ ਹੋ ਗਈਆਂ? ਹੁਣ 2 ਸਲੈਬਾਂ ਹੋ ਗਈਆਂ ਹਨ। ਇੱਕ 5 ਅਤੇ ਇੱਕ 12, ਤੀਜੀ ਸਲੈਬ ਕਿਹੜੀ ਹੈ? ਇਹ ਠੀਕ ਹੈ ਕਿ Sin Goods ਤੇ special slab 40 ਪ੍ਰਤੀਸ਼ਤ ਹੈ ਇਸ ਦੀ ਬਜਾਏ 50 ਕਰ ਦਿਉ ਜਾਂ 60 ਪ੍ਰਤੀਸ਼ਤ ਕਰ ਦਿਉ ਕਿਉਂਕਿ ਇਹ ਸਿਹਤ ਲਈ ਹਾਨੀਕਾਰਕ ਚੀਜ਼ਾਂ ਤੇ ਲੱਗੀ ਹੋਈ ਹੈ। ਹੁਣ ਜਿਹੜਾ ਜੀ.ਐਸ.ਟੀ.-2 ਆਇਆ ਹੈ, ਇਹ ਠੀਕ ਹੈ ਕਿ ਇਸ ਨਾਲ ਲੋਕਾਂ ਤੇ ਵਜ਼ਨ ਘਟਿਆ ਹੈ ਪਰ ਇੱਕ ਵਾਰ ਫਿਰ ਸਟੇਟ ਦੀ ਇਕਾਨਮੀ ਤੇ ਸੱਟ ਵੱਜੀ ਹੈ। ਸਟੇਟਾਂ ਦਾ ਰੈਵੀਨਿਊ ਫਿਰ ਘਾਟੇ ਵਿੱਚ ਜਾਵੇਗਾ। ਮੈਂ ਜੇਕਰ ਪੰਜਾਬ ਦੀ ਗੱਲ ਕਰਾਂ ਤਾਂ ਸਾਡਾ 6 ਹਜ਼ਾਰ ਕਰੋੜ ਰੁਪਏ ਦਾ ਮੁੱਢਲਾ ਅਨੁਮਾਨ ਲੱਗਿਆ ਹੈ ਕਿ ਹਰ ਸਾਲ 6 ਹਜ਼ਾਰ ਕਰੋੜ ਰੁਪਏ ਦਾ ਹੋਰ ਵਿੱਤੀ ਘਾਟਾ ਪਵੇਗਾ। ਇਸ ਸਾਲ ਵੀ ਤਿੰਨ ਹਜ਼ਾਰ ਕਰੋੜ ਰੁਪਏ ਘਾਟਾ ਹੋਣ ਦੀ ਉਮੀਦ ਹੈ ਲੇਕਿਨ ਅਸੀਂ ਆਪਣੇ ਸਾਧਨ ਜੁਟਾ ਰਹੇ ਹਾਂ ਕਿ ਇਹ ਘਾਟਾ ਨਾ ਪਵੇ। ਸੋ, ਮੇਰੀ ਬੇਨਤੀ ਹੈ ਕਿ ਇਹ ਬਿਲ ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ**: ਮੰਤਰੀ ਜੀ, ਤੁਹਾਡੀ ਗੱਲ ਤੋਂ ਇਹ ਗੱਲ ਆਈ ਹੈ ਕਿ ਇਸ ਦਾ ਮਤਲਬ ਸਾਨੂੰ ਜੀ.ਐਸ.ਟੀ. ਤੋਂ ਵੱਧ ਬੈਨੀਫਿਟ ਲੈਣ ਵਾਸਤੇ ਜਨਸੰਖਿਆ ਵਧਾਉਣੀ ਪੈਣੀ ਹੈ। ਉਹ ਤਾਂ ਫਿਰ ਅਸੀਂ ਹੀ, ਪੰਜਾਬੀਆਂ ਨੇ ਹੀ ਵਧਾਉਣੀ ਹੈ। ਸੋ, ਇਸ ਮੁਤੱਲਕ ਵਿਚਾਰ ਕਰਨ। (ਹਾਸਾ)

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਗੁਡਜ਼ ਐਂਡ ਸਰਵਿਸਜ਼ ਟੈਕਸ (ਸੋਧ) ਬਿਲ, 2025 ’ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 15**

**ਮਾਣਯੋਗ ਸਪੀਕਰ :** ਕਿਉਂਜੋ ਕਲਾਜਾਂ 2 ਤੋਂ 15 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 15 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਆਬਕਾਰੀ ਅਤੇ ਕਰ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) :** ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਗੁਡਜ਼ ਐਂਡ ਸਰਵਿਸਜ਼ ਟੈਕਸ (ਸੋਧ) ਬਿਲ, 2025 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਗੁਡਜ਼ ਐਂਡ ਸਰਵਿਸਜ਼ ਟੈਕਸ (ਸੋਧ) ਬਿਲ, 2025 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਗੁਡਜ਼ ਐਂਡ ਸਰਵਿਸਜ਼ ਟੈਕਸ (ਸੋਧ) ਬਿਲ, 2025 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---

## EXTENSION OF TIME OF THE SITTING OF THE HOUSE

**ਮਾਣਯੋਗ ਸਪੀਕਰ :** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਅੱਜ ਦੀ ਬੈਠਕ ਲਈ ਨਿਯਤ ਕੰਮ-ਕਾਰ ਖਤਮ ਹੋਣ ਤੱਕ ਸਦਨ ਦਾ ਸਮਾਂ ਵਧਾ ਲਿਆ ਜਾਵੇ?

**(ਅਵਾਜਾਂ:** ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ:** ਅੱਜ ਦੀ ਬੈਠਕ ਲਈ ਨਿਯਤ ਕੰਮ-ਕਾਰ ਖਤਮ ਹੋਣ ਤੱਕ ਸਦਨ ਦਾ ਸਮਾਂ ਵਧਾਇਆ ਜਾਂਦਾ ਹੈ।

---

## 4.THE PUNJAB APARTMENT AND PROPERTY REGULATION (AMENDMENT) BILL, 2025

**ਮਾਣਯੋਗ ਸਪੀਕਰ :** ਮੰਤਰੀ ਜੀ ਬਿਲ ਪੇਸ਼ ਕਰਨਗੇ।

**ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ (ਸਰਦਾਰ ਹਰਦੀਪ ਸਿੰਘ ਮੁੰਡੀਆਂ) :** ਸ਼੍ਰੀਮਾਨ ਜੀ, ਮੈਂ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਬਿਲ, 2025 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਸਰਦਾਰ ਪਰਗਟ ਸਿੰਘ ਜੀ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ) :** ਸਪੀਕਰ ਸਾਹਿਬ, ਮੰਤਰੀ ਸਾਹਿਬ ਬਹੁਤ ਸਿਆਣੇ ਹਨ, ਜਿਨ੍ਹਾਂ ਨੇ ਇਹ ਬਿਲ ਲਿਆਂਦਾ ਹੈ। ਮੈਨੂੰ ਲਗਦਾ ਹੈ ਕਿ RERA ਵਿੱਚ ਬਾਕੀ ਸਾਰੀਆਂ ਕਲਾਜਿਜ਼ ਹਨ ਲੇਕਿਨ ਜਿਹੜੀ 35% ਦੀ ਗਾਰੰਟੀ ਹੈ, ਉਸ ਨਾਲ ਛੋਟੇ ਡਿਵੈਲਪਰ ਤੇ ਅਸਰ ਪਵੇਗਾ। ਜਦੋਂ ਛੋਟਾ ਡਿਵੈਲਪਰ ਮਾਰਕੀਟ ਵਿਚੋਂ ਨਿਕਲ ਜਾਵੇਗਾ ਤਾਂ ਫੇਰ ਵੱਡੇ ਡਿਵੈਲਪਰ ਆਪਣੇ ਹਿਸਾਬ ਨਾਲ ਚੱਲਣਗੇ। ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਗੁਜਾਰਿਸ਼ ਹੈ ਕਿ ਜਿੰਨੀਆਂ ਸਾਡੀਆਂ ਅਥਾਰਟੀਜ਼ ਹਨ, ਆਪਾਂ ਇਨ੍ਹਾਂ ਨੂੰ ਸਮਾਂ-ਬੱਧ ਕਰੀਏ। ਜਿੰਨੇ ਵੀ ਪ੍ਰਾਜੈਕਟ ਬਣਾਉਣੇ ਹੁੰਦੇ ਹਨ, ਜਿੰਨਾ ਚਿਰ ਉਹ ਸਮਾਂ-ਬੱਧ ਨਹੀਂ ਹੁੰਦੇ, ਕੰਮ ਠੀਕ ਨਹੀਂ ਹੋਣਾ। ਇਨ੍ਹਾਂ ਸਬੰਧੀ ਕੇਸ ਵੀ ਕਈ ਵਾਰ 8-10 ਮਹੀਨੇ ਪਏ ਰਹਿੰਦੇ ਹਨ, RERA ਵਾਲੇ ਵੀ ਲਗਭਗ ਸਾਲ-ਸਾਲ ਲੰਘਾ ਦਿੰਦੇ ਹਨ। ਸੋ, ਇਨ੍ਹਾਂ ਅਥਾਰਟੀਜ਼ ਨੂੰ ਜੇਕਰ ਅਸੀਂ ਠੀਕ ਕਰੀਏ ਤਾਂ ਜ਼ਿਆਦਾ ਬਿਹਤਰ ਹੋਵੇਗਾ। ਖੈਰ, ਇਹ ਦੋ ਬੰਦਿਆਂ ਨੇ ਰਲ਼ ਕੇ ਬਣਾਇਆ ਹੈ, ** ਅਤੇ ** ਸਿਆਣੇ ਹਨ। ਮੈਨੂੰ ਲੱਗਦਾ ਹੈ ਕਿ ਉਨ੍ਹਾਂ ਨੇ ਸਾਰਾ ਕੁਝ ਠੀਕ ਕੀਤਾ ਹੋਵੇਗਾ। ਇਸ ਤੋਂ ਇਲਾਵਾ ਜਿਹੜੀ ਲੈਂਡ ਪੂਲਿੰਗ ਪਾਲਿਸੀ ਲਿਆਂਦੀ ਗਈ ਸੀ, ਉਸ ਬਾਰੇ ਵੀ ਮੰਤਰੀ ਸਾਹਿਬ ਜ਼ਰੂਰ ਸਪੱਸ਼ਟੀਕਰਨ ਦੇਣ ਕਿ ਇਨ੍ਹਾਂ ਦੀ ਆਪਸ ਵਿੱਚ ਕਲੱਬਿੰਗ ਹੈ ਜਾਂ ਅਲੱਗ-ਅਲੱਗ ਹਨ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਹਾਊਸ ਦੇ ਮੈਂਬਰ ਨਹੀਂ ਹਨ ਅਤੇ ਜਿਨ੍ਹਾਂ ਦੇ ਨਾਵਾਂ ਦਾ ਮੈਂਬਰ ਸਾਹਿਬ ਨੇ ਜ਼ਿਕਰ ਕੀਤਾ ਹੈ, ਉਨ੍ਹਾਂ ਦੇ ਨਾਂ ਐਕਸਪੰਜ ਕਰ ਦਿੱਤੇ ਜਾਣ। ਜਿਨ੍ਹਾਂ ਦੇ ਨਾਮ ਲਏ ਗਏ ਹਨ, ਉਹ ਹਾਊਸ ਦੇ ਮੈਂਬਰ ਨਹੀਂ ਹਨ।

---

** Expunged as ordered by the Chair.

**ਮਾਣਯੋਗ ਸਪੀਕਰ** : ਜਿਹੜੇ ਸਦਨ ਦੇ ਮੈਂਬਰ ਨਹੀਂ ਹਨ, ਉਨ੍ਹਾਂ ਦਾ ਨਾਂ ਐਕਸਪੰਜ ਕੀਤਾ ਜਾਵੇ। ਹਾਂ ਜੀ, ਬੁੱਧ ਰਾਮ ਜੀ।

**ਪ੍ਰਿੰਸੀਪਲ ਬੁੱਧ ਰਾਮ (ਬੁਢਲਾਡਾ, ਐਸ.ਸੀ.)** : ਸਪੀਕਰ ਸਾਹਿਬ, ਧੰਨਵਾਦ। ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਐਕਟ, 2025 ਵਿੱਚ ਸੋਧ ਕਰਨ ਦਾ ਪ੍ਰਸਤਾਵ ਆਇਆ ਹੈ, ਇਸ ਨੂੰ ਪਾਪਰਾ ਐਕਟ ਵੀ ਕਿਹਾ ਜਾਂਦਾ ਹੈ। ਇਹ ਠੀਕ ਹੈ ਕਿ ਇਹ ਜਿਹੜੇ promoter ਹਨ, ਉਨ੍ਹਾਂ ਕੋਲ 35% ਖੇਤਰ ਦੀ ਮਾਲਕੀ ਹੋਣੀ ਚਾਹੀਦੀ ਹੈ ਅਤੇ ਬਾਕੀ ਦਾ ਜਿਹੜਾ 65% ਖੇਤਰ ਹੈ, ਉਸ ਬਾਰੇ ਸਹਿਮਤੀ ਜਾਂ ਸਮਝੌਤਾ ਚੱਲ ਸਕਦਾ ਹੈ। ਕਈ ਵਾਰੀ ਬਾਅਦ ਵਿੱਚ ਆਪਸੀ ਸਹਿਮਤੀ ਖਤਮ ਹੋ ਜਾਂਦੀ ਹੈ। ਡਿਵੈਲਪਰ ਦਾ ਤਾਂ ਉਸ ਵਿੱਚ ਨੁਕਸਾਨ ਹੁੰਦਾ ਹੀ ਹੈ ਪ੍ਰੰਤੂ ਵੱਡਾ ਨੁਕਸਾਨ ਉਥੇ ਪਲਾਟ ਜਾਂ ਫਲੈਟ ਲੈਣ ਵਾਲੇ ਆਮ ਲੋਕਾਂ ਦਾ ਹੁੰਦਾ ਹੈ। ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਐਕਟ ਦੇ ਪਾਸ ਹੋਣ ਨਾਲ ਪ੍ਰਮੋਟਰਾਂ ਤੋਂ ਬਕਾਏ ਦੀ ਵਸੂਲੀ ਸਬੰਧੀ ਪ੍ਰਕਿਰਿਆ ਮਜ਼ਬੂਤ ਹੋਵੇਗੀ। ਇਸ ਨਾਲ ਸਰਕਾਰ ਨੂੰ ਫੰਡ ਆਵੇਗਾ ਅਤੇ ਆਮਦਨ ਵੀ ਹੋਵੇਗੀ ਪਰ ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਆਮ ਲੋਕ ਜਿਨ੍ਹਾਂ ਨੇ ਉਥੇ ਪਲਾਟ ਜਾਂ ਫਲੈਟ ਲਏ ਹੁੰਦੇ ਹਨ, ਉਨ੍ਹਾਂ ਨੂੰ ਫਲੈਟਾਂ ਦੀ ਅਲਾਟਮੈਂਟ ਸਬੰਧੀ ਵੀ ਸਖਤ ਕਾਨੂੰਨ ਹੋਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਨੂੰ ਸਮੇਂ ਸਿਰ possession ਮਿਲ ਜਾਵੇ। ਮੇਰਾ ਇੱਕ ਦੋਸਤ ਮਸ਼ਿੰਦਰ ਸਿੰਘ ਹੈ, ਜੋ ਕਿ ਮੁਲਾਜ਼ਮ ਹੈ। ਉਸ ਨੇ ਸਾਲ 2005 ਵਿੱਚ ਇੱਕ ਪਲਾਟ ਲਿਆ ਸੀ। ਉਹ ਬੰਦਾ ਸਾਲ 2021 ਵਿੱਚ ਰਿਟਾਇਰ ਹੋ ਗਿਆ ਅਤੇ ਹੁਣ ਸਾਲ 2025 ਚੱਲ ਰਿਹਾ ਹੈ। ਉਸ ਨੂੰ 20 ਸਾਲ ਹੋ ਗਏ ਹਨ ਪਰ ਉਸ ਨੂੰ ਆਪਣੇ ਫਲੈਟ ਦੀ ਮਾਲਕੀ ਨਹੀਂ ਮਿਲੀ। ਇਸੇ ਤਰ੍ਹਾਂ ਹੀ ਠੱਗੀਆਂ ਵੱਜਦੀਆਂ ਹਨ। ਜਿਹੜੇ ਪ੍ਰਮੋਟਰ ਹਨ ਜਾਂ ਡਿਵੈਲਪਰ ਹਨ, ਉਨ੍ਹਾਂ ਲਈ ਸਖਤ ਕਾਨੂੰਨ ਹੋਣਾ ਚਾਹੀਦਾ ਹੈ ਤਾਂ ਕਿ ਸਮੇਂ ਸਿਰ ਉਨ੍ਹਾਂ ਖਿਲਾਫ ਕਾਰਵਾਈ ਹੋਵੇ। ਕੋਈ ਮੁਲਾਜ਼ਮ ਜ਼ਿੰਦਗੀ ਭਰ ਦੀ ਕਮਾਈ ਲਗਾ ਕੇ ਪਲਾਟ ਜਾਂ ਫਲੈਟ ਲੈਂਦਾ ਹੈ, ਉਸ ਨੂੰ ਸਮੇਂ ਸਿਰ ਆਪਣਾ ਫਲੈਟ ਤੇ ਪਲਾਟ ਮਿਲਣਾ ਚਾਹੀਦਾ ਹੈ।

ਸਪੀਕਰ ਸਾਹਿਬ, ਮੈਂ ਤੁਹਾਨੂੰ ਇੱਕ ਹੋਰ ਵੱਡੀ ਠੱਗੀ ਬਾਰੇ ਦੱਸਦਾ ਹਾਂ। ਸੰਨੀ ਐਨਕਲੇਵ ਦੇ ਪਰਲੇ ਪਾਸੇ ਬਾਜਵਾ ਡਿਵੈਲਪਰ ਜੋ ਕਲੋਨੀ ਕੱਟ ਰਹੇ ਹਨ, ਉਥੇ ਕੋਠੀਆਂ ਵੀ ਬਣ ਗਈਆਂ ਹਨ ਪ੍ਰੰਤੂ ਉਨ੍ਹਾਂ ਕੋਠੀਆਂ ਲਈ ਬਿਜਲੀ ਦੇ ਮੀਟਰ ਨਹੀਂ ਲੱਗ ਰਹੇ। ਉਨ੍ਹਾਂ ਬੰਦਿਆਂ ਨੇ ਇਹ ਗੱਲ ਕਹੀ ਕਿ ਸਾਡੇ ਘਰਾਂ ਵਾਸਤੇ ਬਿਜਲੀ ਦੇ ਮੀਟਰ ਲਗਾ ਦਿਉ, ਭਾਵੇਂ ਸਾਨੂੰ ਕਮਰਸ਼ੀਅਲ ਰੇਟ ਤੇ ਹੀ ਲਗਵਾ ਦਿਉ। ਜਿਹੜੀ 600 ਯੂਨਿਟ ਬਿਜਲੀ ਮੁਆਫ ਹੁੰਦੀ ਹੈ, ਬੇਸ਼ੱਕ ਉਹ ਸਹੂਲਤ ਵੀ ਸਾਨੂੰ ਨਾ ਦਿੱਤੀ ਜਾਵੇ। ਸਰ, ਉਸ ਸ਼ਰਤ ਉਤੇ ਵੀ ਮੀਟਰ ਉਥੇ ਨਹੀਂ ਲੱਗਦੇ। ਮੈਂ ਉਨ੍ਹਾਂ ਤੋਂ ਪੁੱਛਿਆ ਕਿ ਫਿਰ ਤੁਸੀਂ ਬਿਜਲੀ ਕਿੱਥੋ ਲੈਂਦੇ ਹੋ। ਉਨ੍ਹਾਂ ਨੇ ਦੱਸਿਆ ਕਿ ਬਾਜਵਾ ਨੇ ਇਕੱਠੇ 20-25 ਕੁਨੈਕਸ਼ਨ ਲਏ ਹੋਏ ਹਨ। ਉਨ੍ਹਾਂ ਕੁਨੈਕਸ਼ਨਾਂ ਤੋਂ ਸਾਡੇ ਲਈ ਬਿਜਲੀ ਦੀ ਤਾਰ ਜਾਂਦੀ ਹੈ। ਉਨ੍ਹਾਂ ਕੁਨੈਕਸ਼ਨਾਂ ਦਾ ਬਿਲ ਬਾਜਵਾ ਡਿਵੈਲਪਰ ਦੇ ਨਾਂ ਤੇ ਜਾਂਦਾ ਹੈ ਅਤੇ ਅਸੀਂ ਉਸ ਕੋਲ ਆਪਣੇ ਬਿਲ ਭਰ ਰਹੇ ਹਾਂ। ਤੁਸੀਂ ਦੇਖੋ ਕਿ ਪੰਜਾਬ ਬਿਜਲੀ ਬੋਰਡ ਨੂੰ ਕਿੰਨਾ ਵੱਡਾ ਘਾਟਾ ਪੈ ਰਿਹਾ ਹੈ। ਜੇਕਰ ਉਨ੍ਹਾਂ ਕੋਠੀਆਂ ਦੇ ਨਿੱਜੀ ਕੁਨੈਕਸ਼ਨ ਲੱਗ ਜਾਣ ਤਾਂ ਸਰਕਾਰ ਨੂੰ ਆਮਦਨ ਹੋਵੇਗੀ ਪ੍ਰੰਤੂ ਹੁਣ ਆਮਦਨ ਕਿਸ ਨੂੰ ਹੋ ਰਹੀ ਹੈ? ਉਹ ਮਿਸਟਰ ਬਾਜਵਾ ਦੀ ਕੰਪਨੀ ਨੂੰ ਹੋ ਰਹੀ ਹੈ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਮੰਤਰੀ ਜੀ ਤੇ ਪੰਜਾਬ ਸਰਕਾਰ ਇਸ ਸਬੰਧੀ ਕੋਈ ਇਨਕੁਆਰੀ ਬਿਠਾਵੇ ਤਾਂ ਕਿ ਲੋਕਾਂ ਦੇ ਆਪਣੇ ਮੀਟਰ ਲੱਗ ਜਾਣ ਅਤੇ ਉਨ੍ਹਾਂ ਨੂੰ ਕਮਰਸ਼ੀਅਲ ਰੇਟ ਦੀ ਥਾਂ 'ਤੇ ਡੋਮੈਸਟਿਕ ਰੇਟ ਤੇ ਬਿਜਲੀ ਮਿਲ ਸਕੇ। ਉਨ੍ਹਾਂ ਦਾ ਕਸੂਰ ਨਹੀਂ ਹੈ, ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਤੁਹਾਡੀ ਕਾਲੋਨੀ ਮਨਜ਼ੂਰ ਨਹੀਂ ਹੋਈ। ਇਸ ਵਿੱਚ ਅਸਲ ਵਿੱਚ ਕਿਸ ਦਾ ਕਸੂਰ ਹੈ ਜੀ? ਉਥੇ ਕੋਠੀਆਂ ਬਣ ਗਈਆਂ ਹਨ। ਸੋ, ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਆਪਾਂ ਨੂੰ ਇਸ ਐਕਟ ਦੇ ਨਾਲ ਇੱਕ ਇਹੋ

ਜਿਹਾ ਐਕਟ ਵੀ ਲਿਆਉਣਾ ਚਾਹੀਦਾ ਹੈ, ਜਿਸ ਨਾਲ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਭਰ ਦੀ ਕਮਾਈ ਘਰਾਂ ਉੱਤੇ ਲਗਾਈ ਹੈ, ਉਨ੍ਹਾਂ ਨੂੰ ਆਪਣੀਆਂ ਕੀਤੀਆਂ ਕਮਾਈਆਂ ਦਾ ਫਾਇਦਾ ਹੋ ਸਕੇ ਅਤੇ ਉਹ ਲੋਕ ਆਪਣਾ ਜੀਵਨ ਸੁੱਖੀ-ਸਾਂਦੀ ਬਤੀਤ ਕਰ ਸਕਣ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਹਾਂ ਜੀ। ਸ੍ਰੀ ਵਿਕਰਮਜੀਤ ਸਿੰਘ ਜੀ, ਕੀ ਤੁਸੀਂ ਕੁਝ ਕਹਿਣਾ ਚਾਹੁੰਦੇ ਹੋ? ਇਨ੍ਹਾਂ ਤੋਂ ਬਾਅਦ ਮੰਤਰੀ ਸਾਹਿਬ ਨੇ ਬੋਲਣਾ ਹੈ।

**ਸਰਦਾਰ ਵਿਕਰਮਜੀਤ ਸਿੰਘ ਚੌਧਰੀ (ਫਿਲੌਰ, ਐਸ.ਸੀ.):** ਸਪੀਕਰ ਸਾਹਿਬ, ਧੰਨਵਾਦ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਅਤੇ ਖਾਸ ਕਰਕੇ ਜਿਹੜਾ ਨਿਊ ਚੰਡੀਗੜ੍ਹ ਏਰੀਆ ਹੈ, ਉਥੇ ਓਮੈਕਸ ਨਾਂ ਦੀ ਇੱਕ ਵੱਡੀ ਕੰਪਨੀ ਦੇ ਪ੍ਰਾਜੈਕਟ ਹਨ। ਮੇਰੇ ਕੋਲ ਪਿਛਲੇ ਹਫ਼ਤੇ ਇੱਕ ਸਰਵਿੰਗ ਬ੍ਰਿਗੇਡੀਅਰ ਆਏ।

**ਮਾਣਯੋਗ ਸਪੀਕਰ:** ਕੀ ਇਹ ਐਕਟ ਨਾਲ ਸਬੰਧਤ ਮੈਟਰ ਹੈ? ਜੇ ਐਕਟ ਨਾਲ ਸਬੰਧਤ ਹੈ ਤਾਂ ਦੱਸੋ।

**ਸਰਦਾਰ ਵਿਕਰਮਜੀਤ ਸਿੰਘ ਚੌਧਰੀ:** ਸਪੀਕਰ ਸਾਹਿਬ, ਐਕਟ ਨਾਲ ਹੀ ਸਬੰਧਤ ਹੈ। ਸਰ, ਜਿਵੇਂ ਮੇਰੇ ਤੋਂ ਪਹਿਲਾਂ ਵਿਧਾਇਕ ਸਾਹਿਬ ਨੇ ਕਿਹਾ ਹੈ ਕਿ ਲੋਕਾਂ ਤੋਂ ਡਿਵੈਲਪਰਜ ਨੇ ਪੈਸੇ ਲੈ ਲਏ ਪ੍ਰੰਤੂ ਉਨ੍ਹਾਂ ਨੂੰ ਡਿਲੀਵਰੀ ਨਹੀਂ ਦਿੱਤੀ। ਮੈਂ ਜਿਹੜੀ ਇਹ ਆਰਮੀ ਅਫ਼ਸਰ ਦੀ ਗੱਲ ਦੱਸ ਰਿਹਾ ਹਾਂ, ਵਿੱਤ ਮੰਤਰੀ ਸਾਹਿਬ, ਇਹ ਸੁਣਨ ਵਾਲੀ ਗੱਲ ਹੈ। ਇਹ ਉਨ੍ਹਾਂ ਦੀ ਜਗ੍ਹਾ ਹੈ ਅਤੇ ਇਹ ਜਗ੍ਹਾ ਸਾਲ 2012 ਦੀ ਲੈਂਡ ਪੂਲਿੰਗ ਤਹਿਤ ਐਕੁਆਇਰ ਕੀਤੀ ਗਈ ਸੀ। ਕੈਪਟਨ ਚੰਨਣ ਸਿੰਘ ਸਿੱਧੂ ਜੀ ਨਾਲ ਕੁਮਿੱਟਮੈਂਟ ਹੋਈ ਸੀ ਕਿ ਤੁਹਾਨੂੰ ਅਸੀਂ ਕਮਰਸ਼ੀਅਲ ਪਲਾਟ ਦੇਵਾਂਗੇ। ਉਨ੍ਹਾਂ ਦੀ ਇਹ ਜਗ੍ਹਾ ਸਾਲ 2012 ਤੋਂ ਐਕੁਆਇਰ ਕੀਤੀ ਹੋਈ ਹੈ ਪ੍ਰੰਤੂ ਅੱਜ ਤੱਕ ਉਨ੍ਹਾਂ ਨੂੰ ਕੁਮਿੱਟਮੈਂਟ ਮੁਤਾਬਕ ਕਮਰਸ਼ੀਅਲ ਪਲਾਟ ਨਹੀਂ ਮਿਲੇ। ਤੁਸੀਂ ਮਨਿਸਟਰ ਹੋ, ਗੌਰਮਿੰਟ ਹੋ। ਆਪਾਂ ਇਨ੍ਹਾਂ ਕੰਪਨੀਆਂ ਖਿਲਾਫ ਕੋਈ ਸ਼ਿਕੰਜਾ ਕੱਸੀਏ, ਐਕਟ ਵਿੱਚ ਕੋਈ ਅਜਿਹਾ ਪ੍ਰੋਵੀਜ਼ਨ ਲਿਆਉ ਤਾਂ ਕਿ ਇਹ ਲੋਕ ਸਹੀ ਕੰਮ ਕਰਨ। ਇਹ ਤਾਂ ਫੌਜੀਆਂ ਨੂੰ ਵੀ ਨਹੀਂ ਛੱਡ ਰਹੇ। ਤੁਹਾਨੂੰ ਪਤਾ ਹੈ ਕਿ ਜਿਹੜੇ ਸਰਵਿੰਗ ਫੌਜੀ ਹਨ, ਉਨ੍ਹਾਂ ਨੂੰ ਕਿੰਨੀ ਕੁ ਤਨਖਾਹ ਮਿਲਦੀ ਹੈ। ਉਨ੍ਹਾਂ ਦੀ ਸਾਰੀ ਜ਼ਿੰਦਗੀ ਦੀ ਕਮਾਈ ਇਹ ਲੋਕ ਲੈ ਜਾਂਦੇ ਹਨ। ਮੇਰੀ ਇਹ ਬੇਨਤੀ ਹੈ।

**ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ (ਸਰਦਾਰ ਹਰਦੀਪ ਸਿੰਘ ਮੁੰਡੀਆਂ):** ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬਾਨਾਂ ਨੇ ਜਿਹੜੀਆਂ ਵੀ ਪ੍ਰਾਬਲਮਜ਼ ਦੱਸੀਆਂ ਹਨ, ਇਨ੍ਹਾਂ ਦਾ ਪਹਿਲ ਦੇ ਅਧਾਰ ਤੇ ਹੱਲ ਹੋਵੇਗਾ ਅਤੇ ਹੋ ਵੀ ਰਿਹਾ ਹੈ। ਜਿਵੇਂ ਸਾਡੇ ਵੱਡੇ ਵੀਰ ਸਰਦਾਰ ਪਰਗਟ ਸਿੰਘ ਜੀ ਨੇ ਸਵਾਲ ਕੀਤਾ ਹੈ, ਨਾਲ ਹੀ ਸਾਡੇ ਅਫ਼ਸਰ ਸਾਹਿਬਾਨਾਂ ਦੀ ਤਾਰੀਫ ਵੀ ਕੀਤੀ ਹੈ ਅਤੇ ਸਾਡੇ ਸਹਿ ਪ੍ਰਭਾਰੀ ਸਾਹਿਬ ਦਾ ਨਾਮ ਵੀ ਲਿਆ ਹੈ ਕਿ ਸ਼ਾਇਦ ਉਨ੍ਹਾਂ ਨੇ ਬਣਾਈ ਹੋਵੇਗੀ। ਸੋ, ਮੈਂ ਇਨ੍ਹਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਨਾਮ ਲੈਣਾ ਬਣਦਾ ਨਹੀਂ ਕਿਉਂਕਿ ਮੇਰੇ ਕੋਲ ਇਹ ਡਿਪਾਰਟਮੈਂਟ ਹੈ। ਮੈਂ ਅਤੇ ਸਾਡੇ ਪ੍ਰਿੰਸੀਪਲ ਸੈਕਟਰੀ ਸਾਹਿਬ ਨੇ ਇੱਕ ਨਿਯਮ ਬਣਾਇਆ ਹੈ। ਅਸੀਂ ਜਿਹੜਾ ਵੀ ਕੋਈ ਕੰਮ ਕਰਦੇ ਹਾਂ, ਉਹ ਲੋਕਾਂ ਨੂੰ ਪੁੱਛ ਕੇ ਕਰਦੇ ਹਾਂ, ਲੋਕਾਂ ਦੀ ਸਲਾਹ ਨਾਲ ਕਰਦੇ ਹਾਂ। ਅਸੀਂ ਹਰ ਕੰਮ ਪੰਜਾਬ ਦੇ ਫਾਇਦੇ ਲਈ ਕਰਦੇ ਹਾਂ। (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਪਰਗਟ ਸਿੰਘ ਪੋਆਰ ਨੂੰ ਸੰਬੋਧਨ ਕਰਦੇ ਹੋਏ) ਤੁਸੀਂ ਅੱਜ-ਕੱਲ੍ਹ ਹਰ ਗੱਲ ਵਿਚ ਵਿਰੋਧ ਕਰਦੇ ਹੋ। ਮੈਨੂੰ ਲੱਗਦਾ ਹੈ ਕਿ ਤੁਸੀਂ ਮੁੱਖ ਮੰਤਰੀ ਦੀ

ਲਿਸਟ ਵਿਚ ਆਪਣਾ ਨਾਮ ਪੁਆਉਣਾ ਚਾਹੁੰਦੇ ਹੋ, ਸ਼ਾਇਦ ਪੈ ਵੀ ਜਾਵੇ। (ਵਿਘਨ...ਸ਼ੋਰ) ਮੈਂ ਤਾਂ ਤੁਹਾਡੀ ਤਾਰੀਫ਼ ਹੀ ਕੀਤੀ ਹੈ। ਤੁਸੀਂ ਨਾਮ ਤਾਂ ਪੁਆ ਲਿਆ ਹੈ ਪਰ ਛੇਤੀ ਕਿਤੇ ਆਉਂਦੇ ਨਹੀਂ। ਤੁਸੀਂ ਮੁੱਖ ਮੰਤਰੀ ਦੀ ਲਿਸਟ ਵਿਚ ਆਪਣਾ ਨਾਮ ਤਾਂ ਪੁਆ ਲਿਆ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਪਰਗਟ ਸਿੰਘ ਪੋਆਰ ਆਪਣੀ ਸੀਟ ਤੇ ਬੈਠੇ ਬੈਠੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ, ਸਰਦਾਰ ਹਰਦੀਪ ਸਿੰਘ ਮੁੰਡੀਆਂ ਨਾਲ ਬਹਿਸ ਰਹੇ ਸਨ।)

**ਮਾਣਯੋਗ ਸਪੀਕਰ :** ਚੇਅਰ ਨੂੰ ਐਡਰੈਸ ਕਰੋ ਪਿਆਰਿਉ।

**ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ :** ਸਪੀਕਰ ਸਾਹਿਬ, ਇਹ ਮੇਰੇ ਨਾਲ ਗੱਲਾਂ ਕਰਨ ਲੱਗ ਪਏ ਸੀ। ਸਪੀਕਰ ਸਾਹਿਬ, ਵਿਕਾਸ ਕਾਰਜਾਂ ਦੀ ਤਜਵੀਜ਼ਤ ਲਾਗਤ ਦੇ 35 ਫੀਸਦੀ ਬਰਾਬਰ ਦੀ ਬੈਂਕ ਗਾਰੰਟੀ ਜਾਂ ਸਰਕਾਰ ਵੱਲੋਂ ਨੋਟੀਫਾਈ ਕੀਤੀ ਹੋਰ ਗਾਰੰਟੀ ਜਮ੍ਹਾਂ ਕਰਵਾਈ ਜਾਵੇਗੀ ਅਤੇ ਲਾਇਸੈਂਸ ਦੀਆਂ ਸ਼ਰਤਾਂ ਅਨੁਸਾਰ ਵਿਕਾਸ ਕਾਰਜ ਪੂਰੇ ਕਰਨ ਸਬੰਧੀ ਹਲਫ਼ੀਆ ਬਿਆਨ ਦਿੱਤਾ ਜਾਵੇਗਾ। ਇਸ ਦਾ ਕਾਰਨ ਇਹ ਸੀ ਕਿ ਪਰਮੋਟਰ ਸਮੇਂ-ਸਿਰ ਕਿਸ਼ਤਾਂ ਜਮ੍ਹਾਂ ਕਰਨ ਵਿਚ ਅਸਫ਼ਲ ਰਹਿੰਦੇ ਸਨ ਅਤੇ ਡਿਫਾਲਟਰ ਹੋ ਜਾਂਦੇ ਸਨ। ਕਾਲੋਨੀ ਨਾਲ ਸਬੰਧਤ ਵਿਕਾਸ ਕਾਰਜਾਂ ਨੂੰ ਪੂਰੇ ਕਰਨ ਲਈ ਪਰਮੋਟਰ ਅਤੇ ਡਿਵੈਲਪਰ ਦੁਆਰਾ ਗਿਰਵੀ ਰੱਖੀ ਗਈ ਜਾਇਦਾਦ ਦੀ ਵਿਕਰੀ ਕਰਨ ਦੀ ਜ਼ਰੂਰਤ ਹੁੰਦੀ ਹੈ, ਜੋ ਕਿ ਇਕ ਬਹੁਤ ਲੰਬੀ ਪ੍ਰਕਿਰਿਆ ਹੈ, ਜਿਸ ਕਾਰਨ ਡਿਫਾਲਟਰ ਪਰਮੋਟਰ ਅਤੇ ਡਿਵੈਲਪਰ ਤੋਂ ਬਕਾਏ ਦੀ ਵਸੂਲੀ ਸੰਭਵ ਨਹੀਂ ਹੁੰਦੀ ਸੀ। ਜਿਵੇਂ ਇੱਥੇ ਦੱਸਿਆ ਗਿਆ ਹੈ ਕਿ ਮਿਲਟਰੀ ਵਾਲੇ ਅਫ਼ਸਰ ਸਾਹਿਬ ਨੂੰ ਵੀ ਬਹੁਤ ਸਾਰੀ ਸਮੱਸਿਆ ਆਈ। ਇਸ ਸੋਧ ਬਿਲ ਨਾਲ ਇਹ ਸਾਰੀਆਂ ਸਮੱਸਿਆਵਾਂ ਖਤਮ ਹੋ ਜਾਣਗੀਆਂ। ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 2**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ (ਸਰਦਾਰ ਹਰਦੀਪ ਸਿੰਘ ਮੁੰਡੀਆਂ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਬਿਲ, 2025 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਬਿਲ, 2025 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਬਿਲ, 2025 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---

### 5. THE PUNJAB CO-OPERATIVE SOCIETIES (AMENDMENT) BILL, 2025

**ਮਾਣਯੋਗ ਸਪੀਕਰ :** ਵਿੱਤ ਮੰਤਰੀ ਜੀ ਬਿਲ ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) :** ਸ਼੍ਰੀਮਾਨ ਜੀ, ਮੈਂ ਪੰਜਾਬ ਸਹਿਕਾਰੀ ਸਭਾਵਾਂ (ਸੋਧ) ਬਿਲ, 2025 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਸਹਿਕਾਰੀ ਸਭਾਵਾਂ (ਸੋਧ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਸਹਿਕਾਰੀ ਸਭਾਵਾਂ (ਸੋਧ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਸਰਦਾਰ ਪਰਗਟ ਸਿੰਘ ਜੀ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ):** ਸਪੀਕਰ ਸਾਹਿਬ, ਜਿਹੜੀ ਸਹਿਕਾਰੀ ਮੂਵਮੈਂਟ ਹੈ, ਉਸ ਦਾ ਮਕਸਦ ਹੈ ਕਿ ਜਿਹੜੀਆਂ ਵੀ ਸੁਸਾਇਟੀਆਂ ਬਣਦੀਆਂ ਹਨ, ਉਨ੍ਹਾਂ ਨੂੰ ਰੀਜ਼ਨਏਬਲੀ ਚਲਾਇਆ ਜਾਵੇ। ਇਨ੍ਹਾਂ ਸੁਸਾਇਟੀਆਂ ਦੀ ਰਜਿਸਟਰੇਸ਼ਨ ਆਲਰੇਡੀ ਬਹੁਤ ਹਾਈ ਹੈ, ਇਨ੍ਹਾਂ ਵਿਚ ਜਿਹੜੀਆਂ ਕਮਜ਼ੋਰ ਸੁਸਾਇਟੀਆਂ ਹਨ, ਚਾਹੇ ਉਹ ਮਜ਼ਦੂਰ ਵਰਗ ਲਈ ਹਨ ਜਾਂ ਦੂਸਰੀਆਂ ਹਨ, ਉਨ੍ਹਾਂ ਲਈ ਕੈਪਿੰਗ ਫੀਸ ਦਾ ਸਟਰੱਕਚਰ ਵੱਖਰਾ ਹੋ ਜਾਵੇ ਤਾਂ ਉਹ ਜ਼ਿਆਦਾ ਬਿਹਤਰ ਹੋਵੇਗਾ। ਕਈ ਅਜਿਹੀਆਂ ਸੁਸਾਇਟੀਆਂ ਵੀ ਹੋਣਗੀਆਂ, ਜਿਨ੍ਹਾਂ ਦਾ ਇਸ ਕੈਪਿੰਗ ਫੀਸ ਵਿਚ ਨੁਕਸਾਨ ਹੋਵੇਗਾ। ਸੋ, ਮੈਂ ਵਿੱਤ ਮੰਤਰੀ ਜੀ ਨੂੰ ਇਹੀ ਬੇਨਤੀ ਕਰਦਾ ਹਾਂ ਕਿ ਜਿਹੋ ਜਿਹੀ ਸੁਸਾਇਟੀਆਂ ਦੀ ਹਾਲਤ ਹੈ, ਕਪੈਸਿਟੀ ਹੈ, ਉਸ ਮੁਤਾਬਿਕ ਜੇਕਰ ਕੈਪਿੰਗ ਫੀਸ ਹੋ ਜਾਵੇ ਤਾਂ ਉਹ ਜ਼ਿਆਦਾ ਬਿਹਤਰ ਹੈ।

**ਮਾਣਯੋਗ ਸਪੀਕਰ:** ਇਸ ਵਿਚ ਮੇਰੀ ਇਕ ਇੰਟਰਵੈਨਸ਼ਨ ਹੈ ਕਿ ਜਿਹੜੀ ਸਹਿਕਾਰੀ ਮੂਵਮੈਂਟ ਹੈ, ਇਸ ਨੂੰ ਆਪਾਂ ਜਿੰਨਾ ਸਸ਼ਕਤ ਕਰ ਲਵਾਂਗੇ, ਉਨਾ ਆਪਣਾ ਦੇਸ਼ ਸਸ਼ਕਤ ਹੋਵੇਗਾ। ਪਿਛਲੇ ਕੁਝ ਦਹਾਕਿਆਂ ਤੋਂ ਬਿਊਰੋਕਰੇਟਿਕ ਇੰਟਰਫੀਅਰੈਂਸ ਵਧਾ ਦਿੱਤੀ ਗਈ ਹੈ, ਜਿਸ ਨਾਲ ਬੜਾ ਵੱਡਾ ਨੁਕਸਾਨ ਹੋਇਆ ਹੈ। ਜੇਕਰ ਅਮੁਲ ਅੱਜ ਐਡੇ ਵੱਡੇ ਪੱਧਰ ਤੇ ਪਹੁੰਚ ਗਿਆ ਹੈ ਤਾਂ ਉਹ ਇਸ ਕਰਕੇ ਹੈ ਕਿ ਉਥੇ ਬਿਊਰੋਕਰੇਟਿਕ ਇੰਟਰਫੇਰੈਂਸ ਘੱਟ ਹੈ। ਸੋ, ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਸ ਪੱਖ ਨੂੰ ਵੀ ਵਿਚਾਰਿਆ ਜਾਵੇ।

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਸਹਿਕਾਰੀ ਸਭਾਵਾਂ (ਸੋਧ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੇ 3**

**ਮਾਣਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੇ 3 ਵਿੱਚ ਕੋਈ ਸੋਧਨਾ ਨਹੀਂ ਹੈ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੇ 3 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) :** ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਸਹਿਕਾਰੀ ਸਭਾਵਾਂ (ਸੋਧ) ਬਿਲ, 2025 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਸਹਿਕਾਰੀ ਸਭਾਵਾਂ (ਸੋਧ) ਬਿਲ, 2025 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਸਹਿਕਾਰੀ ਸਭਾਵਾਂ (ਸੋਧ) ਬਿਲ, 2025 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---

## 6.THE PUNJAB TOWN IMPROVEMENT (AMENDMENT) BILL, 2025

**ਮਾਣਯੋਗ ਸਪੀਕਰ:** ਮੰਤਰੀ ਜੀ ਬਿਲ ਪੇਸ਼ ਕਰਨਗੇ।

**ਸਥਾਨਕ ਸਰਕਾਰ ਮੰਤਰੀ (ਡਾਕਟਰ ਰਵਜੋਤ ਸਿੰਘ) :** ਸ਼੍ਰੀਮਾਨ ਜੀ, ਮੈਂ ਪੰਜਾਬ ਟਾਊਨ ਇੰਪਰੂਵਮੈਂਟ (ਸੋਧ) ਬਿਲ, 2025 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਟਾਊਨ ਇੰਪਰੂਵਮੈਂਟ (ਸੋਧ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ -

ਕਿ ਪੰਜਾਬ ਟਾਊਨ ਇੰਪਰੂਵਮੈਂਟ (ਸੋਧ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ। ਹਾਂ ਜੀ, ਬਾਜਵਾ ਸਾਹਿਬ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ):** ਸਪੀਕਰ ਸਾਹਿਬ, ਬੇਨਤੀ ਹੈ ਕਿ ਮੰਤਰੀ ਸਾਹਿਬ ਇਹ ਜਿਹੜਾ ਨਵਾਂ ਬਿਲ ਲਿਆਏ ਹਨ, ਇਸ ਦਾ ਬੇਸਿਕ ਪਰਪਜ਼ Improvement Trust ਦੇ ਪੈਸੇ ਮਿਉਂਸਿਪਲ ਵਿਕਾਸ ਫੰਡ ਵਿੱਚ ਟਰਾਂਸਫਰ ਕਰਨਾ ਹੈ। ਇਸ ਬਿਲ ਵਿੱਚ ਲਿਖਿਆ ਹੋਇਆ ਹੈ ਕਿ "shall be transferred towards the municipal development funds in such a manner that may be prescribed". ਸਪੀਕਰ ਸਾਹਿਬ, ਸ਼ੁਰੂ ਤੋਂ ਹੀ ਇਸ ਤਰ੍ਹਾਂ ਰਿਹਾ ਹੈ ਕਿ ਜਿਸ ਸ਼ਹਿਰ ਵਿੱਚ Improvement Trust ਹੈ, ਉਹ ਜਿੰਨੀ ਵੀ ਜਾਇਦਾਦ ਵੇਚਦਾ ਹੈ, ਉਹ ਫੰਡਜ਼ ਉਸੇ ਦੇ ਏਰੀਏ ਵਿੱਚ, ਉਸੇ ਦੀ ਹੀ ਬਾਊਂਡਰੀ ਵਿੱਚ ਬਿਹਤਰੀ ਵਾਸਤੇ ਇਸਤੇਮਾਲ ਕੀਤੇ ਜਾ ਸਕਦੇ ਹਨ। ਇਨ੍ਹਾਂ ਨੇ ਆਲਰੇਡੀ ਆਪਣੇ ਬਜਟ ਵਿੱਚ ਮਿਊਂਸਪੈਲਿਟੀਜ਼ ਤੇ ਕਾਰਪੋਰੇਸ਼ਨਜ਼ ਨੂੰ 1171 ਕਰੋੜ ਰੁਪਿਆ ਅਲਾਟ ਕੀਤਾ ਹੈ। ਇਸ ਸੋਧ ਨਾਲ ਤਾਂ ਇਹ ਹਰ ਸ਼ਹਿਰ ਦੀ ਤਰੱਕੀ ਨੂੰ deprive ਕਰ ਦੇਣਗੇ। ਤੁਸੀਂ ਸ਼ਹਿਰਾਂ ਦੇ ਹਾਲਾਤ ਵੇਖ ਹੀ ਰਹੇ ਹੋ, ਸ਼ਹਿਰਾਂ ਦੀਆਂ ਸੜਕਾਂ ਟੁੱਟੀਆਂ ਹੋਈਆਂ ਹਨ ਅਤੇ ਸਾਡਾ ਇਨਫਰਾਸਟਰਕਚਰ ਤਬਾਹ ਹੋ ਗਿਆ ਹੈ। ਇਹ ਇੰਪਰੂਵਮੈਂਟ ਟਰੱਸਟ ਉਸ ਸ਼ਹਿਰ ਦੀ ਬਿਹਤਰੀ ਵਾਸਤੇ ਹੈ। ਮੇਰੇ ਇੱਕ ਅਜ਼ੀਜ਼ ਨੇ ਦੱਸਿਆ ਹੈ ਕਿ ਗੁਰਦਾਸਪੁਰ ਦੇ Improvement Trust ਦੇ ਪੈਸੇ ਉਸ ਦੀ jurisdiction ਤੋਂ ਬਾਹਰ ਪਿੰਡਾਂ ਵਿੱਚ ਲਾਉਣੇ ਸ਼ੁਰੂ ਕਰ ਦਿੱਤੇ ਹਨ। ਹੁਣ ਇਸ ਦਾ ਮਤਲਬ ਇਹ ਹੈ ਕਿ ਇਸ ਨੂੰ ਸੈਂਟਰੇਲਾਈਜ਼ ਕੀਤਾ ਜਾ ਰਿਹਾ ਹੈ। ਇਹ ਪੈਸਾ ਸੈਂਟਰੇਲਾਈਜ਼ ਹੋਣ ਤੋਂ ਬਾਅਦ ਕਿੱਥੇ ਜਾਣਾ ਹੈ, ਉਹ ਕਿਸੇ ਨੂੰ ਨਹੀਂ ਪਤਾ। ਕੀ ਇਸ ਦੇ ਖਿਲਾਫ ਵੀ ਫਿਰ ਕਰਜ਼ਾ ਹੀ ਚੁੱਕਣਾ ਹੈ? Improvement Trusts ਕੋਲ ਕਰੋੜਾਂ-ਅਰਬਾਂ ਦੀਆਂ ਪ੍ਰਾਪਰਟੀਜ਼ ਹਨ। We would be selling our silver. ਅੰਗਰੇਜ਼ੀ ਦੀ ਇੱਕ ਕਹਾਵਤ ਹੈ ਕਿ ਫੈਮਿਲੀ ਸਿਲਵਰ ਨੂੰ ਵੇਚਣ ਦਾ ਟਾਈਮ ਆ ਗਿਆ ਹੈ। ਅਸੀਂ ਇੱਥੇ ਤੱਕ ਆ ਗਏ ਹਾਂ। ਸਰਕਾਰ ਹਰ ਕੌਰਨਰ ਤੋਂ ਕੋਸ਼ਿਸ਼ ਕਰ ਰਹੀ ਹੈ। ਜਿਵੇਂ ਮੋਹਾਲੀ ਦੇ ਪਿੰਡਾਂ ਦੀ ਜ਼ਮੀਨ ਦੇਖ ਲਉ। ਜੇ ਲੈਂਡ ਪੂਲਿੰਗ ਨਹੀਂ ਹੋਈ ਤਾਂ ਕੋਈ ਹੋਰ ਕਾਨੂੰਨ, ਹੋਰ ਢੰਗ ਲੱਭਿਆ ਜਾ ਰਿਹਾ ਹੈ ਕਿ ਜਿਸ ਨਾਲ ਪੰਜਾਬ ਨੂੰ ਜਾਂਦੇ ਵਕਤ..... ਜੇ ਕੋਈ ਇਹੋ ਜਿਹਾ ਸ਼ਬਦ ਵਰਤੀਏ ਤਾਂ ਮਾਈਂਡ ਕਰਦੇ ਹਨ। ਕੰਗਲਾ ਕਹੀਦਾ ਹੈ ਤਾਂ ਮਾਈਂਡ ਕਰਦੇ ਹਨ ਕਿ ਕੰਗਲਾ ਕਿਉਂ ਕਹਿੰਦੇ ਹੋ? ਜਦੋਂ ਤੱਕ ਤੁਸੀਂ ਜਾਣਾ ਹੈ ਤਾਂ ਤੁਸੀਂ ਕੁਝ ਸਮਾਨ ਹੀ ਨਹੀਂ ਰਹਿਣ ਦੇਣਾ ਤਾਂ ਸੂਬਾ ਕੰਗਲਾ ਤਾਂ ਆਪੇ ਹੀ ਹੋਣਾ ਹੈ। ਮੇਰੀ ਗੁਜ਼ਾਰਿਸ਼ ਹੈ ਕਿ this is totally incorrect. The main Opposition Party, the Indian National Congress totally oppose this. ਅਸੀਂ ਇਸ ਚੀਜ਼ ਨੂੰ oppose ਕਰਾਂਗੇ, this is anti-Punjab, this is against that very area. ਮੰਨ ਲਉ ਅਸੀਂ ਫਗਵਾੜੇ ਦੀ ਜ਼ਮੀਨ ਵੇਚੀ, 100 ਕਰੋੜ ਰੁਪਿਆ ਕਮਾਇਆ, ਉਹ ਫਗਵਾੜੇ ਦੀ ਬਿਹਤਰੀ ਵਾਸਤੇ ਲੱਗ ਸਕਦਾ ਹੈ। ਜਲੰਧਰ ਦਾ ਇੰਪਰੂਵਮੈਂਟ ਟਰੱਸਟ ਹੈ, ਅੰਮ੍ਰਿਤਸਰ ਦਾ ਇੰਪਰੂਵਮੈਂਟ ਟਰੱਸਟ ਹੈ, ਲੁਧਿਆਣਾ ਜਾਂ ਜਿੱਥੇ ਦਾ ਵੀ ਇੰਪਰੂਵਮੈਂਟ ਟਰੱਸਟ ਹੈ, ਉਥੇ ਲੱਗ ਸਕਦਾ ਹੈ।

**ਮਾਣਯੋਗ ਸਪੀਕਰ** : ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸੋ, ਇਹ totally incorrect ਹੈ।

ਸਰ, ਇੱਕ ਛੋਟੀ ਜਿਹੀ ਗੱਲ ਹੋਰ ਹੈ, ਇਨ੍ਹਾਂ ਦੇ ਮਹਿਕਮੇ ਨਾਲ ਰਿਲੇਟਿਡ ਹੀ ਹੈ। ਸਿਮੀਲਰ ਚੀਜ਼ ਮਿਊਂਸਪੈਲਿਟੀਜ਼ ਵਿੱਚ ਵੀ ਹੈ। ਜਿਹੜੀ 1992 ਵਿੱਚ 74th constitutional ਸੋਧ ਆਈ ਸੀ, ਉਸ ਵਿੱਚ ਮਿਊਂਸਪੈਲਿਟੀਜ਼ ਨੂੰ ਸਿਟੀ ਗੌਰਮਿੰਟ ਕਿਹਾ ਜਾਂਦਾ ਹੈ। ਹੁਣ ਇਨ੍ਹਾਂ ਨੇ ਮਿਊਂਸਪੈਲਿਟੀਜ਼ ਅਤੇ ਹਾਊਸ ਦੀ ਅਪਰੂਵਲ ਤੋਂ

ਬਿਨਾ ਅਤੇ ਬਿਨਾ ਮਤਾ ਕਰਾਇਆਂ ਸਫਾਈ ਕਰਮਚਾਰੀਆਂ ਦੇ ਟੈਂਡਰ ਲਗਾ ਦਿੱਤੇ ਹਨ, ਇਸ ਦੇ ਟੈਂਡਰ ਜਾ ਚੁੱਕੇ ਹਨ। ਅੱਜ ਤੋਂ ਸਾਰੇ ਪੰਜਾਬ ਦੇ ਸਫਾਈ ਕਰਮਚਾਰੀ ਧਰਨੇ ਤੇ ਬੈਠ ਗਏ ਹਨ। ਸਾਡੀ ਗੁਜ਼ਾਰਿਸ਼ ਹੈ ਕਿ ਮਿਊਂਸਪੈਲਿਟੀਆਂ ਨੂੰ ਕਹੋ ਕਿ ਸਾਡੇ ਸ਼ਹਿਰ ਸਾਫ ਰਹਿਣੇ ਚਾਹੀਦੇ ਹਨ। ਹਰ ਕੋਈ ਚਾਹੁੰਦਾ ਹੈ ਕਿ ਸਾਡੇ ਸ਼ਹਿਰ ਸਾਫ ਰਹਿਣ।

**ਮਾਣਯੋਗ ਸਪੀਕਰ** : ਠੀਕ ਹੈ ਜੀ। ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਮੇਰਾ ਕਹਿਣ ਦਾ ਮਤਲਬ ਹੈ ਕਿ ਮਿਊਂਸਪੈਲਿਟੀਜ਼ ਦੀਆਂ ਜਾਂ ਇੰਪਰੂਵਮੈਂਟ ਟਰੱਸਟ ਦੀਆਂ ਜਿਹੜੀਆਂ ਪਾਵਰਜ਼ ਹਨ, ਉਹ ਓਵਰ-ਰਾਈਡ ਨਾ ਹੋਣ ਅਤੇ ਅਜਿਹੇ ਕਾਨੂੰਨ ਨਾ ਬਣਾਈਏ ਕਿ ਉਨ੍ਹਾਂ ਨੂੰ ਬਿਲਕੁਲ ਹੀ armless, toothless ਕਰਕੇ ਛੱਡ ਦੇਈਏ।

**ਮਾਣਯੋਗ ਸਪੀਕਰ** : ਠੀਕ ਹੈ, ਬਾਜਵਾ ਜੀ। ਤੁਸੀਂ ਬੈਠੋ ਜੀ। (ਵਿਘਨ)

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ** : ਸਪੀਕਰ ਸਾਹਿਬ।

**ਮਾਣਯੋਗ ਸਪੀਕਰ** : ਕੀ ਤੁਸੀਂ ਐਲ.ਓ.ਪੀ. ਸਾਹਿਬ ਤੋਂ ਕੁਝ ਵੱਖਰਾ ਕਹਿਣਾ ਚਾਹੁੰਦੇ ਹੋ? ਇਨ੍ਹਾਂ ਨੇ ਕਹਿ ਤਾਂ ਦਿੱਤਾ ਹੈ ਕਿ ਪਾਰਟੀ oppose ਕਰਦੀ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਮੇਰੀ ਬੇਨਤੀ ਹੈ ਕਿ ਇਸ ਬਿੱਲ ਨੂੰ ਅੱਗੇ ਵਾਸਤੇ ਰੱਖ ਲਿਆ ਜਾਵੇ, this is totally against the very interest of Punjab.

**ਮਾਣਯੋਗ ਸਪੀਕਰ** : ਧੰਨਵਾਦ ਜੀ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ (ਗੁਰਦਾਸਪੁਰ)** : ਸਪੀਕਰ ਸਾਹਿਬ, ਧੰਨਵਾਦ। ਸਪੀਕਰ ਸਾਹਿਬ, ਜਿਹੜਾ ਮੰਤਰੀ ਸਾਹਿਬ ਨੇ ਬਿਲ ਪੇਸ਼ ਕੀਤਾ ਹੈ, ਮੈਂ ਇਸ ਸਬੰਧੀ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਕਾਲੀ ਸਰਕਾਰ ਸਮੇਂ ਇੰਪਰੂਵਮੈਂਟ ਟਰੱਸਟ ਗੁਰਦਾਸਪੁਰ ਤੇ 27 ਕਰੋੜ ਰੁਪਏ ਦਾ ਕਰਜ਼ਾ ਸੀ। ਜਦੋਂ 2017 ਵਿੱਚ ਪਰਮਾਤਮਾ ਨੇ ਮੈਨੂੰ ਐਮ.ਐਲ.ਏ. ਬਣਨ ਦਾ ਮੌਕਾ ਦਿੱਤਾ ਤਾਂ ਮੈਂ ਸੋਚ ਲਿਆ ਸੀ ਕਿ ਕਰਜ਼ਾ ਵੀ ਉਤਾਰਨਾ ਹੈ ਅਤੇ ਟਰੱਸਟ ਨੂੰ Self Sustained Body ਵੀ ਬਣਾਉਣਾ ਹੈ। ਪਰਮਾਤਮਾ ਦੀ ਕਿਰਪਾ ਨਾਲ 27 ਕਰੋੜ ਰੁਪਿਆ ਕਰਜ਼ਾ ਉਤਰ ਗਿਆ। ਇਸ ਤੋਂ ਇਲਾਵਾ ਉਥੇ ਲਗਭਗ 84 ਏਕੜ ਜ਼ਮੀਨ ਐਕੁਆਇਰ ਕੀਤੀ ਹੋਈ ਸੀ, ਜਿਸ ਵਿੱਚੋਂ 6 ਏਕੜ ਵਿੱਚ ਬੱਸ ਅੱਡਾ ਬਣਨਾ ਸੀ। ਮੈਂ ਪਿਛਲੇ 10 ਸਾਲਾਂ ਦੌਰਾਨ ਐਫਰਟਸ ਕੀਤੇ ਪਰ ਬੱਸ ਅੱਡਾ ਨਹੀਂ ਬਣ ਸਕਿਆ। ਮੈਂ ਦੱਸਣਾ ਚਾਹੁੰਦਾ ਹਾਂ ਕਿ 6 ਏਕੜ ਜ਼ਮੀਨ ਲਈ ਮੇਰੀ ਆਪਣੀ ਸਰਕਾਰ ਨੇ ਵੀ ਮੈਨੂੰ ਪਰੈਸ਼ਰਾਈਜ਼ ਕੀਤਾ ਕਿ ਪੰਜਾਬ ਰੋਡਵੇਜ਼ ਨੂੰ ਇਹ ਜ਼ਮੀਨ ਮੁਫਤ ਵਿੱਚ ਦਿੱਤੀ ਜਾਵੇ। ਮੈਂ ਕਿਹਾ ਕਿ ਬੱਸ ਸਟੈਂਡ ਬਣੇ ਨਾ ਬਣੇ, ਮੈਂ ਮੁਫਤ ਵਿੱਚ ਜ਼ਮੀਨ ਨਹੀਂ ਦੇਵਾਂਗਾ। ਮੈਂ ਚਾਹੇ ਹਾਰਾਂ ਜਾਂ ਜਿੱਤਾਂ, ਮੈਂ ਇਹ ਕੰਮ ਨਹੀਂ ਕਰਨਾ। ਮੈਂ ਮਿਹਨਤ ਕਰਕੇ ਜ਼ਰੂਰਤ ਜਿੰਨੀ ਜ਼ਮੀਨ ਦੀ ਆਕਸ਼ਨ ਕਰਵਾਈ ਅਤੇ ਉਥੇ 50-54 ਲੱਖ ਰੁਪਏ ਦੇ ਐਸ.ਸੀ.ਓ. ਵਿਕੇ ਹਨ। ਜਿੰਨੀ ਕੁ ਮੈਨੂੰ ਜ਼ਰੂਰਤ ਸੀ ਮੈਂ ਜ਼ਮੀਨ ਵੇਚੀ ਪਰ ਜੇ ਮੈਂ ਬੇਈਮਾਨ ਹੁੰਦਾ ਤਾਂ ਸਾਰੀ ਦੀ ਸਾਰੀ ਜ਼ਮੀਨ ਵੇਚ ਜਾਂਦਾ। ਮੰਤਰੀ ਸਾਹਿਬ ਤੁਹਾਨੂੰ ਪਤਾ ਹੈ ਕਿ ਬੱਸ ਸਟੈਂਡ ਬਣਨ ਤੋਂ ਬਾਅਦ ਅੱਜ ਉਥੇ ਰੇਟ ਵੱਧ ਗਏ ਹਨ ਅਤੇ ਸਵਾ 2 ਕਰੋੜ ਨੂੰ ਐਸ.ਸੀ.ਓ. ਵਿਕੇ ਹਨ। ਇਹ ਸਭ ਤਾਂ

ਸੰਭਵ ਹੋ ਸਕਿਆ ਕਿਉਂਕਿ ਮੇਰੀ ਨੀਅਤ ਸਾਫ ਸੀ। ਸਪੀਕਰ ਸਾਹਿਬ, 80 ਕਰੋੜ ਰੁਪਏ ਤੋਂ ਵੱਧ ਦਾ ਲਾਭ ਹੁਣ ਵੱਟਿਆ ਹੈ ਅਤੇ 40 ਕਰੋੜ ਰੁਪਏ ਤੋਂ ਵੱਧ ਹੋਰ ਵੱਟਿਆ ਜਾਣਾ ਹੈ। ਜੇਕਰ ਇਹ ਪੈਸਾ ਸਰਕਾਰ ਵੱਲੋਂ ਕਿਸੇ ਹੋਰ ਥਾਂ ਦੇ ਵਿਕਾਸ ਕਾਰਜ ਲਈ ਖਰਚਿਆ ਜਾਂਦਾ ਹੈ ਤਾਂ ਮੈਨੂੰ ਦੁੱਖ ਹੋਵੇਗਾ। ਇਸ ਸਭ ਲਈ ਮੈਂ ਮਿਹਨਤ ਕੀਤੀ ਹੈ ਤੇ ਜੇਕਰ ਅੱਜ ਉਹੀ ਪੈਸੇ ਲੈ ਕੇ ਤੁਸੀਂ ਪੰਜਾਬ ਵਿੱਚ ਕਿਤੇ ਹੋਰ ਲੈ ਜਾਉ ਤਾਂ ਫਿਰ ਅਸੀਂ ਆਪਣੇ ਹਲਕਿਆਂ ਵਾਸਤੇ ਕਿਸ ਗੱਲ ਲਈ ਮਿਹਨਤ ਕਰਨੀ ਹੈ? ਇੱਥੇ ਜਿੰਨੇ ਵੀ ਬੈਠੇ ਹਨ, ਮੈਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਜਿਸ ਹਲਕੇ ਵਿੱਚ ਕੋਈ ਚੀਜ਼ ਵਿਕਦੀ ਹੈ, ਉਹ ਰਾਸ਼ੀ ਉਸੇ ਖੇਤਰ ਦੇ ਵਿਕਾਸ ਕਾਰਜ ਤੇ ਲਗਾਈ ਜਾਵੇ। ਜੇਕਰ ਅਸੀਂ Self Sustained Body ਬਣਾਈ ਹੈ ਅਤੇ ਉਸ ਤੋਂ 80 ਕਰੋੜ ਜਾਂ 40 ਕਰੋੜ ਹੋਰ ਵੱਟਣਾ ਹੈ ਤਾਂ ਉਸ self sustained body ਦੀ 100 ਕਰੋੜ ਰੁਪਏ ਦੀ ਐਫ.ਡੀ. ਕਰਵਾਈ ਜਾਵੇ, ਜਿਸ ਦਾ ਵਿਆਜ ਆਵੇ ਅਤੇ ਇਹ ਪੈਸਾ ਉਸ ਏਰੀਏ ਦੀ ਤਰੱਕੀ ਤੇ ਲੱਗੇ। ਇਹ ਜ਼ਰੂਰੀ ਨਹੀਂ ਹੁੰਦਾ ਕਿ ਪ੍ਰਿੰਸੀਪਲ ਅਮਾਊਂਟ ਹੀ ਵਰਤੀ ਜਾਣੀ ਹੈ। ਜੇਕਰ ਅਜਿਹਾ ਕਰਾਂਗੇ ਤਾਂ ਅਸੀਂ ਉਹ ਪੈਸੇ ਵਾਪਸ ਕਿੱਥੋਂ ਲੈ ਸਕਾਂਗੇ? ਕੁਝ ਅਮਾਊਂਟ ਦੀ ਐਫ.ਡੀ. ਕਰਵਾਉਣੀ ਚਾਹੀਦੀ ਹੈ ਅਤੇ ਉਸ ਦੇ ਵਿਆਜ ਤੋਂ ਉਸ ਇਲਾਕੇ ਦੀ ਤਰੱਕੀ ਹੁੰਦੀ ਰਹੇਗੀ। ਜਿੱਥੇ ਅਜਿਹਾ ਨਹੀਂ ਕੀਤਾ ਜਾਂਦਾ, ਉਥੇ ਐਮ.ਐਲ.ਏ. ਸਰਕਾਰਾਂ ਅੱਗੇ ਹੱਥ ਅੱਡਦੇ ਫਿਰਦੇ ਹਨ। ਸੋ, ਮੇਰੀ ਬੇਨਤੀ ਹੈ ਕਿ ਅਜਿਹਾ ਨਾ ਕਰੋ। ਮਹਿਕਮੇ ਦੇ ਸਕੱਤਰ ਸਾਹਿਬ ਵੀ ਇੱਥੇ ਬੈਠੇ ਹਨ। ਜਦੋਂ ਮੇਰੀ ਸਰਕਾਰ ਸੀ ਉਦੋਂ ਵੀ ਬੜੀ ਕੋਸ਼ਿਸ਼ ਹੁੰਦੀ ਰਹੀ ਹੈ ਪਰ ਧਾਰਾ 69-ਏ ਅਧੀਨ ਟਰੱਸਟ ਨੂੰ ਸ਼ਹਿਰ ਵਿੱਚ ਵੀ ਪੈਸੇ ਖਰਚਣ ਦੀ ਪਰਮਿਸ਼ਨ ਨਹੀਂ ਮਿਲਦੀ ਹੁੰਦੀ ਸੀ। ਅੱਜ ਉਸੇ ਧਾਰਾ 69-ਏ ਵਿੱਚ ਇਹ ਪੈਸਾ ਪਿੰਡਾਂ ਵਿੱਚ ਵਰਤਣ ਦੀ ਗੱਲ ਕਰ ਰਹੇ ਹੋ। ਜੇਕਰ ਸਰਕਾਰ ਗੁਰਦਾਸਪੁਰ ਟਰੱਸਟ ਦੇ ਪੈਸੇ ਚੁੱਕ ਕੇ ਪੰਜਾਬ ਦੇ ਪਿੰਡਾਂ ਤੇ ਲਗਾ ਦੇਵੇਗੀ ਤਾਂ ਮੈਂ ਨਹੀਂ ਬਰਦਾਸ਼ਤ ਕਰ ਸਕਦਾ। ਮੈਂ ਤਾਂ ਫਿਰ ਤੁਹਾਡੇ ਘਰਾਂ ਦੇ ਅੱਗੇ ਆ ਕੇ ਠੋਕ ਕੇ ਧਰਨੇ ਤੇ ਬੈਠਾਂਗਾ। ਅਸੀਂ ਮਿਹਨਤ ਕੀਤੀ ਹੈ, ਇਸ ਕਰਕੇ ਤਕਲੀਫ ਹੁੰਦੀ ਹੈ। ਮੇਰੀ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਅਜਿਹਾ ਨਾ ਕੀਤਾ ਜਾਵੇ।

**ਮਾਣਯੋਗ ਸਪੀਕਰ** : ਤੁਹਾਡੀ ਗੱਲ ਆ ਗਈ ਹੈ। We should not repeat it. ਠੀਕ ਹੈ, ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ**: ਮੇਰੀ ਬੇਨਤੀ ਹੈ ਕਿ ਇਸ ਤੇ ਜ਼ਰੂਰ ਗੌਰ ਕਰੋ।

**ਰਾਣਾ ਗੁਰਜੀਤ ਸਿੰਘ (ਕਪੂਰਥਲਾ)**: ਸਪੀਕਰ ਸਾਹਿਬ, ਧੰਨਵਾਦ ਜੀ। ਪੰਜਾਬ ਟਾਊਨ ਇੰਪਰੂਵਮੈਂਟ ਐਕਟ, 1922 ਵਿੱਚ ਸਰਕਾਰ ਅਮੈਂਡਮੈਂਟ ਲਿਆ ਰਹੀ ਹੈ। 1922 ਵਾਲੇ ਐਕਟ ਵਿੱਚ ਸਾਲ 2025 ਵਿੱਚ ਅਮੈਂਡਮੈਂਟ ਲਿਆ ਰਹੇ ਹਨ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਮੈਂਡਮੈਂਟ ਸੈਕਸ਼ਨ 2 ਕਲਾਜ਼ 10 ਅਤੇ 11 ਦੀ ਲਿਆ ਰਹੇ ਹੋ ਜਿਸ ਰਾਹੀਂ moveable or immovable ਪ੍ਰਾਪਰਟੀ ਨੂੰ ਡਿਸਪੋਜ਼ ਕਰਨ ਉਪਰੰਤ ਪੈਸਾ ਕ੍ਰੀਏਟ ਕੀਤੇ ਗਏ ਮਿਊਂਸਿਪਲ ਡਿਵੈਲਪਮੈਂਟ ਫੰਡ ਵਿੱਚ ਜਾਵੇਗਾ। ਇਸ ਦਾ ਮੋਟਿਵ ਇਹ ਹੈ ਕਿ ਉਹ ਪੈਸਾ ਲਿਆ ਕੇ ਤੁਸੀਂ ਸਰਕਾਰ ਨੂੰ ਦੇ ਦਿਉ। ਮੈਂ ਦੱਸਣਾ ਚਾਹਾਂਗਾ ਕਿ ਜਾਇਦਾਦ ਵੇਚਣ ਦਾ ਅਧਿਕਾਰ ਉੱਥੋਂ ਦੀ ਕਮੇਟੀ ਜਾਂ ਕਾਰਪੋਰੇਸ਼ਨ ਨੂੰ ਹੈ ਤੇ ਇਸ ਸਬੰਧੀ ਪਹਿਲਾਂ ਵੀ ਰਿੱਟ ਹੋਈ ਹੈ। ਇਹ CWP 4511 ਮਿਤੀ 15.01.2001 ਨੂੰ Justice Singhvi ਦੀ Court ਵਿੱਚ ਫਾਈਲ ਹੋਈ ਸੀ, ਉਸ ਸਮੇਂ ਉਹ ਐਕਟਿੰਗ ਚੀਫ ਜਸਟਿਸ ਸਨ। ਉਨ੍ਹਾਂ ਨੇ ਸਰਕਾਰ ਦੇ ਫੈਸਲੇ ਨੂੰ ਟਰਨ ਡਾਊਨ ਕੀਤਾ, ਸਰਕਾਰ ਨੂੰ ਖਿੱਚਿਆ ਕਿ you can't do this. ਹੁਣ ਫਿਰ ਤੋਂ ਰਿੱਟ ਹੋਈ ਹੈ, ਆਪਾਂ ਫਿਰ ਉੱਥੇ ਦੇ ਉੱਥੇ ਹੀ ਰਹਿ ਜਾਵਾਂਗੇ। ਜਿਵੇਂ ਪਾਹੜਾ ਸਾਹਿਬ ਨੂੰ ਦੁੱਖ ਹੋਇਆ ਹੈ, ਉਨ੍ਹਾਂ ਦਾ ਦੁੱਖ ਬਿਲਕੁਲ ਜਾਇਜ਼ ਹੈ, ਪੀੜ ਹੈ ਤੇ ਇਹ ਹਰ

ਮੈਂਬਰ ਨੂੰ ਹੋਣੀ ਚਾਹੀਦੀ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਪਿੱਛੇ ਕੀ ਮੰਤਵ ਹੈ? ਇਸ ਦਾ ਮੰਤਵ ਹੈ ਕਿ ਤੁਸੀਂ ਸਾਰੇ ਪੰਜਾਬ ਦੇ ਕੰਮ ਕਰੋ, ਪੈਸੇ ਖੱਟੋ, ਇਕੱਠੇ ਕਰੋ ਤੇ ਸਰਕਾਰ ਚਲਾਉ ਲੇਕਿਨ ਇਹ ਗਲਤ ਹੈ। ਮੈਂ ਇਹ ਗੱਲ ਕਰਨੀ ਚਾਹੁੰਦਾ ਹਾਂ ਕਿ ਸਾਡੀ ਜਾਇਦਾਦ ਹੈ, ਜਿਹੜਾ ਵੀ ਹਲਕੇ ਦਾ ਐਮ.ਐਲ.ਏ. ਬਣਦਾ ਹੈ, ਉਹ ਉੱਥੇ ਰਹਿੰਦਾ ਹੈ ਅਤੇ ਇਹ ਉਨ੍ਹਾਂ ਦੀ ਜਾਇਦਾਦ ਹੈ। ਉਹ ਹੀ ਫ਼ੈਸਲਾ ਕਰਨਗੇ ਕਿ ਇਸ ਪੈਸੇ ਦਾ ਕੀ ਕਰਨਾ ਹੈ, ਜਾਇਦਾਦ ਵੇਚਣੀ ਹੈ ਜਾਂ ਨਹੀਂ ਵੇਚਣੀ ਹੈ।

**ਮਾਣਯੋਗ ਸਪੀਕਰ**: ਠੀਕ ਹੈ, ਤੁਹਾਡੀ ਗੱਲ ਆ ਗਈ ਹੈ।

**ਰਾਣਾ ਗੁਰਜੀਤ ਸਿੰਘ**: ਸਪੀਕਰ ਸਾਹਿਬ, ਮੈਂ ਇੱਕ ਗੱਲ ਹੋਰ ਕਰਨੀ ਚਾਹਾਂਗਾ ਕਿ ਮੰਤਰੀ ਜੀ ਨੇ ਸਫਾਈ ਕਰਮਚਾਰੀਆਂ ਬਾਰੇ ਵੀ ਆਸ਼ਵਾਸਨ ਦੇ ਦਿੱਤਾ ਹੈ, ਇਹ ਬਹੁਤ ਅੱਛਾ ਸਟੈੱਪ ਹੈ। ਜਿਹੜੇ ਚੰਗੇ ਕੰਮ ਕਰੋਗੇ, ਉਸ ਨੂੰ ਸਹੀ ਕਹਾਂਗੇ ਲੇਕਿਨ ਇਹ ਚੰਗਾ ਕੰਮ ਬਹੁਤ ਡਿਲੇਅਡ ਹੈ। ਦੇਖੋ, ਰਾਮ ਜੀ ਦੀ ਬਰਾਤ ਜਾ ਰਹੀ ਹੋਵੇ ਤੇ ਸਾਰਾ ਸ਼ਹਿਰ ਗੰਦਗੀ ਵਿੱਚ ਭਰਿਆ ਹੋਵੇ ਤਾਂ ਚੰਗਾ ਨਹੀਂ ਲੱਗਦਾ। ਅੱਗੇ ਆਪਣੇ ਸਾਰੇ ਤਿਉਹਾਰ ਆਉਣੇ ਹਨ, ਦੁਸਹਿਰਾ ਆਉਣਾ ਹੈ, ਰਾਮ ਲੀਲਾ ਚੱਲ ਰਹੀ ਹੈ, ਇਸ ਲਈ ਸਫਾਈ ਦਾ ਪੁਖਤਾ ਪ੍ਰਬੰਧ ਹੋਣਾ ਚਾਹੀਦਾ ਹੈ। ਲੋਕ ਐਮ.ਐਲ.ਏਜ਼. ਨੂੰ ਮਾੜਾ ਕਹਿੰਦੇ ਹਨ। ਉਹ ਕਹਿੰਦੇ ਹਨ ਕਿ ਚਾਹੇ ਤੁਸੀਂ ਆਪੋਜ਼ੀਸ਼ਨ ਵਿੱਚ ਹੋ ਪਰ ਜੇ ਤੁਹਾਨੂੰ ਐਮ.ਐਲ.ਏ. ਬਣਾਇਆ ਹੈ ਤਾਂ ਕਿਸ ਵਾਸਤੇ ਬਣਾਇਆ ਹੈ? ਇਹ ਗੰਦਗੀ ਸਾਫ ਕਰਵਾਉ। ਇੱਥੋਂ ਤੱਕ ਕਿ ਜੇ ਕਾਰਪੋਰੇਸ਼ਨ ਵਿੱਚ ਸਾਡੀ ਬਹੁਮਤ ਹੈ ਤਾਂ ਲੋਕ ਕਹਿੰਦੇ ਹਨ ਕਿ ਤੁਹਾਨੂੰ ਕਿਸ ਵਾਸਤੇ ਚੁਣਿਆ ਹੈ। ਮੈਂ ਨਹੀਂ ਕਹਿੰਦਾ ਕਿ ਤੁਹਾਡਾ ਕਸੂਰ ਹੈ ਲੇਕਿਨ ਇਹ ਫੈਸਲਾ ਲੈਣ ਵਿੱਚ ਬਹੁਤ ਡਿਲੇਅ ਕੀਤੀ ਹੈ, ਜਿਸ ਦਾ ਪੰਜਾਬ ਨੇ ਨੁਕਸਾਨ ਭੋਗਿਆ ਹੈ। ਸੋ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸ਼ਹਿਰ ਸਾਫ ਹੋਣੇ ਚਾਹੀਦੇ ਹਨ।

**ਮਾਣਯੋਗ ਸਪੀਕਰ:** ਠੀਕ ਹੈ ਜੀ।

**ਰਾਣਾ ਗੁਰਜੀਤ ਸਿੰਘ**: ਸਰ, ਇੱਕ ਮਿੰਟ ਜੀ। ਮੈਂ ਇਕ ਗੱਲ ਹੋ ਕਹਿਣੀ ਹੈ, ਇਸ ਦਾ ਬਹੁਤ ਫਾਇਦਾ ਹੈ।

**ਮਾਣਯੋਗ ਸਪੀਕਰ**: ਫਾਇਦਾ ਤਾਂ ਬਹੁਤ ਗੱਲਾਂ ਦਾ ਹੈ ਜੀ, ਤੁਸੀਂ ਬਿਲ ਤੇ ਆਉ।

**ਰਾਣਾ ਗੁਰਜੀਤ ਸਿੰਘ**: ਆਖਰ ਇਹ ਪੈਸੇ ਤੁਸੀਂ ਖਰਚਣੇ ਤਾਂ ਠੇਕੇਦਾਰਾਂ ਤੇ ਹੀ ਹਨ। ਫਿਰ ਉਸ ਤੋਂ ਬਾਅਦ ਕੀ ਹੋਵੇਗਾ? ਇਸ ਲਈ ਅਸੀਂ ਕੋਈ ਐਸਾ ਕੰਮ ਕਰੀਏ ਜਿਸ ਨਾਲ ਸਾਡੀ ਆਮਦਨ ਹਮੇਸ਼ਾ ਵਾਸਤੇ ਵਧੇ। ਇਹ ਹੁਣ ਸਫਾਈ ਸੇਵਕਾਂ ਵਾਲਾ ਧਰਨਾ ਚੁਕਵਾ ਦਿਉ, ਲੋਕ ਬੜੀ ਗੰਦਗੀ ਵਿੱਚ ਬੈਠੇ ਹਨ। ਮੈਂ ਜੱਜਮੈਂਟ ਦੀ ਕਾਪੀ ਇੱਥੇ ਪੜ੍ਹਨਾ ਚਾਹੁੰਦਾ ਸੀ ਲੇਕਿਨ ਟਾਈਮ ਥੋੜ੍ਹਾ ਹੈ। ਜੇ ਤੁਸੀਂ ਕਹੋ ਤਾਂ ਮੈਂ ਟੇਬਲ ਕਰ ਦਿਆਂ?

**ਮਾਣਯੋਗ ਸਪੀਕਰ:** ਟੇਬਲ ਤੇ ਰੱਖ ਦਿਓ। ਅਲਾਊਡ ਹੈ। ਧੰਨਵਾਦ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਰਾਣਾ ਗੁਰਜੀਤ ਸਿੰਘ ਨੇ ਜੱਜਮੈਂਟ** ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ।)

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਪੰਜਾਬ ਟਾਊਨ ਇੰਪਰੂਵਮੈਂਟ (ਸੋਧ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ**: ਹੁਣ ਸਦਨ ਬਿਲ ਤੇ ਕਲਾਜ਼ ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਅਤੇ 3**

**ਮਾਣਯੋਗ ਸਪੀਕਰ**: ਕਿਉਂਜੋ ਕਲਾਜ਼ਾਂ 2 ਅਤੇ 3 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ**: ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

---

** CWP No. 4511 dated 15.01.2001 (page No.1 to 22) Hard and Soft copy placed in Revisor's Branch.

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ:** ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨਗੇ।

**ਸਥਾਨਕ ਸਰਕਾਰ ਮੰਤਰੀ (ਡਾਕਟਰ ਰਵਜੋਤ ਸਿੰਘ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਟਾਊਨ ਇੰਪਰੂਵਮੈਂਟ (ਸੋਧ) ਬਿਲ, 2025 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਪੰਜਾਬ ਟਾਊਨ ਇੰਪਰੂਵਮੈਂਟ (ਸੋਧ) ਬਿਲ, 2025 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਪੰਜਾਬ ਟਾਊਨ ਇੰਪਰੂਵਮੈਂਟ (ਸੋਧ) ਬਿਲ, 2025 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ:** ਆਪ ਸਭ ਦਾ ਬਹੁਤ ਬਹੁਤ ਧੰਨਵਾਦ। ਹੁਣ, ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੁੰਦਾ ਹੈ।

*3.56 ਵਜੇ ਬਾਅਦ ਦੁਪਹਿਰ) (ਇਸ *ਸਮੇਂ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੋ ਗਿਆ।)

---

**ANNEXURE-I**

**<u>16ਵੀਂ ਪੰਜਾਬ ਵਿਧਾਨ ਸਭਾ</u>** **<u>ਪੰਜਾਬ ਵਿਧਾਨ ਸਭਾ</u>**

**<u>ਨੌਵਾਂ ਸਮਾਗਮ, 2025</u>** **<u>ਬੁਲੇਟਿਨ ਨੰ: 07</u>**

**<u>ਸੋਮਵਾਰ 29 ਸਤੰਬਰ, 2025</u>**

(11.00 ਵਜੇ ਪੂਰਵ ਦੁਪਹਿਰ ਤੋਂ 03.56 ਵਜੇ ਬਾਅਦ ਦੁਪਹਿਰ ਤੱਕ)

**1. <u>ਮੇਜ਼ ਤੇ ਰੱਖਿਆ ਜਾਣ ਵਾਲਾ ਕਾਗਜ਼-ਪੱਤਰ</u>**

ਸੰਸਦੀ ਮਾਮਲੇ ਮੰਤਰੀ ਨੇ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ: 1 ਅਧੀਨ ਦਰਸਾਇਆ ਗਿਆ ਲੜੀ ਨੰ: 1 ਤੇ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਿਆ।

**2. <u>ਨਿਯਮ 16 ਅਧੀਨ ਪ੍ਰਸਤਾਵ</u>**

ਸੰਸਦੀ ਮਾਮਲੇ ਮੰਤਰੀ ਦੁਆਰਾ ਕੀਤਾ ਗਿਆ ਨਿਮਨਲਿਖਤ ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

"ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।"

**3. <u>ਪੰਜਾਬ ਦਾ ਪੁਨਰਵਾਸ-ਸਰਕਾਰੀ ਮਤੇ ਤੇ ਮੁੜ ਬਹਿਸ ਅਤੇ ਵੋਟਿੰਗ</u>**

**1) <u>"ਪੰਜਾਬ ਦਾ ਪੁਨਰਵਾਸ" ਤੇ ਬਹਿਸ</u>**

ਸ਼੍ਰੀ ਬਰਿੰਦਰ ਕੁਮਾਰ ਗੋਇਲ, ਜਲ ਸੋਰਤ ਮੰਤਰੀ ਵੱਲੋਂ ਮਿਤੀ 26.09.2025 ਹੇਠ ਲਿਖਿਆ ਸਰਕਾਰੀ ਮਤਾ ਸਦਨ ਵਿੱਚ ਪੇਸ਼ ਕੀਤਾ ਗਿਆ ਸੀ, ਜਿਸ ਤੇ ਅੱਜ ਮਿਤੀ 29.09.2025 ਨੂੰ ਮੁੜ ਬਹਿਸ ਤੇ ਵੋਟਿੰਗ ਹੋਈ ਅਤੇ ਇਹ ਨਿਮਨਲਿਖਤ ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ:-

ਜਦੋਂ ਕਿ, ਪੰਜਾਬ ਰਾਜ ਭਿਆਨਕ ਹੜ੍ਹਾਂ ਨਾਲ ਤਬਾਹ ਹੋ ਗਿਆ ਹੈ, ਜਿਸਨੂੰ 1988 ਦੇ ਹੜ੍ਹਾਂ ਤੋਂ ਬਾਅਦ ਸੱਭ ਤੋਂ ਭਿਆਨਕ ਅਤੇ ਸੱਭ ਤੋਂ ਵਿਨਾਸ਼ਕਾਰੀ ਹੜ੍ਹ ਮੰਨਿਆ ਜਾਂਦਾ ਹੈ, ਜਿਸ ਨੇ ਇਤਿਹਾਸਕ ਤੌਰ 'ਤੇ 34 ਲੱਖ ਤੋਂ ਵੱਧ ਲੋਕਾਂ ਨੂੰ ਪ੍ਰਭਾਵਿਤ ਕੀਤਾ ਸੀ;

ਅਤੇ ਜਿੱਥੇ, ਮੌਜੂਦਾ ਆਫ਼ਤ ਨੇ ਸੁਤੰਤਰ ਭਾਰਤ ਵਿੱਚ ਪਿਛਲੀਆਂ ਵੱਡੀਆ ਹੜ੍ਹਾਂ ਦੀਆਂ ਘਟਨਾਵਾਂ, ਜਿਵੇਂ ਕਿ 1955 ਅਤੇ 1978 ਵਿੱਚ ਹੋਈਆਂ, ਨੂੰ ਵੱਡੇ ਪੈਮਾਨੇ ਅਤੇ ਤਬਾਹੀ ਦੇ ਮਾਮਲੇ ਵਿੱਚ ਪਛਾੜ ਦਿੱਤਾ ਹੈ, ਜਿਸ ਨਾਲ 20 ਲੱਖ ਤੋਂ ਵੱਧ ਲੋਕਾਂ ਦਾ ਕਈ ਤਰ੍ਹਾਂ ਨਾਲ ਨੁਕਸਾਨ ਹੋਇਆ, ਲਗਭਗ 5 ਲੱਖ ਏਕੜ ਵਿੱਚ ਫਸਲਾਂ ਤਬਾਹ ਹੋ ਗਈਆਂ, ਪਸ਼ੂਧਨ ਨੂੰ

ਬਹੁਤ ਨੁਕਸਾਨ ਹੋਇਆ, ਅਤੇ ਨਿੱਜੀ ਤੇ ਜਨਤਕ ਬੁਨਿਆਦੀ ਢਾਂਚੇ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਪਹੁੰਚਿਆ;

ਅਤੇ ਜਿੱਥੇ, ਪੰਜਾਬ ਦੇ ਮੁੱਖ ਮੰਤਰੀ ਨੇ ਇੱਕ ਵਿਆਪਕ ਮੁਲਾਂਕਣ ਤੋਂ ਬਾਅਦ, ਇਸ ਬੇਮਿਸਾਲ ਸੰਕਟ ਦਾ ਸਾਹਮਣਾ ਕਰਨ ਲਈ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ ਕੇਂਦਰ ਸਰਕਾਰ ਤੋਂ ਰਸਮੀ ਤੌਰ 'ਤੇ ਘੱਟੋ-ਘੱਟ 20,000 ਕਰੋੜ ਰੁਪਏ ਦੇ ਇੱਕ ਵਿਸ਼ੇਸ਼ ਅਤੇ ਮਹੱਤਵਪੂਰਨ ਵਿੱਤੀ ਰਾਹਤ ਪੈਕੇਜ ਦੀ ਮੰਗ ਕੀਤੀ;

ਅਤੇ ਜਿੱਥੇ, ਰਾਜ ਸਰਕਾਰ ਨੇ ਡੂੰਘੇ ਦੁੱਖ ਨਾਲ, ਇਸ ਸਦਨ ਅਤੇ ਪੰਜਾਬ ਦੇ ਲੋਕਾਂ ਨੂੰ ਸੂਚਿਤ ਕਰਨਾ ਚਾਹਿਆ ਹੈ ਕਿ 1,600 ਕਰੋੜ ਰੁਪਏ ਦੇ ਐਲਾਨੇ ਗਏ ਮਾਮੂਲੀ ਪੈਕੇਜ ਦਾ ਇੱਕ ਹਿੱਸਾ ਤੱਕ ਵੀ ਅਜੇ ਤੱਕ ਰਾਜ ਦੇ ਖਜ਼ਾਨੇ ਵਿੱਚ ਤਬਦੀਲ ਨਹੀਂ ਕੀਤਾ ਗਿਆ ਹੈ, ਜਿਸ ਨਾਲ ਰਾਜ ਨੂੰ, ਇਸਦੇ ਤੁਰੰਤ ਅਤੇ ਵਿਆਪਕ ਯਤਨਾਂ ਦੇ ਬਾਵਜੂਦ, ਮੁੱਖ ਤੌਰ 'ਤੇ ਆਪਣੇ ਹੀ ਸੀਮਤ ਸਰੋਤਾਂ ਨਾਲ ਇਸ ਆਫ਼ਤ ਨਾਲ ਲੜਨ ਲਈ ਛੱਡ ਦਿੱਤਾ ਗਿਆ ਹੈ;

ਅਤੇ ਜਿੱਥੇ, ਪ੍ਰਧਾਨ ਮੰਤਰੀ ਦਫ਼ਤਰ ਨੇ ਪੰਜਾਬ ਦੇ ਚੁਣੇ ਹੋਏ ਮੁੱਖ ਮੰਤਰੀ ਵੱਲੋਂ ਮੀਟਿੰਗ ਲਈ ਵਾਰ-ਵਾਰ ਕੀਤੀ ਗਈ ਬੇਨਤੀ ਦਾ ਜਵਾਬ ਨਹੀਂ ਦਿੱਤਾ, ਅਤੇ ਚੁਣੇ ਹੋਏ ਵਿਅਕਤੀਆਂ ਤੱਕ ਗੱਲਬਾਤ ਸੀਮਤ ਕਰਕੇ, ਪੰਜਾਬ ਨੂੰ ਆਪਣੇ ਮੁੱਖ ਮੰਤਰੀ ਰਾਹੀਂ ਸਹੀ ਅਤੇ ਵਿਆਪਕ ਪ੍ਰਤੀਨਿਧਤਾ ਕਰਨ ਤੋਂ ਰੋਕਿਆ

ਹੁਣ, ਇਸ ਲਈ, ਇਹ ਮਤਾ ਪਕਾਉਂਦੇ ਹੋਏ, ਇਹ ਸਦਨ ਪੰਜਾਬ ਵਿਧਾਨ ਸਭਾ:-

1. ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਦਹਾਕਿਆ ਵਿੱਚ ਪੰਜਾਬ ਨੂੰ ਦਰਪੇਸ਼ ਸਭ ਤੋਂ ਭਿਆਨਕ ਹੜ੍ਹਾਂ ਦੇ ਪੈਮਾਨੇ ਦੇ ਅਨੁਸਾਰ ਇੱਕ ਵਿਸ਼ੇਸ਼ ਵਿੱਤੀ ਪੈਕੇਜ ਨੂੰ ਮਨਜ਼ੂਰੀ ਦੇਣ ਵਿੱਚ ਪ੍ਰਤੀਕਿਰਿਆ ਦੀ ਘਾਟ ਅਤੇ ਅਸਫਲਤਾ ਦੀ ਸਪਸ਼ਟ ਤੌਰ 'ਤੇ ਨਿੰਦਾ ਕਰਦਾ ਹੈ।

2. ਪੰਜਾਬ ਦੇ ਚੁਣੇ ਹੋਏ ਮੁੱਖ ਮੰਤਰੀ ਵੱਲੋਂ ਮੀਟਿੰਗ ਲਈ ਵਾਰ-ਵਾਰ ਕੀਤੀ ਗਈ ਬੇਨਤੀ ਦਾ ਜਵਾਬ ਨਾ ਦੇਣ, ਜਿਸ ਨਾਲ ਰਾਜ ਦੇ ਲੋਕਾਂ ਦਾ ਅਪਮਾਨ ਹੋਇਆ ਹੈ, ਅਤੇ ਰਾਜ ਨੂੰ ਆਫ਼ਤ ਦੇ ਪੂਰੇ ਪੈਮਾਨੇ ਦੀ ਸਹੀ ਅਤੇ ਵਿਆਪਕ ਪ੍ਰਤੀਨਿਧਤਾ ਕਰਨ ਤੋਂ ਰੋਕਿਆ ਗਿਆ, ਲਈ ਪ੍ਰਧਾਨ ਮੰਤਰੀ ਦਫ਼ਤਰ ਦੀ ਸਖ਼ਤ ਨਿੰਦਾ ਦਰਜ ਕਰਦਾ ਹੈ।

3. 1,600 ਕਰੋੜ ਰੁਪਏ ਦੇ ਟੋਕਨ ਰਾਹਤ ਪੈਕੇਜ ਦੇ ਐਲਾਨ 'ਤੇ ਆਪਣੀ ਡੂੰਘੀ ਨਿਰਾਸ਼ਾ ਪ੍ਰਗਟ ਕਰਦਾ ਹੈ, ਜੋ ਕਿ ਪੂਰੀ ਰਿਕਵਰੀ ਲਈ 20,000 ਕਰੋੜ ਰੁਪਏ ਤੋਂ ਵੱਧ ਦੀ ਰਾਜ ਦੀ ਅਸਲ ਮੰਗ ਦਾ ਇੱਕ ਬੇਰਹਿਮ ਮਜ਼ਾਕ ਹੈ।

4. ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਉਦਾਸੀਨਤਾ ਵਿਰੁੱਧ ਆਪਣਾ ਸਖ਼ਤ ਵਿਰੋਧ ਦਰਜ ਕਰਦਾ ਹੈ ਜਿਸ ਦੇ ਨਤੀਜੇ ਵਜੋਂ ਐਲਾਨੇ ਗਏ ਟੋਕਨ ਫੰਡਾਂ ਵੀ ਪ੍ਰਾਪਤ ਨਹੀਂ ਹੋਏ, ਜਿਸ ਨਾਲ ਰਾਜ ਸਰਕਾਰ ਦੇ ਚੱਲ ਰਹੇ ਰਾਹਤ ਅਤੇ ਪੁਨਰਵਾਸ ਕਾਰਜਾਂ ਦੀ ਗਤੀ ਗੰਭੀਰ ਤੌਰ 'ਤੇ ਪ੍ਰਭਾਵਤ ਹੋਈ ਹੈ।

5. ਕੇਂਦਰ ਸਰਕਾਰ ਨੂੰ ਇਸ ਆਫ਼ਤ ਦੀ ਗੰਭੀਰਤਾ ਨੂੰ ਸਵੀਕਾਰ ਕਰਨ, ਮੁਲਾਂਕਣ ਕੀਤੇ ਗਏ ਨੁਕਸਾਨਾਂ 'ਤੇ ਮੁੜ ਵਿਚਾਰ ਕਰਨ, ਅਤੇ ਕਿਸਾਨਾਂ ਦੀ ਸਹਾਇਤਾ, ਤਬਾਹ ਹੋਏ ਬੁਨਿਆਦੀ ਢਾਂਚੇ ਦੇ ਮੁੜ ਨਿਰਮਾਣ ਅਤੇ ਪੰਜਾਬ ਦੇ ਲੋਕਾਂ ਦੀ ਰੋਜ਼ੀ-ਰੋਟੀ ਨੂੰ ਬਹਾਲ ਕਰਨ ਲਈ ਘੱਟੋ-ਘੱਟ 20,000 ਕਰੋੜ ਰੁਪਏ ਦੇ ਇੱਕ ਵਿਆਪਕ ਅਤੇ ਮਹੱਤਵਪੂਰਨ ਤੌਰ 'ਤੇ ਵਧੇ ਹੋਏ ਵਿਸ਼ੇਸ਼ ਵਿੱਤੀ ਪੈਕੇਜ ਨੂੰ ਤੁਰੰਤ ਮਨਜ਼ੂਰੀ ਦੇਣ ਦੀ ਮੰਗ ਕਰਦਾ ਹੈ, ਅਤੇ ਪੰਜਾਬ ਰਾਜ ਨੂੰ ਐਲਾਨੀ ਗਈ 1,600 ਕਰੋੜ ਰੁਪਏ ਦੀ ਪੂਰੀ ਵਿੱਤੀ ਸਹਾਇਤਾ ਤੁਰੰਤ ਅਤੇ ਪੂਰੀ ਤਰ੍ਹਾਂ ਰਾਜ ਦੇ ਖਜਾਨੇ ਵਿੱਚ ਭੇਜਣ ਦੀ ਮੰਗ ਕਰਦਾ ਹੈ।

ਸਦਨ ਇਹ ਵੀ ਫੈਸਲਾ ਕਰਦਾ ਹੈ ਕਿ ਇਸ ਮਤੇ ਦੀ ਇੱਕ ਕਾਪੀ, ਪੰਜਾਬ ਵਿਧਾਨ ਸਭਾ ਦੁਆਰਾ ਅਪਣਾਏ ਜਾਣ ਤੋਂ ਬਾਅਦ, ਅਧਿਕਾਰਤ ਤੌਰ 'ਤੇ ਮਾਣਯੋਗ ਪ੍ਰਧਾਨ ਮੰਤਰੀ, ਮਾਣਯੋਗ ਕੇਂਦਰੀ ਗ੍ਰਹਿ ਮੰਤਰੀ ਅਤੇ ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਨੂੰ ਉਨ੍ਹਾਂ ਦੀ ਤੁਰੰਤ ਅਤੇ ਫੈਸਲਾਕੁੰਨ ਕਾਰਵਾਈ ਲਈ ਭੇਜੀ ਜਾਵੇਗੀ।"

ਮੁੜ ਬਹਿਸ ਤੇ ਵੋਟਿੰਗ ਉਪਰੰਤ ਨਿਮਨਲਿਖਤ ਮੈਂਬਰ ਸਾਹਿਬਾਨ ਅਤੇ ਮੰਤਰੀ ਸਾਹਿਬਾਨ ਨੇ ਬਹਿਸ ਵਿਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | | |
|---|---|---|
| 1. | ਸ਼੍ਰੀ ਅਮਨ ਅਰੋੜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ | 27 ਮਿੰਟ |
| 2. | ਸਰਦਾਰ ਗੁਰਦੀਪ ਸਿੰਘ ਰੰਧਾਵਾ, ਆਮ ਆਦਮੀ ਪਾਰਟੀ | 06 ਮਿੰਟ |
| 3. | ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ | 09 ਮਿੰਟ |
| 4. | ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ, ਆਮ ਆਦਮੀ ਪਾਰਟੀ | 05 ਮਿੰਟ |
| 5. | ਸ਼੍ਰੀ ਬਰਿੰਦਰ ਕੁਮਾਰ ਗੋਇਲ, ਜਲ ਸਰੋਤ ਮੰਤਰੀ | 10 ਮਿੰਟ |
| 6. | ਰਾਣਾ ਗੁਰਜੀਤ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ | 10 ਮਿੰਟ |
| 7. | ਸਰਦਾਰ ਮਨਪ੍ਰੀਤ ਸਿੰਘ ਇਆਲੀ, ਸ਼੍ਰੋਮਣੀ ਅਕਾਲੀ ਦਲ | 04 ਮਿੰਟ |
| 8. | ਡਾਕਟਰ ਬਲਬੀਰ ਸਿੰਘ, ਸਿਹਤ ਅਤੇ ਪਰਿਵਾਰ ਭਲਾਈ ਮੰਤਰੀ | 11 ਮਿੰਟ |
| 9. | ਸਰਦਾਰ ਦਲਬੀਰ ਸਿੰਘ ਟੌਂਗ, ਆਮ ਆਦਮੀ ਪਾਰਟੀ | 04 ਮਿੰਟ |

10. ਸ਼੍ਰੀ ਸੰਦੀਪ ਜਾਖੜ, ਇੰਡੀਅਨ ਨੈਸ਼ਨਲ ਕਾਂਗਰਸ 03 ਮਿੰਟ
11. ਸ਼੍ਰੀ ਵਿਕਰਮਜੀਤ ਸਿੰਘ ਚੌਧਰੀ, ਇੰਡੀਅਨ ਨੈਸ਼ਨਲ ਕਾਂਗਰਸ 05 ਮਿੰਟ
12. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਆਮ ਆਦਮੀ ਪਾਰਟੀ 05 ਮਿੰਟ
13. ਸਰਦਾਰ ਹਰਦੀਪ ਸਿੰਘ ਮੁੰਡੀਆਂ, ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ 08 ਮਿੰਟ
14. ਸ਼੍ਰੀ ਲਾਲ ਚੰਦ, ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ 08 ਮਿੰਟ
15. ਸਰਦਾਰ ਗੁਰਮੀਤ ਸਿੰਘ ਖੁੱਡੀਆਂ, ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ 06 ਮਿੰਟ
16. ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ, ਇੰਡੀਅਨ ਨੈਸ਼ਨਲ ਕਾਂਗਰਸ 03 ਮਿੰਟ
17. ਰਾਣਾ ਇੰਦਰ ਪ੍ਰਤਾਪ ਸਿੰਘ, ਅਜ਼ਾਦ 04 ਮਿੰਟ

ਮਤੇ ਤੇ ਹੋਈ ਬਹਿਸ ਦਾ ਜਵਾਬ ਦਿੰਦੇ ਹੋਏ ਮਾਣਯੋਗ ਮੁੱਖ ਮੰਤਰੀ 43 ਮਿੰਟਾਂ ਲਈ ਬੋਲੇ।

**4. <u>ਸਦਨ ਦਾ ਥੋੜ੍ਹੇ ਸਮੇਂ ਲਈ ਸਥੱਗਿਤ ਹੋਣਾ</u>**

ਸਰਦਾਰ ਪ੍ਰਤਾਪ ਸਿੰਘ ਬਾਜਵਾ, ਵਿਰੋਧੀ ਧਿਰ ਦੇ ਨੇਤਾ ਅਤੇ ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ ਵਿਚਕਾਰ ਕਾਫ਼ੀ ਲੰਮੀ ਬਹਿਸ ਹੋਣ ਉਪਰੰਤ ਸਦਨ ਵਿੱਚ ਆਮ ਆਦਮੀ ਪਾਰਟੀ ਦੇ ਮੈਂਬਰਾਂ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਮੈਂਬਰਾਂ ਵਿਚਕਾਰ ਬਹਿਸ ਕਾਰਨ ਹੋਏ ਵਿਘਨ ਉਪਰੰਤ, ਮਾਣਯੋਗ ਸਪੀਕਰ ਵੱਲੋਂ ਸਦਨ ਨੂੰ 10 ਮਿੰਟ ਲਈ ਸਥੱਗਿਤ ਕੀਤਾ ਗਿਆ।

**5. <u>ਮਾਣਯੋਗ ਸਪੀਕਰ ਵੱਲੋਂ ਸਵਾਗਤੀ ਐਲਾਨ</u>**

1. ਮਾਣਯੋਗ ਸਪੀਕਰ ਵੱਲੋਂ ਬਾਬਾ ਫਰੀਦ ਪਬਲਿਕ ਸਕੂਲ, ਫਰੀਦਕੋਟ ਅਤੇ ਮੇਜਰ ਅਜਾਇਬ ਸਿੰਘ ਕਾਨਵੈਂਟ ਸਕੂਲ, ਜਿਊਣਵਾਲਾ, ਫਰੀਦਕੋਟ ਦੇ ਸਕੂਲੀ ਬੱਚਿਆਂ ਦੇ ਸਦਨ ਵਿੱਚ ਹਾਜ਼ਰ ਹੋਣ ਬਾਰੇ ਸਦਨ ਨੂੰ ਜਾਣੂੰ ਕਰਵਾਇਆ ਗਿਆ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਨੂੰ 'ਜੀ ਆਇਆਂ' ਆਖਿਆ ਗਿਆ।
2. ਮਾਣਯੋਗ ਸਪੀਕਰ ਵੱਲੋਂ ਕੋਟਕਪੂਰਾ ਤੋਂ ਆਏ ਆਸ਼ਾ ਵਰਕਰਜ਼ ਦੇ ਸਦਨ ਵਿੱਚ ਹਾਜ਼ਰ ਹੋਣ ਬਾਰੇ ਸਦਨ ਨੂੰ ਜਾਣੂੰ ਕਰਵਾਇਆ ਗਿਆ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਨੂੰ 'ਜੀ ਆਇਆਂ' ਆਖਿਆ ਗਿਆ।
3. ਮਾਣਯੋਗ ਸਪੀਕਰ ਵੱਲੋਂ ਮਾਣਯੋਗ ਕੇਂਦਰੀ ਰਾਜ ਰੇਲ ਮੰਤਰੀ, ਸਰਦਾਰ ਰਵਨੀਤ ਸਿੰਘ ਦੇ ਗਵਰਨਰ ਬਾਕਸ ਵਿੱਚ ਅਤੇ ਸ਼੍ਰੀ ਬਾਬੂ ਸਿੰਘ ਮਾਨ, ਲੋਕ ਗੀਤਾਂ ਦੇ ਗੀਤਕਾਰ ਅਤੇ ਲਿਖਾਰੀ ਦੇ ਸਦਨ ਵਿੱਚ ਹਾਜ਼ਰ ਹੋਣ ਬਾਰੇ ਸਦਨ ਨੂੰ ਜਾਣੂੰ ਕਰਵਾਇਆ ਗਿਆ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਨੂੰ 'ਜੀ ਆਇਆਂ' ਆਖਿਆ ਗਿਆ।

**6. ਮਾਣਯੋਗ ਸਪੀਕਰ ਵੱਲੋਂ ਪ੍ਰੇਖਣ**

ਮਾਣਯੋਗ ਸਪੀਕਰ ਵੱਲੋਂ ਨਿਮਨ ਅਨੁਸਾਰ ਪ੍ਰੇਖਣ ਕੀਤੇ ਗਏ:-

1. "ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਇੱਕ ਬੇਨਤੀ ਕਰਦਾ ਹਾਂ ਕਿ ਇਹ ਬੜਾ ਕੀਮਤੀ ਸਮਾਂ ਹੈ, ਪੰਜਾਬ ਦੇ ਲੋਕਾਂ ਨੇ ਸਾਨੂੰ ਇੱਥੇ ਬੜੀਆਂ ਉਮੀਦਾਂ ਨਾਲ ਭੇਜਿਆ ਹੈ। ਮੇਰੀ ਬੜੀ ਹੰਬਲ ਰਿਕੁਐਸਟ ਹੈ ਕਿ ਕਿਸੇ ਗੱਲ ਨੂੰ ਰਿਪੀਟ ਨਾ ਕਰੀਏ, ਜੇਕਰ ਇੱਕੋ ਗੱਲ ਨੂੰ ਰਿਪੀਟ ਕਰੀ ਜਾਈਏ ਤਾਂ ਫਿਰ ਉਸ ਦਾ ਕੋਈ ਫਾਇਦਾ ਨਹੀਂ ਹੈ। ਆਪਾਂ ਵੀਡਿਓ ਬਣਾ ਲਵਾਂਗੇ ਤੇ ਚਲਾ ਲਵਾਂਗੇ, ਉਸ ਦਾ ਕੀ ਫਾਇਦਾ ਹੈ ਜੀ। ਜੇ ਤੁਹਾਨੂੰ ਐਮ.ਐਲ.ਏ ਹੀ ਬਣਾ ਦਿੱਤਾ ਹੈ ਤਾਂ ਸਭ ਠੀਕ ਹੈ,ਲੋਕਾਂ ਨੇ ਇੰਨੀ ਵੱਡੀ ਜ਼ਿੰਮੇਵਾਰੀ ਦਿੱਤੀ ਹੈ ਕਿ ਵੀਡਿਓ ਤਾਂ ਆਪਣੇ ਆਪ ਹੀ ਬਣ ਜਾਣੀ ਹੈ। ਜੇ ਕੋਈ ਵੱਖਰੀ ਗੱਲ ਹੈ, ਨਵੀਂ ਗੱਲ ਹੈ, ਪੰਜਾਬ ਦੀ ਭਲਾਈ ਵਾਲੀ ਗੱਲ ਹੈ, ਉਹ ਆਪਾਂ ਇੱਥੇ ਜ਼ਰੂਰ ਕਰੀਏ।"
2. "ਰੋਸੁ ਨ ਕੀਜੈ ਉਤਰੁ ਦੀਜੈ।। ਇਹ ਅਜ਼ੀਮ ਸਦਨ ਹੈ। ਇਸ ਸਦਨ ਵਿੱਚ ਸਾਨੂੰ ਪੰਜਾਬ ਦੇ ਲੋਕਾਂ ਨੇ ਬੜੀਆਂ ਆਸਾਂ ਅਤੇ ਉਮੀਦਾਂ ਨਾਲ ਚੁਣ ਕੇ ਭੇਜਿਆ ਹੈ ਕਿ ਸਾਡੇ ਨੁਮਾਇੰਦੇ ਜੋ ਵੀ ਇੱਥੇ ਗੱਲ ਕਰਨਗੇ, ਉਸ ਨਾਲ ਸਾਡਾ ਮੁਸਤਕਬਿਲ ਸੰਵਰੇਗਾ, ਸਾਡਾ ਭਵਿੱਖ ਸੰਵਰੇਗਾ। ਜਦੋਂ ਆਪਾਂ ਇੱਥੇ ਇਸ ਤਰ੍ਹਾਂ ਦੀ ਗੱਲ ਕਰਦੇ ਹਾਂ, ਜਦੋਂ ਰੌਲਾ-ਰੱਪਾ ਬਾਹਰ ਜਾਂਦਾ ਹੈ ਤਾਂ ਮੈਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਪੰਜਾਬ ਦੇ ਲੋਕਾਂ ਦੀਆਂ ਆਸਾਂ ਉਮੀਦਾਂ ਤੇ ਪੂਰੇ ਨਹੀਂ ਉਤਰਦੇ। ਸਾਨੂੰ ਲੋਕ ਬਹੁਤ ਆਸ ਨਾਲ ਸੁਣਦੇ ਅਤੇ ਦੇਖਦੇ ਹਨ। ਸੋ ਮੇਰੀ ਸਾਰੇ ਹਾਊਸ ਦੇ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਜਦੋਂ ਕੋਈ ਵੀ ਮੈਂਬਰ ਬੋਲ ਰਿਹਾ ਹੈ, ਉਸ ਨੂੰ ਬੋਲ ਲੈਣ ਦਿਓ। ਤੁਸੀਂ ਆਪਣਾ ਉੱਤਰ ਦਿਓ। ਜੇਕਰ ਆਪਾਂ ਇੰਟਰੱਪਸ਼ਨ ਕਰਦੇ ਹਾਂ, ਇੰਟਰੱਪਸ਼ਨ ਵਿੱਚੋਂ ਕੁਝ ਵੀ ਨਹੀਂ ਨਿਕਲਣਾ, ਪਰ ਇਸ ਤਰ੍ਹਾਂ ਲੋਕਾਂ ਦੇ ਦਿਲ ਟੁਟਦੇ ਹਨ। ਪੰਜਾਬ ਦੇ ਲੋਕਾਂ ਦੇ ਦਿਲ ਪਹਿਲਾਂ ਹੀ ਬਹੁਤ ਟੁੱਟ ਚੁੱਕੇ ਹਨ। ਆਪਾਂ ਹੁਣ ਹੋਰ ਦਿਲ ਨਹੀਂ ਤੋੜਨੇ। ਆਪਾਂ ਹੁਣ ਉਨ੍ਹਾਂ ਦਾ ਦਿਲ ਬਣਾ ਕੇ ਅੱਗੇ ਲੈ ਕੇ ਜਾਣਾ ਹੈ। ਪੰਜਾਬ ਨੇ ਪਹਿਲਾਂ ਹੀ ਬਹੁਤ ਨੁਕਸਾਨ ਭੋਗਿਆ ਹੈ। ਪੰਜਾਬ ਦੇ ਲੋਕਾਂ ਨੇ ਬਹੁਤ ਆਸਾਂ ਉਮੀਦਾਂ ਨਾਲ ਸਾਨੂੰ ਏਥੇ ਭੇਜਿਆ ਹੈ। ਕਿਰਪਾ ਕਰਕੇ ਜਿਹੜਾ ਮੈਂਬਰ ਬੋਲਦਾ ਹੈ, ਉਸ ਨੂੰ ਬੋਲਣ ਦਿਓ। ਹਰੇਕ ਨੂੰ ਉੱਤਰ ਦੇਣ ਦਾ ਮੌਕਾ ਦਿੱਤਾ ਜਾਂਦਾ ਹੈ, ਅੱਗੇ ਵੀ ਦਿੱਤਾ ਜਾਵੇਗਾ। "
3. "ਇਹ ਬੜਾ ਹੀ ਕੀਮਤੀ ਅਤੇ ਬੜਾ ਅਜ਼ੀਮ ਸਦਨ ਹੈ। ਆਪਾਂ ਇੱਥੇ ਸਦਨ ਵਿੱਚ ਸੀਰੀਅਸ ਹੋ ਕੇ ਬੈਠਿਆ ਕਰੀਏ, ਆਪਾਂ ਗੱਲਾਂ-ਬਾਤਾਂ ਕਰਨੀਆਂ ਹਨ ਤਾਂ ਬਾਹਰ ਕਰ ਲਓ। ਪੰਜਾਬ ਦੇ ਤਿੰਨ ਕਰੋੜ ਲੋਕ ਸਾਨੂੰ ਦੇਖ ਰਹੇ ਹਨ ਔਰ ਬੜੀਆਂ ਆਸਾਂ ਨਾਲ ਦੇਖ ਰਹੇ ਹਨ। ਸੋ, ਬਹੁਤ ਹੀ ਸੀਰੀਅਸਨੈੱਸ ਇੱਥੋਂ ਨਜ਼ਰ ਆਉਣੀ ਚਾਹੀਦੀ ਹੈ। ਇੱਕ ਗੱਲ ਹੋਰ, ਸਦਨ ਵਿੱਚ ਬੈਠਣ ਦੇ ਅਤੇ ਵਿਚਰਨ ਦੇ ਕਈ ਨਿਯਮ ਹਨ, ਆਪਾਂ ਉਨ੍ਹਾਂ ਨਿਯਮਾਂ ਦੀ ਪਾਲਣਾ ਕਰੀਏ। ਕਈ ਨਿਯਮ ਇਸ ਤਰ੍ਹਾਂ ਦੇ ਹਨ, ਜਿਨ੍ਹਾਂ ਦੀ ਕਿ ਬਹੁਤੇ

ਮੈਂਬਰ ਅਤੇ ਕਈ ਸੀਨੀਅਰ ਮੈਂਬਰ ਵੀ ਉਲੰਘਣਾ ਕਰਦੇ ਹਨ। ਜੇਕਰ ਉਨ੍ਹਾਂ ਦਾ ਨੋਟਿਸ ਲਿਆ ਜਾਵੇ ਤਾਂ ਸਖਤ ਤੋਂ ਸਖਤ ਕਾਰਵਾਈ ਹੋ ਸਕਦੀ ਹੈ।

ਸੋ, ਮੈਂ ਇਹ ਸਮਝਦਾ ਹਾਂ ਕਿ ਸਾਰੇ ਮੈਂਬਰ ਸਾਹਿਬਾਨ ਨੂੰ ਸਦਨ ਦੀ ਮਰਿਆਦਾ ਨੂੰ ਬਣਾ ਕੇ ਰੱਖਣਾ ਚਾਹੀਦਾ ਹੈ। ਜਿਸ ਤਰ੍ਹਾਂ ਕੰਡਕਟ ਹੈ, ਅੰਦਰ ਕਿਵੇਂ ਆਉਣਾ ਜਾਣਾ ਹੈ, ਉਸ ਨੂੰ ਪਰਾਪਰਲੀ ਮੇਨਟੇਨ ਕਰਨਾ ਚਾਹੀਦਾ ਹੈ। ਜੇ ਆਪਾਂ ਸਦਨ ਦੀ ਮਰਿਆਦਾ ਬਣਾ ਕੇ ਰੱਖਾਂਗੇ ਤਾਂ ਪੰਜਾਬ ਦੇ ਲੋਕਾਂ ਨੂੰ ਖੁਸ਼ੀ ਹੋਵੇਗੀ ਕਿ ਅਸੀਂ ਇੱਥੇ ਸਹੀ ਲੋਕਾਂ ਨੂੰ ਚੁਣ ਕੇ ਭੇਜਿਆ ਹੈ। ਸੋ, ਆਪਾਂ ਸਦਨ ਦੀਆਂ ਕਦਰਾਂ ਕੀਮਤਾਂ ਨੂੰ uphold ਕਰੀਏ। ਜਨਤਾ ਦੇ ਟਰੱਸਟ ਨੂੰ ਵੀ uphold ਕਰੀਏ।

**4.** ਮੈਂ ਆਪਣੇ ਵੱਲੋਂ ਇੱਕ interaction ਦੱਸਣਾ ਚਾਹੁੰਦਾ ਹਾਂ ਕਿ ਜਦੋਂ ਇਸ ਹਾਊਸ ਵਿੱਚ ਜੀ.ਐਸ.ਟੀ ਦਾ ਬਿਲ ਆਇਆ ਸੀ ਤਾਂ ਅਸੀਂ ਇੱਧਰ (ਆਪੋਜੀਸ਼ਨ ਬੈਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਵਾਲੇ ਪਾਸੇ ਬੈਠੇ ਸੀ। ਅਤੇ ਇੱਧਰੋਂ (ਟਰੇਜਰੀ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਉਸ ਸਮੇਂ ਦੇ ਫਾਈਨਾਂਸ ਮਨਿਸਟਰ ਸਾਹਿਬ ਨੇ ਉਦੋਂ ਬੋਲਦੇ ਹੋਏ ਕਿਹਾ ਕਿ ਇਹ ਸਦੀਆਂ ਵਿੱਚ ਕਦੇ ਕਦੇ ਹੁੰਦਾ ਹੈ, ਜਿਹੜਾ ਇੰਨਾ ਵਧੀਆ ਬਿਲ ਸਦਨ ਵਿੱਚ ਆ ਰਿਹਾ ਹੈ।

ਮੇਰਾ ਖਿਆਲ ਹੈ ਕਿ ਅੱਜ ਤੱਕ ਇਕੱਲਾ ਪੰਜਾਬ ਹੀ ਨਹੀਂ, ਸਾਰੀਆਂ ਹੀ ਸਟੇਟਾਂ ਉਸ ਦਾ ਖਮਿਆਜ਼ਾ ਭੁਗਤ ਰਹੀਆਂ ਹਨ। ਉਸ ਦੀ ਇੰਪਲੀਮੈਂਟੇਸ਼ਨ ਦੇ ਨਾਲ ਛੋਟੇ ਬਿਜ਼ਨਸਮੈਨ ਮਾਰੇ ਗਏ। ਦੇਸ਼ ਦਾ ਨੁਕਸਾਨ ਹੋਇਆ, ਗਰੀਬ ਲੋਕਾਂ ਦਾ ਨੁਕਸਾਨ ਹੋਇਆ। ਸੋ ਵੱਧ ਤੋਂ ਵੱਧ ਡਿਸਕਸ਼ਨ ਵਿੱਚ ਹਿੱਸਾ ਲਓ।

ਇਸ ਦੇ ਨਾਲ ਹੀ ਮੈਂ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਸਾਹਿਬ, ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਆਪਾਂ ਸਬੰਧਤ ਅਧਿਆਕਾਰੀਆਂ ਨੂੰ ਸਜ਼ਾ ਭਾਵੇਂ ਨਾ ਦੇਈਏ ਲੇਕਿਨ ਉਨ੍ਹਾਂ ਨੂੰ ਪ੍ਰੋਤਸਾਹਨ ਜ਼ਰੂਰ ਦਈਏ। ਤੁਸੀਂ ਐਕਸਪਲੋਰ ਕਰੋ ਕਿ ਜਿਹੜਾ ਬਿਲ as per Rules/Act 15 ,ਦਿਨ ਪਹਿਲਾਂ ਆ ਸਕਦਾ ਹੈ ,ਜੇਕਰ ਕੋਈ ਅਫਸਰ ਇਹ ਬਿਲ ਪਹਿਲਾਂ ਲੈ ਕੇ ਆਵੇਗਾ, ਉਨ੍ਹਾਂ ਨੂੰ ਕੋਈ ਸ਼ਾਬਾਸ਼ੀ ਦਿਓ, ਕੋਈ ਤਰੱਕੀ ਦਿਓ, ਕੋਈ ਇਨਕ੍ਰੀਮੈਂਟ ਦਿਓ। ਇਹ ਬਹੁਤ ਜ਼ਰੂਰੀ ਹੈ ਕਿਉਂਕਿ ਜਿਹੜੀਆਂ ਵੀ ਮੱਦਾਂ ਇੱਥੇ ਵਿਧਾਨ ਸਭਾ ਵਿੱਚ ਬਿਲ ਮੈਂਬਰ ਸਾਹਿਬਾਨ ਨੂੰ ਨਾ ਮਿਲਣ ਕਰਕੇ ਬਿਨਾਂ ਡਿਸਕਸ਼ਨ ਤੋਂ ਪਾਸ ਹੋਣਗੀਆਂ, ਉਸ ਦਾ ਲੋਕਾਂ ਨੂੰ ਫਾਇਦਾ ਹੋਣ ਦੇ ਚਾਂਸਿਜ਼ ਚਾਹੇ ਹੁੰਦੇ ਹੋਣਗੇ ਪਰ ਮੈਨੂੰ ਇਹ ਲੱਗਦਾ ਹੈ ਕਿ ਜੇਕਰ ਮੈਂਬਰਜ਼ ਨੂੰ ਬਿਲ ਉਪਲਬਧ ਕਰਵਾ ਕੇ ,ਤਿਆਰੀ ਨਾਲ ਡਿਸਕਸ਼ਨ ਹੋਵੇ ਤਾਂ ਫਾਇਦਾ ਹੋਣ ਦੇ ਚਾਂਸਿਜ਼ ਹੋਰ ਵੀ ਵਧ ਜਾਣਗੇ। ਸੋ, ਅੱਗੇ ਤੋਂ ਇਹ ਯਕੀਨੀ ਬਣਾਇਆ ਜਾਵੇ ਕਿ ਬਿਲ ਜਿੰਨਾ ਜਲਦੀ ਪਹਿਲਾਂ ਲਿਆ ਸਕਦੇ ਹਾਂ ਉਨਾਂ ਜਿਆਦਾ ਬਿਹਤਰ ਹੋਵੇਗਾ। 15 ਦਿਨ ਪਹਿਲਾਂ ਤਾਂ ਐਜ਼ ਪਰ ਪ੍ਰੋਵੀਜ਼ਨ ਹੀ ਆਉਣਾ ਹੈ।"

**5.** "ਅੱਜ ਮੈਂ ਇਸ ਗੱਲ ਤੋਂ ਬੜਾ ਖੁਸ਼ ਹਾਂ ਜੀ। ਮੈਂ ਤੁਹਾਡਾ ਧੰਨਵਾਦੀ ਵੀ ਹਾਂ ਕਿ ਜਦੋਂ ਵੀ ਕਿਤੇ ਡਿਸਕਸ਼ਨ ਹੁੰਦੀ ਹੈ, ਸਾਡੀਆਂ ਸਪੀਕਰਜ਼ ਕਾਨਫਰੰਸਿਜ ਹੁੰਦੀਆਂ ਹਨ, ਉਥੇ ਇੱਕੋ ਗੱਲ ਡਿਸਕਸ ਹੁੰਦੀ ਹੈ ਕਿ

ਸਾਨੂੰ ਲੋਕਤੰਤਰ ਦੇ ਵਿੱਚ ਜਿਹੜੀ ਲੈਜਿਸਲੇਚਰ ਹੈ, ਇਸ ਨੂੰ ਸਭ ਤੋਂ ਵੱਧ ਪਾਵਰਫੁੱਲ ਬਣਾਇਆ ਗਿਆ ਹੈ। ਡੈਮੋਕਰੇਸੀ ਦੇ ਵਿੱਚ ਜੁਡੀਸ਼ਰੀ ਇੰਡੀਪੈਂਡੈਂਟ ਹੈ। ਐਗਜੈਕਟਿਵ ਵੀ ਇੰਡੀਪੈਂਡੈਂਟ ਹੈ ਪ੍ਰੰਤੂ ਉਹ ਜਿਹੜੀ ਪਾਵਰ ਲੈਂਦੀ ਹੈ, ਉਹ ਲੈਜਿਸਲੇਚਰ ਤੋਂ ਪਾਵਰ ਲੈਂਦੀ ਹੈ। ਹੁਣ ਅਮੈਂਡਮੈਂਟਸ ਹੀ ਇੰਨੀਆਂ ਹੋ ਗਈਆਂ ਹਨ ਕਿ ਹੁਣ ਜਿਹੜੀ ਲੈਜਿਸਲੇਚਰ ਹੈ, ਉਸ ਦੀ ਸੇਅ ਘੱਟਦੀ ਜਾ ਰਹੀ ਹੈ। ਉਹ ਹੋਈਆਂ ਇਸ ਕਰਕੇ ਕਿ ਬਿਲਾਂ ਤੇ ਡਿਸਕਸ਼ਨ ਨਹੀਂ ਹੁੰਦੀ। ਇਹ ਇਕੱਲੀ ਇਕ ਸਟੇਟ ਦੀ ਗੱਲ ਨਹੀਂ ਹੈ ਬਲਕਿ ਸਾਰੇ ਹਿੰਦੁਸਤਾਨ ਵਿਚ ਇਹੀ ਚਲਣ ਹੈ। ਸੋ, ਅੱਜ ਮੈਂ ਬੜਾ ਖੁਸ਼ ਹਾਂ ਕਿ ਤੁਸੀਂ ਇਸ ਡਿਸਕਸ਼ਨ ਵਿਚ ਭਾਗ ਲਿਆ ਹੈ ਔਰ ਮੈਂ ਸਮਝਦਾ ਹਾਂ ਕਿ ਇਸ ਕੁਰਸੀ ਨਾਲ ਆਪਾਂ ਅੱਜ ਜਸਟਿਸ ਕਰ ਰਹੇ ਹਾਂ। ਜਿਹੜੇ ਲੋਕਾਂ ਨੂੰ ਸਾਨੂੰ ਇਸ ਸਦਨ ਵਿਚ ਭੇਜਿਆ ਹੈ, ਅੱਜ ਆਪਾਂ ਉਨ੍ਹਾਂ ਨਾਲ ਜਸਟਿਸ ਕਰ ਰਹੇ ਹਾਂ।"

**7. <u>ਵਿਧਾਨਕ ਕੰਮ-ਕਾਰ</u>**

1) **<u>ਬੀਜ (ਪੰਜਾਬ ਸੋਧ) ਬਿਲ, 2025</u>**

ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਨੇ "ਬੀਜ (ਪੰਜਾਬ ਸੋਧ) ਬਿਲ, 2025" ਪੇਸ਼ ਕੀਤਾ ਅਤੇ ਇਹ ਵੀ ਪ੍ਰਸਤਾਵ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ 1 ਦੀ ਸਬ-ਕਲਾਜ਼ (2), ਕਲਾਜ਼ 2, ਕਲਾਜ਼ 1 ਦੀ ਸਬ-ਕਲਾਜ਼ (1) ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ "ਬੀਜ (ਪੰਜਾਬ ਸੋਧ) ਬਿਲ, 2025 ਪਾਸ ਕੀਤਾ ਜਾਵੇ", ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਹੋਈ ਬਹਿਸ ਵਿੱਚ ਨਿਮਨਲਿਖਤ ਮੈਂਬਰਾਂ ਨੇ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:-

| | |
|---|---|
| 1. ਸਰਦਾਰ ਪ੍ਰਤਾਪ ਸਿੰਘ ਬਾਜਵਾ,ਵਿਰੋਧੀ ਧਿਰ ਦੇ ਨੇਤਾ | 01 ਮਿੰਟ |
| 2. ਰਾਣਾ ਗੁਰਜੀਤ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ | 06 ਮਿੰਟ |
| 3. ਸਰਦਾਰ ਪਰਗਟ ਸਿੰਘ ਪੋਆਰ, ਇੰਡੀਅਨ ਨੈਸ਼ਨਲ ਕਾਂਗਰਸ | 02 ਮਿੰਟ |
| 4. ਸ੍ਰੀ ਸੰਦੀਪ ਜਾਖੜ, ਇੰਡੀਅਨ ਨੈਸ਼ਨਲ ਕਾਂਗਰਸ | 01 ਮਿੰਟ |
| 5. ਡਾਕਟਰ ਵਿਜੈ ਸਿੰਗਲਾ, ਆਮ ਆਦਮੀ ਪਾਰਟੀ | 01 ਮਿੰਟ |
| 6. ਸ੍ਰੀ ਗੁਰਲਾਲ ਘਨੌਰ, ਆਮ ਆਦਮੀ ਪਾਰਟੀ | 02 ਮਿੰਟ |
| 7. ਸਰਦਾਰ ਹਰਦੇਵ ਸਿੰਘ ਲਾਡੀ, ਇੰਡੀਅਨ ਨੈਸ਼ਨਲ ਕਾਂਗਰਸ | 02 ਮਿੰਟ |

8. ਸਰਦਾਰ ਮਨਪ੍ਰੀਤ ਸਿੰਘ ਇਆਲੀ, ਸ਼੍ਰੋਮਣੀ ਅਕਾਲੀ ਦਲ 02 ਮਿੰਟ

ਬਿਲ ਤੇ ਹੋਈ ਬਹਿਸ ਦਾ ਜਵਾਬ ਦਿੰਦੇ ਹੋਏ ਮਾਣਯੋਗ ਮੁੱਖ ਮੰਤਰੀ 06 ਮਿੰਟ ਲਈ ਬੋਲੇ।

2) **<u>ਪੰਜਾਬ ਰਾਈਟ ਟੂ ਬਿਜ਼ਨਸ (ਸੋਧ) ਬਿਲ, 2025</u>**

ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਮੰਤਰੀ ਨੇ "ਪੰਜਾਬ ਰਾਈਟ ਟੂ ਬਿਜ਼ਨਸ (ਸੋਧ) ਬਿਲ, 2025" ਪੇਸ਼ ਕੀਤਾ ਅਤੇ ਇਹ ਵੀ ਪ੍ਰਸਤਾਵ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ 1 ਦੀ ਸਬ-ਕਲਾਜ਼ (2), ਕਲਾਜ਼ਾਂ 2 ਤੋਂ 13, ਕਲਾਜ਼ 1 ਦੀ ਸਬ-ਕਲਾਜ਼ (1) ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ "ਪੰਜਾਬ ਰਾਈਟ ਟੂ ਬਿਜ਼ਨਸ (ਸੋਧ) ਬਿਲ, 2025" ਪਾਸ ਕੀਤਾ ਜਾਵੇ", ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਹੋਈ ਬਹਿਸ ਵਿੱਚ ਨਿਮਨਲਿਖਤ ਮੈਂਬਰਾਂ ਨੇ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:-

1. ਸਰਦਾਰ ਪਰਗਟ ਸਿੰਘ ਪੋਆਰ, ਇੰਡੀਅਨ ਨੈਸ਼ਨਲ ਕਾਂਗਰਸ 02 ਮਿੰਟ
2. ਸ਼੍ਰੀ ਸੁਖਵਿੰਦਰ ਸਿੰਘ ਕੋਟਲੀ, ਇੰਡੀਅਨ ਨੈਸ਼ਨਲ ਕਾਂਗਰਸ 02 ਮਿੰਟ

3) **<u>ਪੰਜਾਬ ਗੁਡਜ਼ ਐਂਡ ਸਰਵਿਸਜ਼ ਟੈਕਸ (ਸੋਧ) ਬਿਲ, 2025</u>**

ਵਿੱਤ ਮੰਤਰੀ ਨੇ "ਪੰਜਾਬ ਗੁਡਜ਼ ਐਂਡ ਸਰਵਿਸਜ਼ ਟੈਕਸ (ਸੋਧ) ਬਿਲ, 2025" ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ 1 ਦੀ ਸਬ-ਕਲਾਜ਼ (2), ਕਲਾਜ਼ਾਂ 2 ਤੋਂ 15, ਕਲਾਜ਼ 1 ਦੀ ਸਬ-ਕਲਾਜ਼ (1) ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਵਿੱਤ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ ""ਪੰਜਾਬ ਗੁਡਜ਼ ਐਂਡ ਸਰਵਿਸਜ਼ ਟੈਕਸ (ਸੋਧ) ਬਿਲ, 2025" ਪਾਸ ਕੀਤਾ ਜਾਵੇ", ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਸਰਦਾਰ ਪ੍ਰਤਾਪ ਸਿੰਘ ਬਾਜਵਾ, ਵਿਰੋਧੀ ਧਿਰ ਦੇ ਨੇਤਾ ਬਿਲ ਤੇ ਹੋਈ ਬਹਿਸ ਵਿੱਚ ਹਿੱਸਾ ਲਿਆ ਅਤੇ ਉਹ 03 ਮਿੰਟ ਲਈ ਬੋਲੇ।

ਵਿੱਤ ਮੰਤਰੀ ਬਹਿਸ ਦਾ ਜਵਾਬ ਦਿੰਦੇ ਹੋਏ 05 ਮਿੰਟ ਲਈ ਬੋਲੇ।

4) **ਪੰਜਾਬ ਅਪਾਰਟਮੈਂਟ ਅਤੇ ਪ੍ਰੋਪਰਟੀ ਰੈਗੂਲੇਸ਼ਨ (ਸੋਧ) ਬਿਲ, 2025**

ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਨੇ "ਪੰਜਾਬ ਅਪਾਰਟਮੈਂਟ ਅਤੇ ਪ੍ਰੋਪਰਟੀ ਰੈਗੂਲੇਸ਼ਨ (ਸੋਧ) ਬਿਲ, 2025" ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ 1 ਦੀ ਸਬ-ਕਲਾਜ਼ (2), ਕਲਾਜ਼ 2, ਕਲਾਜ਼ 1 ਦੀ ਸਬ-ਕਲਾਜ਼ (1) ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ "ਪੰਜਾਬ ਅਪਾਰਟਮੈਂਟ ਅਤੇ ਪ੍ਰੋਪਰਟੀ ਰੈਗੂਲੇਸ਼ਨ (ਸੋਧ) ਬਿਲ, 2025" ਪਾਸ ਕੀਤਾ ਜਾਵੇ",, ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਹੋਈ ਬਹਿਸ ਵਿੱਚ ਨਿਮਨਲਿਖਤ ਮੈਂਬਰਾਂ ਨੇ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:-

| | | |
|---|---|---|
| 1. | ਸਰਦਾਰ ਪਰਗਟ ਸਿੰਘ ਪੋਆਰ, ਇੰਡੀਅਨ ਨੈਸ਼ਨਲ ਕਾਂਗਰਸ | 02 ਮਿੰਟ |
| 2. | ਪ੍ਰਿੰਸੀਪਲ ਬੁੱਧ ਰਾਮ, ਆਮ ਆਦਮੀ ਪਾਰਟੀ | 03 ਮਿੰਟ |
| 3. | ਸ਼੍ਰੀ ਵਿਕਰਮਜੀਤ ਸਿੰਘ ਚੌਧਰੀ, ਇੰਡੀਅਨ ਨੈਸ਼ਨਲ ਕਾਂਗਰਸ | 02 ਮਿੰਟ |

ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਬਿਲ ਤੇ ਹੋਈ ਬਹਿਸ ਦਾ ਜਵਾਬ ਦਿੰਦੇ ਹੋਏ 02 ਮਿੰਟ ਲਈ ਬੋਲੇ।

5) **ਪੰਜਾਬ ਸਹਿਕਾਰੀ ਸਭਾਵਾਂ (ਸੋਧ) ਬਿਲ, 2025**

ਵਿੱਤ ਮੰਤਰੀ ਨੇ "ਪੰਜਾਬ ਸਹਿਕਾਰੀ ਸਭਾਵਾਂ (ਸੋਧ) ਬਿਲ, 2025" ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ 1 ਦੀ ਸਬ-ਕਲਾਜ਼ (2), ਕਲਾਜ਼ਾਂ 2 ਤੇ 3, ਕਲਾਜ਼ 1 ਦੀ ਸਬ-ਕਲਾਜ਼ (1) ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਵਿੱਤ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ ""ਪੰਜਾਬ ਸਹਿਕਾਰੀ ਸਭਾਵਾਂ (ਸੋਧ) ਬਿਲ, 2025" ਪਾਸ ਕੀਤਾ ਜਾਵੇ", ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਸਰਦਾਰ ਪਰਗਟ ਸਿੰਘ ਪੋਆਰ, ਇੰਡੀਅਨ ਨੈਸ਼ਨਲ ਕਾਂਗਰਸ ਦੇ ਮੈਂਬਰ ਨੇ ਬਿਲ ਤੇ ਹੋਈ ਬਹਿਸ ਵਿੱਚ ਹਿੱਸਾ ਲਿਆ ਅਤੇ ਉਹ 01 ਮਿੰਟ ਲਈ ਬੋਲੇ।

6) **ਪੰਜਾਬ ਟਾਊਨ ਇੰਪਰੂਵਮੈਂਟ (ਸੋਧ) ਬਿਲ, 2025**

ਸਥਾਨਕ ਸਰਕਾਰ ਮੰਤਰੀ ਨੇ "ਪੰਜਾਬ ਟਾਊਨ ਇੰਪਰੂਵਮੈਂਟ (ਸੋਧ) ਬਿਲ, 2025" ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ 1 ਦੀ ਸਬ-ਕਲਾਜ਼ (2), ਕਲਾਜ਼ਾਂ 2 ਅਤੇ 3, ਕਲਾਜ਼ 1 ਦੀ ਸਬ-ਕਲਾਜ਼ (1) ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਸਥਾਨਕ ਸਰਕਾਰ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ "ਪੰਜਾਬ ਟਾਊਨ ਇੰਪਰੂਵਮੈਂਟ (ਸੋਧ) ਬਿਲ, 2025" ਪਾਸ ਕੀਤਾ ਜਾਵੇ", ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਹੋਈ ਬਹਿਸ ਵਿੱਚ ਨਿਮਨਲਿਖਤ ਮੈਂਬਰਾਂ ਨੇ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:-

| | | |
|---|---|---|
| 1. | ਸਰਦਾਰ ਪ੍ਰਤਾਪ ਸਿੰਘ ਬਾਜਵਾ, ਵਿਰੋਧੀ ਧਿਰ ਦੇ ਨੇਤਾ | 03 ਮਿੰਟ |
| 2. | ਸਰਦਾਰ ਬਰਿੰਦਰਮੀਤ ਸਿੰਘ ਪਾਹੜਾ, ਇੰਡੀਅਨ ਨੈਸ਼ਨਲ ਕਾਂਗਰਸ | 04 ਮਿੰਟ |
| 3. | ਰਾਣਾ ਗੁਰਜੀਤ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ | 04 ਮਿੰਟ |

**8. <u>ਸਦਨ ਦਾ ਸਮਾਂ ਵਧਾਉਣਾ</u>**

ਮਾਣਯੋਗ ਸਪੀਕਰ ਵੱਲੋਂ ਸਦਨ ਦੀ ਸਹਿਮਤੀ ਨਾਲ ਸਦਨ ਦੀ ਬੈਠਕ **ਦੀ** ਅੱਜ **ਦੀ** ਕਾਰਜਸੂਚੀ ਵਿੱਚ ਦਰਜ ਕੰਮ-ਕਾਰ ਦੇ ਖਤਮ ਹੋਣ ਤੱਕ ਵਧਾਇਆ ਗਿਆ।

ਉਪਰੰਤ ਸਦਨ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਗਿਆ।

ਚੰਡੀਗੜ੍ਹ  
29 ਸਤੰਬਰ, 2025

ਰਾਮ ਲੋਕ ਖਟਾਣਾ,  
ਸਕੱਤਰ

16th Punjab Vidhan Sabha
9th Session, 2025

Punjab Vidhan Sabha
Bulletin No.07
Monday, the 29th September, 2025
(From 11:00 AM to 03:56 PM)

1. **Paper to be laid on the Table**
   The Parliamentary Affairs Minister laid paper on the Table of the House as mentioned at Sr. No.1 shown under item No.1 in today's List of Business.

2. **Motion under Rule 16**
   The following motion moved by the Minister for Parliamentary Affairs was put to the vote of the House and carried.
   "That the Vidhan Sabha (Assembly) at its rising this day shall stand adjourned sine-die."

3. **Resumption of discussion and Voting on the official Resolution-Rehabilitation of Punjab**
   1. **Discussion on "Rehabilitation of Punjab"**
      Shri Barinder Kumar Goyal, Water Resources Minister moved the following official Resolution on 26/09/2025 in the House on which resumption of discussion and voting was held today on 29/09/2025 and the following resolution was put to the vote of the House and carried unanimously: -

      "WHEREAS, the State of Punjab has been ravaged by catastrophic floods, widely regarded as the worst and most destructive deluge since the 1988 floods which historically impacted over 34 lakh people;

      AND WHEREAS, the current disaster has surpassed previous major flood events in independent India, such as those in 1955 and 1978, in terms of sheer scale and devastation, causing loss to over 20 lakh people in many ways, destroying crops on nearly 5 lakh acres, numerous loss to livestock, and irreparable damage to both private and public infrastructure;

      AND WHEREAS, the Chief Minister of Punjab, after a comprehensive assessment, formally demanded a special and substantial financial relief package of at least Rs 20,000 Crore from the Union Government, led by the Bharatiya Janata Party (BJP), to meet this unprecedented crisis;

      AND WHEREAS, the State Government, with deep regret, must inform this House and the people of Punjab that even a part of the meagre announced package of Rs 1,600 Crore has not yet been transferred to the State Treasury;

      AND WHEREAS, the Prime Minister's Office has not responded to the elected Chief Minister of Punjab's repeated request for a meeting, and

by limiting interaction to selected individuals, has prevented Punjab from making a proper and comprehensive representation through its Chief Minister;

NOW, THEREFORE, BE IT RESOLVED that this House—the Punjab Vidhan Sabha:

1. Categorically Condemns the lack of response and the failure of the BJP-led Union Government to sanction a special financial package commensurate with the scale of the worst floods faced by Punjab in decades.

2. Records its strongest condemnation of the Prime Minister's Office for not responding to the elected Chief Minister of Punjab's repeated request for a meeting, thereby insulting the people of the state, and preventing the state from making a proper and comprehensive representation of the full scale of the disaster.

3. Expresses its profound dismay at the announcement of a token relief package of Rs 1,600 Crore, which is a cruel mockery of the State's genuine demand of over Rs 20,000 Crore for a full recovery.

4. Records its strong protest against the BJP led Union Government's apathy that has resulted in the non-disbursement of the announced token funds, thereby critically crippling the speed of the State Government's ongoing relief and rehabilitation operations.

5. Urgently calls upon the Union Government to acknowledge the gravity of this disaster, revisit the assessed damages, and sanction a comprehensive and substantially enhanced special financial package of not less than Rs 20,000 Crore to support the farmers, rebuild the ruined infrastructure, and restore the livelihoods of the people of Punjab, and demands the immediate and full transfer of the entire announced financial assistance of Rs 1,600 Crore to the State of Punjab.

BE IT FURTHER RESOLVED that a copy of this Resolution, after its adoption by the Punjab Vidhan Sabha, shall be officially transmitted to the Hon'ble Prime Minister, the Hon'ble Union Home Minister, and the Ministry of Finance, Government of India, for their immediate and decisive action."

The following Members and Ministers took part in the discussion after the resumption of discussion and voting and spoke for the time as mentioned against their names: -

1. Shri Aman Arora, New and Renewable Energy Resources Minister 27 Minutes
2. Sardar Gurdeep Singh Randhawa, Aam Aadmi Party 06 Minutes
3. Sardar Harpal Singh Cheema, Finance Minister 09 Minutes
4. Sardar Gurpreet Singh Banawali, Aam Aadmi Party 05 Minutes
5. Shri Barinder Kumar Goyal, Water Resources Minister 10 Minutes
6. Rana Gurjeet Singh, Indian National Congress 10 Minutes
7. Sardar Manpreet Singh Ayali, Shiromani Akali Dal 04 Minutes

8. Doctor Balbir Singh, Health and Family Welfare Minister 11 Minutes
9. Sardar Dalbir Singh Tong, Aam Aadmi Party 04 Minutes
10. Shri Sandeep Jakhar, Indian National Congress 03 Minutes
11. Shri Vikramjit Singh Chaudhary, Indian National Congress 05 Minutes
12. Sardar Manwinder Singh Giaspura, Aam Aadmi Party 05 Minutes
13. Sardar Hardeep Singh Mundian, Revenue, Rehabilitation and Natural Disaster Management Minister 08 Minutes
14. Shri Lal Chand, Food, Civil Supplies and Consumer Affairs Minister 08 Minutes
15. Sardar Gurmeet Singh Khudian, Agriculture and Farmers Welfare Minister 06 Minutes
16. Sardar Kuldeep Singh Kala Dhillon, Indian National Congress 03 Minutes
17. Rana Inder Partap Singh, Independent 04 Minutes

The Hon'ble Chief Minister, by way of reply to discussion on the resolution, spoke for 43 Minutes.

**4. Adjournment of the House for short period**

After a lengthy debate between Sardar Partap Singh Bajwa, Leader of the opposition and Sardar Harpal Singh Cheema, Finance Minister, the House was adjourned for 10 Minutes by the Hon'ble Speaker following the interruptions caused by discussion between Members of the Aam Aadmi Party and Members of the Indian National Congress.

**5. Welcome Announcement by the Hon'ble Speaker**

1. The Hon'ble Speaker informed the House about the presence of school students of Baba Farid Public School, Faridkot and Major Ajaib Singh Convent School, Jeonwala, Faridkot in the House and welcomed them on behalf of the entire House.
2. The Hon'ble Speaker informed the House about the presence of Aasha workers from Kotkapura in the House and welcomed them on behalf of the entire House.
3. The Hon'ble Speaker informed the House about the presence of Hon'ble Union Minister of State for Railways, Sardar Ravneet Singh in the Governor box and Shri Babu Singh Maan, Lyricist and Writer of folk songs in the House and welcomed them on behalf of the entire House.

**6. Observation by the Hon'ble Speaker**

The Hon'ble Speaker made the following observations: -

1. "I respectfully request all the honorable Members that this is very precious time, the people of Punjab have sent us here with great hopes and expectations. I humbly request that we must not repeat anything, if we keep on repeating the same thing, it doesn't serve any useful purpose. We can make a video and play it, what is the benefit of that. If you have been elected an MLA, then everything is fine, people have

entrusted you with such a great responsibility that obviously the video will be made on its own. If there is something different, something new, something for the welfare of Punjab, then we must certainly present it here."

2. ਰੋਸੁ ਨ ਕੀਜੈ ਉੱਤਰੁ ਦੀਜੈ।। "This is an August House. In this House, we have been elected and sent by the people of Punjab with great hopes and expectations, with the belief that whatever our representatives discuss here will shape our future and strengthen our destiny. Whenever we indulge in such debates here and the pandemonium carries beyond this House, it appears to me that we fall short of fulfilling the hopes and expectations of the people of Punjab. The people listen and watch us with great hope. Therefore, I respectfully request all Members of this House that whenever any Member is speaking, we must let him speak. You may give your response in due course. If we interrupt, nothing productive comes out of the interruption, but in this way, people's hearts are broken. The people of Punjab have already suffered many disappointments and we must not break hearts any more. We must now nurture their hearts and lead them forward. Punjab has already suffered many losses. The people of Punjab have sent us here with great hopes and expectations. When a Member speaks, let them speak without any interruption. Every Member is given the opportunity to respond, this will continue to be ensured in the future as well."
3. "It is very precious and an August House. We must sit seriously in the House. If we engage in casual talks, then it must be carried outside. Three crore people of Punjab are watching us and they are observing us with keen interest and high expectations. Therefore, a sense of seriousness must be evident here. Moreover, there are several rules governing conduct and deliberation in the House, we must adhere to those rules diligently. There are several such rules which many Members, including senior Members do violate. If these rules are formally noted, then strict action can be taken upon.

   Therefore, I believe that all the Hon'ble Members must uphold and maintain decorum of the House. The conduct regarding entry and exit within the House must be diligently observed and properly maintained at all times. If we maintain the decorum of the House, the people of Punjab will be pleased, knowing that we have been rightly elected and sent here. Therefore, we must uphold the dignity and values of the House, as well as the trust of the public."
4. "I would like to share an interaction from my side that when the GST Bill was presented in this House (while pointing towards the opposition benches) we were seated on this side and at that moment (while pointing towards the treasury benches) the then Finance Minister remarked while speaking that it is rare in the history of the House for such an important Bill to be introduced.

It is my observation that not only Punjab, but all the States too have faced consequences. The implementation of this Bill has adversely affected small businessmen. The nation and the poor have been adversely affected. A detailed and comprehensive discussion on this matter is therefore essential.

Along with this, I wish to address the Parliamentary Affairs Minister that our concerned officials should not be punished but they must be provided with appropriate guidance and direction. You should explore whether the Bill as per Rules/Act can be submitted 15 days in advance, if any officer brings the Bill earlier, they should be commended, promoted or rewarded with an increment. This is very important, as any matter or Bills that are passed in the Assembly without allowing Members sufficient opportunity for discussion may still serve the public interest but I feel that if the Members are provided with the Bill in advance and discussions are conducted with proper preparation, the chances of achieving beneficial results will increase further. Henceforth, a mechanism should be established so that the Bills that can be introduced at the earliest, the better it will be. It has to be submitted 15 days earlier as per provision."

5. "Today I express my satisfaction in this regard. I also convey my gratitude that whenever discussion takes place, particularly in Speaker Conferences, a consistent emphasis is placed on the principle that the Legislature has been the most powerful institution in the democracy. The judiciary functions as an independent authority in the democracy. The Executive is also independent, but the power it exercises is derived from the Legislature. At present, the volume of amendments has reached to such an extent that the importance of the Legislature is gradually diminishing. The situation arose as a consequence of the absence of discussion on the bills. This is not a matter confined to a single State, but the same trend is prevailing throughout India. So today I express my satisfaction on your participation in this discussion and believe that today we are ensuring due justice to this Chair. Today we are doing justice to the people who have sent us in this House."

**7. <u>Legislative Business</u>**

**1. <u>The Seeds (Punjab Amendment) Bill, 2025</u>**

The Agriculture and Farmers Welfare Minister introduced "The Seeds (Punjab Amendment) Bill, 2025 and also moved that the Bill be taken into consideration at once.

The Motion was put to the vote of the House and carried.

During clause-wise consideration of the Bill, Sub-Clause (2) of Clause 1, Clause 2, Sub-Clause (1) of Clause 1 and Title were put to the vote of the House and carried.

The motion moved by the Agriculture and Farmers Welfare Minister that "The Seeds (Punjab Amendment) Bill, 2025 be passed," was put to the vote of the House and carried.

The following Members took part in the discussion on the Bill and spoke for the time as mentioned against their names: -

1. Sardar Partap Singh Bajwa, Leader of the Opposition 01 Minute
2. Rana Gurjeet Singh, Indian National Congress 06 Minutes
3. Sardar Pargat Singh Powar, Indian National Congress 02 Minutes
4. Shri Sandeep Jakhar, Indian National Congress 01 Minute
5. Dr. Vijay Singla, Aam Aadmi Party 01 Minute
6. Shri Gurlal Ghanaur, Aam Aadmi Party 02 Minutes
7. Sardar Hardev Singh Laddi, Indian National Congress 02 Minutes
8. Sardar Manpreet Singh Ayali, Shiromani Akali Dal 02 Minutes

The Hon'ble Chief Minister, by way of reply to the discussion on the Bill, spoke for 06 Minutes.

**2. <u>The Punjab Right to Business (Amendment) Bill, 2025</u>**

The Tourism and Cultural Affairs Minister introduced "The Punjab Right to Business (Amendment) Bill, 2025" and also moved that the Bill be taken into consideration at once.

The Motion was put to the vote of the House and carried.

During Clause-wise consideration of the bill, Sub-Clause (2) of Clause 1, Clauses 2 to 13, Sub-Clause (1) of Clause 1 and Title were put to the vote of the House and carried.

The motion moved by the Tourism and Cultural Affairs Minister that "The Punjab Right to Business (Amendment) Bill, 2025 be passed", was put to the vote of the House and carried.

The following Members took part in the discussion on the Bill and spoke for the time as mentioned against their names: -

1. Sardar Pargat Singh Powar, Indian National Congress 02 Minutes
2. Shri Sukhwinder Singh Kotli, Indian National Congress 02 Minutes

**3. <u>The Punjab Goods and Services Tax (Amendment) Bill, 2025</u>**

The Finance Minister introduced "The Punjab Goods and Services Tax (Amendment) Bill, 2025" and also moved that the Bill be taken into consideration at once.

The Motion was put to the vote of the House and carried.

During clause-wise consideration of the Bill, Sub-Clause (2) of Clause 1, Clauses 2 to 15, Sub-Clause (1) of Clause 1 and Title were put to the vote of the House and carried.

The motion moved by the Finance Minister that "The Punjab Goods and Services Tax (Amendment) Bill, 2025 be passed", was put to the vote of the House and carried.

Sardar Partap Singh Bajwa, Leader of the Opposition took part in the discussion on the Bill and spoke for 03 Minutes.

The Finance Minister, by way of reply to the discussion, spoke for 05 minutes.

**4. The Punjab Apartment and Property Regulation (Amendment) Bill, 2025**

The Housing and Urban Development Minister introduced "The Punjab Apartment and Property Regulation (Amendment) Bill, 2025" and also moved that the Bill be taken into consideration at once.

The motion was put to the vote of the House and carried.

During Clause-wise consideration of the Bill, Sub-Clause (2) of Clause 1, Clause 2, Sub-Clause (1) of Clause 1 and Title were put to the vote of the House and carried.

The motion moved by the Housing and Urban Development Minister that "The Punjab Apartment and Property Regulation (Amendment) Bill, 2025 be passed", was put to the vote of the House and carried.

The following Members took part in the discussion on the bill and spoke for the time as mentioned against their names: -

1. Sardar Pargat Singh Powar, Indian National Congress 02 Minutes
2. Principal Budh Ram, Aam Aadmi Party 03 Minutes
3. Shri Vikramjit Singh Chaudhary, Indian National Congress 02 Minutes

The Housing and Urban Development Minister, by way of reply to the discussion on the Bill, spoke for 02 Minutes.

**5. The Punjab Co-operative Societies (Amendment) Bill, 2025**

The Finance Minister introduced "The Punjab Co-operative Societies (Amendment) Bill, 2025" and also moved that the bill be taken into consideration at once.

The motion was put to the vote of the House and carried.

During Clause-Wise consideration of the Bill, Sub-Clause (2) of Clause 1, Clauses 2 and 3, Sub-Clause (1) of Clause 1 and Title were put to the vote of the House and carried.

The motion moved by the Finance Minister that "The Punjab Co-operative Societies (Amendment) Bill, 2025 be passed" was put to the vote of the House and carried.

Sardar Pargat Singh Powar, Member of Indian National Congress took part in the discussion on the Bill and spoke for 1 minute.

**6. The Punjab Town Improvement (Amendment) Bill, 2025**

The Local Government Minister introduced "The Punjab Town Improvement (Amendment) bill, 2025" and also moved that Bill be taken into consideration at once.

The motion was put to the vote of the House and carried.

During Clause-Wise consideration of the Bill, Sub-Clause (2) of Clause 1, Clauses 2 and 3, Sub-Clause (1) of Clause 1 and title were put to the vote of the House and carried.

The motion moved by the Local Government Minister that "The Punjab Town Improvement (Amendment) Bill, 2025 be passed" was put to the vote of the House and carried.

The following Members took part in the discussion on the Bill and spoke for the time as mentioned against their names: -

1. Sardar Partap Singh Bajwa, Leader of the Opposition 03 Minutes
2. S. Barindermeet Singh Pahra, Indian National Congress 04 Minutes
3. Rana Gurjeet Singh, Indian National Congress 04 Minutes

**8. <u>Extension of time of the sitting of the House</u>**

With the consent of the House, the Hon'ble Speaker extended the time of sitting of the House till the completion of Business mentioned in today's List of Business.

The House then adjourned sine-die.

Chandigarh
the 29th September, 2025

Ram Lok Khatana
Secretary.

© 2025

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਕਰਵਾਈ ਗਈ।